# ਟੁੱਟੇ ਤਾਰਿਆਂ ਦੀ ਚਮਕਾਰ



ਅਮਰਦੀਪ ਸਿੰਘ

*TUTDAY TARIAN DI DASTAAN*
(Short Stories) ਸਾਇੰਸ ਫ਼ਿਕਸ਼ਨ

**By**

**Amandeep Singh (Naurah)**

© Amandeep Singh

ਪਹਿਲੀ ਵਾਰ : ਅਕਤੂਬਰ 1989

**ਪ੍ਰਕਾਸ਼ਕ :**

ਕੁਲਵੰਤ ਸਿੰਘ ਸੂਰੀ
ਲੋਕ ਸਾਹਿਤ ਪ੍ਰਕਾਸ਼ਨ
186 ਗ੍ਰੀਨ ਐਵਿਨਿਊ
ਅਮ੍ਰਿਤਸਰ—143001

**ਛਾਪਕ :**

ਬੀ.ਡੀ. ਪ੍ਰਿੰਟਰਜ਼
ਕੋਟ ਕਿਸ਼ਨ ਚੰਦ
ਜਲੰਧਰ ਸ਼ਹਿਰ ।

**ਮੁੱਲ : 60 ਰੁਪਏ**

## ਸਮਰਪਣ

ਪਰਿਵਾਰ ਨੂੰ ਅਤੇ ਉਹਨਾਂ ਨੂੰ ਜਿਹੜੇ ਅਨੰਤ ਬ੍ਰਹਿਮੰਡ ਵਿਚ
ਦੂਸਰੀਆਂ ਸਭਿਅਤਾਵਾਂ ਦੀ ਖੋਜ ਵਿਚ
ਨਿਰੰਤਰ ਯਤਨਸ਼ੀਲ ਹਨ ।

144508 (ਜਲੰਧਰ)

# ਤਤਕਰਾ


| | | |
|---|---|---|
| ☐ | ਸਾਂਝੀ ਧੜਕਣ : ਅਮਨਦੀਪ | 9 |
| ☐ | ਨੀਪ ਟਾਈਡ | 11 |
| ☐ | ਹਲਕਾ ਤੂਫ਼ਾਨ | 18 |
| ☐ | ਅੰਤਰਿਖ਼ਸ਼ ਦੇ ਮਤਵਾਲੇ | 22 |
| ☐ | ਮਸ਼ੀਨ ਤੇ ਮਨੁੱਖ | 38 |
| ☐ | ਸੂਰਜ ਮੰਡਲ ਤੋਂ ਵਿਸ਼ਾਲ | 44 |
| ☐ | ਹਨੇਰੇ ਦਾ ਸੌਦਾਗਰ | 52 |
| ☐ | ਖ਼ਾਨਾਬਦੋਸ਼ | 63 |
| ☐ | ਮਰਜੀਵੜੇ | 77 |
| ☐ | ਟੁੱਟਦੇ ਤਾਰਿਆਂ ਦੀ ਦਾਸਤਾਨ | 85 |

## ਸਾਂਝੀ ਧੜਕਣ : ਅਮਨ-ਦੀਪ

**ਕਿੰਨੀ** ਅਜੀਬ ਗੱਲ ਹੈ, ਕਦੀ ਅਚੇਤ ਹੀ ਜ਼ਿੰਦਗੀ ਵਿਚ ਐਸੇ ਪਾਤਰਾਂ ਦਾ ਆਵੇਸ਼ ਹੋ ਜਾਂਦਾ ਹੈ, ਜਿਹੜੇ ਸਮੁੱਚੇ ਬ੍ਰਹਿਮੰਡ ਦੀ ਸਾਂਝੀ ਇਕ ਮੂਕ-ਭਾਸ਼ਾ ਦੇ ਚਿੰਨ੍ਹ ਅਤੇ ਪ੍ਰਤੀਕ ਹੋ ਨਿਬੜਦੇ ਹਨ। ਇਹ ਕੋਈ ਅਤਿ ਕਥਨੀ ਨਹੀਂ—ਸਗੋਂ ਸੱਚ ਹੈ, ਸਾਕਾਰ ਸੱਚ।

ਬਤੌਰ ਐਡੀਟਰ ਜਾਗ੍ਰਤੀ ਮੇਰਾ ਵਾਹ ਅਨੇਕਾਂ ਲੇਖਕਾਂ ਨਾਲ ਪਿਆ ਹੈ। ਕਈਆਂ ਦੀਆਂ ਰਚਨਾਵਾਂ ਦਾ ਅਨੂਠਾ ਪ੍ਰਭਾਵ ਮੇਰੇ ਮਨ ਤੇ ਸਥਾਈ ਰੂਪ ਵਿਚ ਪਿਆ ਹੈ। ਦੋ ਤਿੰਨ ਸਾਲਾਂ ਤੋਂ ਅਮਨਦੀਪ ਨਾਂ ਦੇ ਇਕ ਕਹਾਣੀਕਾਰ ਦੇ ਪੱਤਰ ਤੇ ਉਸ ਦੀਆਂ ਰਚਨਾਵਾਂ ਮੈਨੂੰ ਮਿਲਦੀਆਂ ਰਹੀਆਂ। ਮੈਨੂੰ ਉਸ ਦੀਆਂ ਕਹਾਣੀਆਂ ਬਹੁਤ ਹੀ ਚੰਗੀਆਂ ਲੱਗੀਆਂ, ਜੋ ਮੈਂ ਸਮੇਂ-ਸਮੇਂ ਜਾਗ੍ਰਤੀ ਵਿਚ ਛਾਪੀਆਂ—ਕਿਉਂਕਿ ਇਹ ਕਹਾਣੀਆਂ ਬਾਕੀ ਸਭ ਕਹਾਣੀਆਂ ਨਾਲੋਂ ਵਖਰੀਆਂ ਸਨ। ਇਹਨਾਂ ਦਾ ਰੂਪ ਵਿਗਿਆਨ-ਗਲਪ ਸੀ, ਜੋ ਮੈਂ ਚਾਰ ਦਹਾਕੇ ਪਹਿਲਾਂ ਐਚ. ਜੀ. ਵੈਲਜ਼ ਦੀਆਂ ਕਹਾਣੀਆਂ ਵਿਚ ਵੇਖਿਆ ਸੀ ਅਤੇ ਜਿਸ ਰੂਪ ਨੂੰ ਮੈਂ ਹੁਣ ਤੱਕ ਕਿਸੇ ਵੀ ਪੰਜਾਬੀ ਕਹਾਣੀ ਵਿਚੋਂ ਨਹੀਂ ਸਾਂ ਲਭ ਸਕਿਆ। ਏਸੇ ਲਈ ਮੈਨੂੰ ਅਮਨਦੀਪ ਵਿਚ ਇਕ ਵਿਲੱਖਣਤਾ ਨਜ਼ਰ ਆਉਂਦੀ ਸੀ।

ਮੇਰਾ ਮਨ ਕੀਤਾ ਕਿ ਅਮਨਦੀਪ ਦੀਆਂ ਵਿਗਿਆਨ-ਗਲਪ (Science-Fiction) ਦੀਆਂ ਕਹਾਣੀਆਂ ਦਾ ਇਕ ਸੰਗ੍ਰਹਿ ਪ੍ਰਕਾਸ਼ਤ ਹੋ ਕੇ ਮਾਰਕੀਟ ਵਿਚ ਨਜ਼ਰ ਆਉਣਾ ਚਾਹੀਦਾ ਹੈ। ਬਹੁਤ ਸਾਰੇ ਪਾਠਕਾਂ ਵਲੋਂ ਮੈਨੂੰ ਉਸ ਲਈ ਪ੍ਰਸ਼ੰਸਾ ਪੱਤਰ ਮਿਲਦੇ ਰਹੇ ਸਨ। ਆਖਰ ਮੇਰੇ ਵਲੋਂ ਇਸ ਮਨੋਰਥ ਲਈ ਮਜਬੂਰ ਕਰਨ ਤੇ ਅਮਨ ਦੇ ਪਿਤਾ ਜੀ ਨੇ ਹੁਣੇ ਪਿਛਲੇ ਦਿਨੀਂ ਚੰਡੀਗੜ ਆ ਦਰਸ਼ਨ ਮੈਨੂੰ ਦਿੱਤੇ। ਉਹਨਾਂ ਦੇ ਨਾਲ ਸੀ 17-18 ਸਾਲਾਂ ਦਾ ਸਾਊ ਜਿਹਾ, ਸੰਗਾਊ ਜਿਹਾ ਇਕ ਮੁੰਡਾ। ਮੈਂ ਬਿਲਕੁਲ ਹੀ ਅੰਦਾਜ਼ਾ ਨਹੀਂ ਸਾਂ ਲਾ ਸਕਦਾ ਸਾਂ ਕਿ ਇਕੀਵੀਂ ਨਹੀਂ ਸਗੋਂ ਬਾਈਸਵੀਂ ਸਦੀ ਦੇ ਯੁੱਗ ਦੀਆਂ ਬਾਤਾਂ ਪਾਉਣ ਵਾਲਾ ਇਹ ਛੀਟਕਾ ਜਿਹਾ ਮਸ-ਫੁਟ ਨਵਯੁਵਕ ਅਮਨਦੀਪ ਸਿੰਘ ਹੋ ਸਕਦਾ ਹੈ। ਥੋੜ੍ਹਾ ਚਿਰ ਬੈਠਣ, ਚਾਹ-ਪਾਣੀ ਪੀਣ ਮਗਰੋਂ ਮੈਂ ਵੇਖਿਆ ਹੱਥਲੀ ਪੁਸਤਕ ਟੁੱਟਦੇ ਤਾਰਿਆਂ ਦੀ ਦਾਸਤਾਨ ਦਾ ਖਰੜਾ ਮੇਰੇ ਹੱਥਾਂ ਵਿਚ ਸੀ। ਇਸ ਅਦਭੁਤ ਨਵਯੁਵਕ ਕਹਾਣੀਕਾਰ ਨਾਲ ਇਹ ਸੀ ਮੇਰੀ ਪਹਿਲੀ ਮੁਲਾਕਾਤ।

ਅਮਨਦੀਪ ਨੇ "ਪਲੱਸ ਟੂ" ਕਰਨ ਮਗਰੋਂ ਕੰਪੀਊਟਰ ਸਾਇੰਸ ਵਿਚ ਬੀ. ਟੈੱਕ ਕਰਨ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਦੋ ਸਾਲ ਪਹਿਲਾਂ ਦਾਖਲਾ ਲਿਆ। ਭਾਵੇਂ ਕੰਪੀਊਟਰ ਸਾਇੰਸ ਦੀ ਪੜ੍ਹਾਈ ਨੇ ਉਸ ਦੀਆਂ ਬ੍ਰਹਿਮੰਡੀ ਖੋਜ ਦੀਆਂ ਸੋਚਾਂ ਤੇ ਗਿਆਨ ਵਿਚ ਬਹੁਤ ਵਾਧਾ ਕੀਤਾ ਹੈ, ਪਰ ਫਿਰ ਵੀ ਇਸ ਫਾਰਮਲ ਪੜ੍ਹਾਈ ਵਿਚ ਦਾਖਲੇ ਤੋਂ ਕਿੰਨਾ ਸਮਾਂ ਪਹਿਲਾਂ ਹੀ ਉਸ

ਦਾ ਮਨ ਅੰਤ੍ਰਿਕਸ਼ ਵਿਚ ਵਿਚਰਦੇ ਦੂਸਰੇ ਸਿਆਰਿਆਂ ਦੀ ਖੋਜ ਅਤੇ ਉਥੇ ਵਸਦੇ ਲੋਕਾਂ ਦੇ ਜੀਵਨ ਨੂੰ ਜਾਣਨ, ਅਨੁਭਵ ਕਰਨ ਲਈ ਉਡਾਰੀਆਂ ਮਾਰਦਾ ਹੁੰਦਾ ਸੀ, ਜਿਸ ਦਾ ਪ੍ਰਤੀਬਿੰਬ ਉਸ ਦੀਆਂ ਪਹਿਲੀਆਂ ਕਹਾਣੀਆਂ ਵਿਚੋਂ ਵੇਖਿਆ ਜਾ ਸਕਦਾ ਹੈ।

ਬੜੀ ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਅਮਨਦੀਪ ਇਕ ਬੌਧਕ ਸੂਝ ਵਾਲਾ ਕਵੀ ਵੀ ਹੈ। ਉਸ ਦੀਆਂ ਛੰਦ-ਮੁਕਤ ਕਵਿਤਾਵਾਂ ਵਿਚ ਮਨੁੱਖੀ ਸਾਂਝ ਅਤੇ ਵਿਸ਼ਵ ਸ਼ਾਂਤੀ ਦੀ ਸੰਵੇਦਨਾ ਹੈ। ਏਸ ਲਈ ਜਦੋਂ ਉਸ ਦੀ ਵਾਰਤਕ ਸ਼ੈਲੀ ਵੱਲ ਮੇਰੀ ਨਜ਼ਰ ਗਈ ਤਾਂ ਇਸ ਗੱਲ ਦੀ ਪੁਸ਼ਟੀ ਮੈਨੂੰ ਮਿਲ ਗਈ। ਉਸ ਦੀ ਕਹਾਣੀ 'ਖਾਨਾ ਬਦੋਸ਼' ਦੀਆਂ ਕੁਝ ਸਤਰਾਂ ਇਸ ਗੱਲ ਦਾ ਸਬੂਤ ਹਨ। ਜ਼ਰਾ ਵੇਖੋ :

'ਜਿਵੇਂ ਸਦੀਆਂ ਬੀਤ ਗਈਆਂ। ਜੁਗੜਿਆਂ ਦੇ ਰੱਥ ਨੇ ਇਕ ਲੰਮਾ ਚੱਕਰ ਕੱਢ ਕੇ ਪਲਟੀ ਖਾਧੀ। ਸਾਗਰਾਂ ਦੇ ਸੀਨਿਆਂ ਤੇ ਲਿਟਦੀਆਂ ਛੱਲਾਂ ਦੇ ਦਿਲ ਧੜਕੇ। ਬ੍ਰਹਿਮੰਡ ਦੇ ਅਤਿਅੰਤ ਵਿਸ਼ਾਲ, ਅਨੰਤ, ਅਥਾਹ-ਉਜਵਲ ਖੰਭਾਂ ਵਿਚ ਕੰਬਣੀ ਦੀ ਲੀਹ ਉਠੀ। ਸੁਪਨਿਆਂ ਦੇ ਦੇਸ਼ਾਂ ਦੇ ਰਾਹੀ, ਸਿਤਾਰੇ, ਜਦ ਹੌਲੀ-ਹੌਲੀ ਰਾਤ ਦੀ ਕਾਲੀ ਚੁਨਰੀ ਤੇ ਮੋਤੀਆਂ ਵਾਂਗ ਚਮਕਣ ਲੱਗੇ, ਤਾਂ ਮੈਂ ਆਪਣੇ ਪੱਥਰ ਬਣ ਚੁੱਕੇ ਸਰੀਰ ਨੂੰ ਉਠਾਉਣਾ ਚਾਹਿਆ। ਪਰ ਮੈਥੋਂ ਹਿੱਲਿਆ ਨਹੀਂ ਜਾ ਰਿਹਾ ਸੀ...'

ਅਮਨ ਵਰਤਮਾਨ ਨੂੰ ਅਤੀਤ ਸਮਝ ਹਜ਼ਾਰ ਸਾਲ ਬਾਅਦ ਦੇ ਸਮੇਂ ਨੂੰ ਆਪਣਾ ਵਰਤਮਾਨ ਬਣਿਆ ਜਾਣਨਾ ਚਾਹੁੰਦਾ ਹੈ—ਜਿਸ ਯੁੱਗ ਵਿਚ ਇਸ ਧਰਤੀ ਤੇ ਕੰਪੀਊਟਰੀ ਵਿਗਿਆਨ ਦਾ ਰਾਜ ਹੋਵੇਗਾ ਅਤੇ ਸਾਰੇ ਮਨੁੱਖਾਂ ਦੇ ਮਨ-ਦਿਮਾਗ ਕੰਪੀਊਟਰ ਦੇ ਕੰਟਰੋਲ ਹੇਠ ਹੀ ਹੋਣਗੇ ਉਹ ਇਸ ਧਰਤੀ ਤੋਂ ਕਰੋੜਾਂ ਮੀਲ ਦੂਰ ਬ੍ਰਹਿਮੰਡ ਵਿਚ ਵਿਚਰਦੇ ਦੂਸਰੇ ਗ੍ਰਹਿਆਂ ਵਿਚ ਵਸਦੇ ਮਨੁੱਖਾਂ ਅਤੇ ਉਥੋਂ ਦੀ ਵਿਚਰਦੀ ਦੁਨੀਆਂ ਤੇ ਜ਼ਿੰਦਗੀ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ।

ਸਭ ਤੋਂ ਵੱਡੀ ਗੱਲ—ਉਸ ਦੀਆਂ ਕਹਾਣੀਆਂ ਵਿਚ ਮਨੁੱਖੀ ਪਿਆਰ ਦੇ ਸਦੀਵੀ ਜਜ਼ਬੇ ਨੂੰ ਬਾਹਰਲੀ ਦੁਨੀਆਂ ਵਿਚ ਵੀ ਏਵੇਂ ਹੀ ਪ੍ਰਜਵਲਤ ਵਿਖਾਇਆ ਗਿਆ ਹੈ ਜਿਵੇਂ ਇਸ ਧਰਤੀ ਤੇ ਇਸ ਦੀ ਲੋੜ ਹੈ। ਪਿਆਰ ਦੀ ਹਰ ਥਾਂ ਜਿੱਤ ਹੁੰਦੀ ਹੈ। ਪਿਆਰ ਲਈ ਕੁਰਬਾਨੀ ਦਾ ਜਜ਼ਬਾ ਉਹਨਾਂ ਗ੍ਰਹਿਆਂ ਤੇ ਵਸਦੇ ਮਨੁੱਖਾਂ ਦੇ ਦਿਲਾਂ ਵਿਚ ਵੀ ਹੈ। ਇਹ ਗੱਲ ਸਾਰੇ ਬ੍ਰਹਿਮੰਡ ਦੀ ਸਾਂਝੀ ਧੜਕਣ ਹੈ, ਜਿਸ ਨੂੰ ਅਮਨਦੀਪ ਨੇ ਉਜਾਗਰ ਕੀਤਾ ਹੈ।

ਸੱਚ ਮੁੱਚ ਅਮਨਦੀਪ ਇਕ ਉਭਰਦਾ ਹੋਇਆ ਪਰ ਅਤਿ ਪਤਿਭਾਸ਼ਾਲੀ ਕਵੀ ਤੇ ਕਹਾਣੀਕਾਰ ਹੈ, ਜਿਸ ਦੀਆਂ ਕਿਰਤਾਂ ਦਾ ਅਵੱਸ਼ ਹੀ ਭਵਿੱਖ ਵਿਚ ਮੁੱਲ ਪਵੇਗਾ। ਪੰਜਾਬੀ ਸਾਹਿਤ ਵਿਚ ਇਹ ਪੁਸਤਕ ਇਕ ਵਿਲੱਖਣ ਵਾਧਾ ਹੈ। ਮੈਨੂੰ ਇਸ ਪੁਸਤਕ ਤੇ ਕਹਾਣੀਕਾਰ ਲਈ ਇਹ ਕੁਝ ਸਤਰਾਂ ਲਿਖਦਿਆਂ ਗੌਰਵ ਮਹਿਸੂਸ ਹੋ ਰਿਹਾ ਹੈ।

**ਬਲਜੀਤ ਸਿੰਘ ਬਲੀ**
ਐਡੀਟਰ, ਜਾਗ੍ਰਤੀ

3277/1, ਸੈਕਟਰ 44 ਡੀ
ਚੰਡੀਗੜ੍ਹ—160022
ਮਿਤੀ 15 ਸਤੰਬਰ, 1989

# ਨੀਪ ਟਾਈਡ

ਘਟਨਾ-ਕ੍ਰਮ

[25 ਜੁਲਾਈ, 2204]

**ਰਾਤ** ਹੌਲੀ-ਹੌਲੀ ਜ਼ਮੀਨ ਉਪਰ ਆਪਣਾ ਰੈਣ-ਬਸੇਰਾ ਉਤਾਰ ਰਹੀ ਹੈ। ਸਦੀਆਂ ਪੁਰਾਣਾ ਸੂਰਜ, ਜਿਸ ਨੇ ਹਰ ਯੁੱਗ ਵੇਖਿਆ, ਹੌਲੀ-ਹੌਲੀ ਪੱਛਮ ਦੇ ਅਸਮਾਨ ਵਿਚ ਹਲਕੀ ਸੰਗਤਰੀ ਅਤੇ ਗੁਲਾਬੀ ਰੌਸ਼ਨੀ ਬਿਖੇਰਦਿਆਂ, ਕਿਸੇ ਸੁੱਖ ਦੇ ਦੀਪ ਵੱਲ ਨੂੰ ਉਜਾਲਾ ਕਰਨ ਜਾ ਰਿਹਾ ਹੈ। ਸ਼ਾਮ ਦੇ ਇਸ ਸੁਹਾਵਣੇ ਵਾਤਾਵਰਣ ਵਿਚ ਇਸਪਾਤ ਦੀਆਂ ਬਿਲਡਿੰਗਾਂ ਬੜੀਆਂ ਲੁਭਾਵਣੀਆਂ ਪ੍ਰਤੀਤ ਹੋ ਰਹੀਆਂ ਹਨ। ਮੈਂ ਹੁਣੇ ਹੀ ਆਪਣੇ ਦਫ਼ਤਰ 'ਅੰਤਰਿਖਸ਼ ਅਨੁਸੰਧਾਨ ਕੇਂਦਰ' ਤੋਂ ਘਰ ਪਹੁੰਚਿਆ ਹਾਂ। ਰੁਝੇਵੇਂ ਬੜੇ ਵੱਧ ਗਏ ਨੇ। ਜ਼ਿੰਦਗੀ ਮਸ਼ੀਨਾਂ ਤੇ ਹੀ ਨਿਰਭਰ ਹੋ ਕੇ ਰਹਿ ਗਈ ਹੈ। ਹਰ ਪਾਸੇ ਭੀੜ ਹੀ ਭੀੜ ਵਿਖਾਈ ਦਿੰਦੀ ਹੈ। ਇਨਸਾਨ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ, ਹਰ ਵਕਤ ਨੱਠ-ਭੱਜ ਕਰਦਾ ਰਹਿੰਦਾ ਹੈ। ਕਿਸੇ ਨੂੰ ਵੀ ਕਿਸੇ ਬਾਰੇ ਸੋਚਣ ਦੀ ਵਿਹਲ ਨਹੀਂ।

ਆਕਾਸ਼ ਵਿਚ ਵੀ ਯਾਤਯਾਤ ਬਹੁਤ ਵੱਧ ਗਿਆ ਹੈ। ਛੋਟੇ-ਛੋਟੇ ਬੱਚੇ 'ਉੜਨ ਕਾਰਾਂ' ਤੇ "ਜਹਾਜ਼' ਉੜਾਈ ਫਿਰਦੇ ਨੇ। ਪਤਾ ਨਹੀਂ ਲੋਕ ਕਿਵੇਂ ਬੱਚਿਆਂ ਨੂੰ ਇਜਾਜ਼ਤ ਦੇ ਦਿੰਦੇ ਨੇ। ਦੁਰਘਟਨਾਵਾਂ ਵੀ ਬੜੀਆਂ ਵੱਧ ਗਈਆਂ ਨੇ। ਸਰਵ ਸ਼ਕਤੀਮਾਨ ਸੁੱਖ ਰੱਖੇ!

ਮੈਂ ਹਲਕਾ ਜਿਹਾ ਭੋਜਨ ਕਰਕੇ ਬਾਲਕਨੀ ਵਿਚ ਆ ਜਾਂਦਾ ਹਾਂ। ਅਰੁਣਾ ਥਕਾਵਟ ਦਾ ਕਾਰਣ ਪੁੱਛ ਰਹੀ ਸੀ ਤਾਂ ਮੈਂ ਹੱਸ ਕੇ ਟਾਲ ਗਿਆ। ਅਸਲੀ ਕਾਰਣ ਤਾਂ ਮੈਨੂੰ ਵੀ ਨਹੀਂ ਪਤਾ। ਮੇਰਾ ਮਸਤਕ ਕਿਸੇ ਅਣਜਾਣੇ ਡਰ ਕਰਕੇ ਬੋਝਲ ਹੈ?

ਪਰਛਾਵੇਂ ਪੂਰੀ ਤਰ੍ਹਾਂ ਢਲ ਚੁੱਕੇ ਹਨ। ਬਾਲਕਨੀ ਵਿਚ ਸਮੁੰਦਰ ਵਲੋਂ ਠੰਡੀ ਹਵਾ ਆ ਰਹੀ ਹੈ। ਆਹ! ਰੁਝੇਵਿਆਂ ਭਰੀ ਜ਼ਿੰਦਗੀ ਵਿਚ ਇਹ ਹਵਾ ਕਿੰਨੀ ਸੁਖਾਵੀਂ ਲਗਦੀ ਹੈ। ਮਨ ਹਲਕਾ-ਫੁਲਕਾ ਹੋ ਜਾਂਦਾ ਹੈ।

ਬਾਲਕਾਨੀ ਵਿਚ ਖੜਾ ਮੈਂ ਆਸਪਾਸ ਤੱਕ ਰਿਹਾ ਹਾਂ। ਰਾਤ ਨੂੰ ਬਹੁਤਾ ਟੀ. ਵੀ. ਵੇਖਣ ਦੀ ਮੇਰੀ ਆਦਤ ਨਹੀਂ। ਬੱਸ ਇੰਝ ਬਾਲਕਾਨੀ ਵਿਚ ਖੜੋ ਕੇ ਸੋਚਣਾ ਹੀ ਮੈਨੂੰ ਚੰਗਾ ਲਗਦਾ ਹੈ। ਸਾਰਾ ਸ਼ਹਿਰ ਰੌਸ਼ਨੀਆਂ ਵਿਚ ਨਹਾਇਆ ਪਿਆ ਹੈ। ਜਿਵੇਂ ਕਿਸੇ ਦੁਲਹਨ ਦੇ ਸਿਰ ਤੇ ਸਿਤਾਰਿਆਂ ਵਾਲਾ ਦੁਪੱਟਾ ਹੋਵੇ। ਹਰ ਪਾਸੇ ਲਟ ਲਟ ਕਰਦੀ ਰੌਸ਼ਨੀ ਹੀ ਰੌਸ਼ਨੀ ਹੈ। ਲੋਕ ਕਿੰਨੇ ਰੁੱਝੇ ਹੋਏ ਨੇ। ਸਾਰਾ ਕੰਮ ਕੰਪਿਊਟਰਜ਼ ਤੇ ਹੀ ਨਿਰਭਰ ਹੈ। ਲੋਕ ਆਪਣੇ ਦਿਮਾਗ ਦਾ ਪ੍ਰਯੋਗ ਨਹੀਂ ਕਰਨਾ ਚਾਹੁੰਦੇ। ਉਦਯੋਗਾਂ ਅਤੇ ਘਰਾਂ ਵਿਚ ਸਾਰਾ ਕੰਮ ਯੰਤਰ-ਮਾਨਵ, ਰੋਬਟ ਹੀ ਕਰਦੇ ਹਨ। ਫੇਰ ਵੀ

ਪਤਾ ਨਹੀਂ ਲੋਕ ਕਿਉਂ ਹੜਬੜਾਹਟ ਵਿਚ ਨੇ। ਹਾਂ, ਸੱਚ ਮੈਨੂੰ ਵੀ ਯਾਦ ਆਇਆ, ਆਪਣੇ ਘਰ ਕੰਮ ਕਰਨ ਵਾਲੇ ਰੋਬਟ ਯੋਗੇਸ਼ ਨੂੰ ਵੀ ਚੈੱਕ ਕਰਨਾ ਏ। ਕਈ ਦਿਨਾਂ ਤੋਂ ਠੀਕ ਕੰਮ ਨਹੀਂ ਕਰ ਰਿਹਾ। ਹੋ ਸਕਦਾ ਹੈ ਉਸ ਦੇ ਦਿਮਾਗ ਦਾ ਕੋਈ ਸਕਰਿਊ ਢਿੱਲਾ ਹੋ ਗਿਆ ਹੋਵੇ। ਅਰੁਣਾ ਕੱਲ੍ਹ ਸ਼ਿਕਾਇਤ ਕਰ ਰਹੀ ਸੀ ਕਿ ਕਾਫ਼ੀ ਸਾਰਾ ਕੰਮ ਉਸ ਨੂੰ ਹੀ ਕਰਨਾ ਪੈਂਦਾ ਹੈ। ਹੋ ਸਕੇ ਤਾਂ ਇਕ ਰੋਬਟ ਹੋਰ ਲੈ ਆਵਾਂਗਾ। ਯੋਗੇਸ਼ ਵੀ ਆਖ਼ਿਰ ਮਸ਼ੀਨ ਹੀ ਏ। ਕਿੰਨਾ ਕੁ ਕੰਮ ਕਰ ਲਵੇਗਾ?

ਉਹ ਵੀ ਦਿਨ ਸਨ, ਜਦੋਂ ਲੋਕ ਸਾਰੇ ਕੰਮ ਖ਼ੁਦ ਕਰਦੇ ਸਨ। ਯੰਤਰ-ਮਾਨਵਾਂ ਦਾ ਨਾਂ-ਨਿਸ਼ਾਨ ਵੀ ਨਹੀਂ ਸੀ ਹੁੰਦਾ।

'ਕੀ ਸੋਚ ਰਹੇ ਹੋ?' ਅਚਾਨਕ ਅਰੁਣਾ ਦੇ ਬੋਲਾਂ ਦੀ ਛਣਕਾਰ ਨਾਲ ਮੇਰੀ ਵਿਚਾਰ-ਤੰਦਰਾ ਟੁੱਟਦੀ ਹੈ।

'ਹੂੰ...।' ਮੇਰੇ ਮੂੰਹੋਂ ਬੱਸ ਇੰਨਾ ਹੀ ਨਿਕਲਦਾ ਹੈ।

ਸਮੁੰਦਰ ਵਲੋਂ ਆਉਂਦੀ ਹਵਾ ਦਾ ਝੋਂਕਾ ਅਰੁਣਾ ਦੇ ਵਾਲਾਂ ਨੂੰ ਲਹਿਰਾ ਜਾਂਦਾ ਹੈ। ਉਸ ਦੇ ਬੱਦਲਾਂ ਜਿਹੇ ਸਿਆਹ ਕਾਲੇ ਵਾਲ ਉਡ ਕੇ ਉਸ ਦੇ ਸੁੰਦਰ ਮੁੱਖੜੇ ਦੇ ਸੀਮਿਤ ਅਸਮਾਨ ਤੇ ਫੈਲ ਜਾਂਦੇ ਹਨ। ਅਰੁਣਾ ਕਿੰਨੀ ਖ਼ੂਬਸੂਰਤ ਲੱਗ ਰਹੀ ਹੈ! ਮੈਂ ਪਲ ਲਈ ਉਸ ਦੇ ਸੁੰਦਰ ਮੁੱਖੜੇ ਦੀ ਚਾਂਦਨੀ ਵਿਚ ਗੁੰਮ ਹੋ ਜਾਂਦਾ ਹਾਂ।

'ਤੁਹਾਡੇ ਅੰਤਰਿਖਸ਼ ਮਿਸ਼ਨ ਦਾ ਕੀ ਬਣਿਆ?' ਉਹ ਪੁੱਛਦੀ ਹੈ। ਸ਼ਾਇਦ ਮੈਨੂੰ ਆਪਣੇ ਸੌਰ-ਮੰਡਲ (Soler System) ਤੋਂ ਬਾਹਰ ਜਾਣਾ ਪਵੇ। ਕਰਾਊਨ ਗ੍ਰਹਿ ਦੇ ਬੌਣੇ ਜਿਹੇ ਲੋਕਾਂ ਤੇ ਭਾਰੀ ਮੁਸੀਬਤ ਟੁੱਟ ਪਈ ਏ।'

'ਕੀ ਹੋਇਆ?'

'ਉਥੇ ਕੰਪਿਊਟਰਜ਼ ਅਤੇ ਪ੍ਰੈਸੀਟਰੋਨ ਰੋਬਟਸ ਨੇ ਬਗ਼ਾਵਤ ਕਰਕੇ ਸੱਤਾ ਤੇ ਕਬਜ਼ਾ ਕਰ ਲਿਆ ਏ ਅਤੇ ਉਥੋਂ ਦੇ ਸ਼ਾਸਕ ਨੂੰ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ ਏ।' 'ਹਾਇਓ... ਰੱਬਾ...!' ਅਰੁਣਾ ਦੇ ਮੂੰਹੋਂ ਚੀਖ਼ ਨਿਕਲ ਜਾਂਦੀ ਹੈ। ਫੇਰ ਛੇਤੀ ਹੀ ਉਹ ਸੰਭਲ ਕੇ ਆਪਣੇ ਮਧੁਰ ਬੋਲਾਂ ਦੀ ਛਣਕਾਰ ਬਿਖੇਰਦੀ ਹੈ, 'ਮੈਨੂੰ—ਜਾਂਦੇ ਹੋਏ, ਚੰਦਰਮਾ ਤੇ ਮਾਂ ਕੋਲ ਛੱਡ ਜਾਇਓ। ਉਸ ਦੀ ਚਿੱਠੀ ਆਈ ਸੀ ਕਿ ਉਸ ਦਾ ਮੈਨੂੰ ਵੇਖਣ ਨੂੰ ਬਹੁਤ ਜੀਅ ਕਰਦਾ ਹੈ।'

'ਅਰੁਣਾ, ਸਾਡਾ ਯਾਨ ਤਾਂ ਸਿੱਧਾ ਜਾਵੇਗਾ। ਅਸੀਂ ਕਿਤੇ ਰੁਕਣਾ ਨਹੀਂ ਅਤੇ ਨਾ ਹੀ ਸਾਨੂੰ ਕਿਤੇ ਰੁਕਣ ਦੀ ਆਗਿਆ ਹੀ ਹੁੰਦੀ ਏ। ਖ਼ੈਰ ਮੈਂ ਜਸਵੰਤ ਨੂੰ ਕਹਿ ਕੇ ਤੇਰੀ ਯਾਤਰਾ ਦਾ ਪੂਰਾ ਪ੍ਰਬੰਧ ਕਰਵਾ ਦਿਆਂਗਾ। ਉਸਦੀ ਪਤਨੀ ਨੂੰ ਵੀ ਆਪਣੇ ਨਾਲ ਲੈ ਜਾਵੀਂ।'

'ਕੋਈ ਨਹੀਂ ਵਿੱਕੀ ਅੰਦਰ ਚਲੋ। ਵਰਖਾ ਸ਼ੁਰੂ ਹੋ ਗਈ ਹੈ।' 'ਹਾਂ, ਖੇਤੀ ਵਿਗਿਆਨਕਾਂ ਨੇ ਦਿਹਾਤੀ ਇਲਾਕੇ ਵਿਚ ਬਨਾਵਟੀ ਵਰਖਾ ਦੀ ਬੌਛਾਰ ਕਰਵਾਣੀ ਹੋਣੀ ਏ, ਕਿਉਂਕਿ ਐਤਕੀਂ ਬਰਸਾਤ ਸ਼ਾਇਦ ਦੇਰ ਨਾਲ ਆਉਣੀ ਏ। ਕੁਝ ਬੱਦਲ ਇੱਧਰ ਵੀ ਉੜ ਕੇ ਆ ਗਏ ਹੋਣਗੇ।'

ਅਰੁਣਾ ਨਾਲ ਮੈਂ ਅੰਦਰ ਆ ਜਾਂਦਾ ਹਾਂ। ਮੇਰੀ ਪਤਨੀ ਅਰੁਣਾ ਇਕ ਚੰਗੇ ਦਿਲ ਵਾਲੀ

ਔਰਤ ਏ। ਉਸ ਨੇ ਫ਼ਾਈਨ ਆਰਟ ਦਾ ਡਿਪਲੋਮਾ ਕੀਤਾ ਹੋਇਆ ਏ। ਬੜੀਆਂ ਸੁੰਦਰ ਪੇਂਟਿੰਗਜ਼ ਬਣਾਉਂਦੀ ਹੈ। ਮੈਂ ਇਸ ਨੂੰ ਕਿਤੇ ਨੌਕਰੀ 'ਤੇ ਲਗਵਾਉਣ ਦੇ ਆਹਰ ਵਿਚ ਹਾਂ।

ਅਰੁਣਾ ਖਿੜਕੀ ਤੋਂ ਪਰਦਾ ਹਟਾ ਦਿੰਦੀ ਹੈ। ਬਾਹਰ ਹਲਕੀ ਹਲਕੀ ਬਾਰਿਸ਼ ਹੋ ਰਹੀ ਏ। ਫੇਰ ਵੀ ਹੇਠਾਂ ਸੜਕ ਤੇ ਆਵਾਜਾਈ ਹੈ। ਲੋਕ ਬਿਨਾਂ ਕਿਸੇ ਰੁਕਾਵਟ ਦੇ ਕੰਮਾਂ-ਕਾਰਾਂ ਵਿਚ ਲੱਗੇ ਹੋਏ ਨੇ। ਸੱਚ ਮੁੱਚ ਇਨਸਾਨ ਮਸ਼ੀਨ ਨਾਲ ਮਸ਼ੀਨ ਹੋ ਕੇ ਰਹਿ ਗਿਆ ਹੈ।

'ਹੁਣ ਕੀ ਸੋਚਣ ਲੱਗ ਪਏ, ਕੀ ਤਬੀਅਤ ਖਰਾਬ ਏ?' ਅਰੁਣਾ ਪਿਆਰ ਨਾਲ ਪੁੱਛਦੀ ਹੈ।

'ਨਹੀਂ, ਕੁਝ ਨਹੀਂ।'

ਅਰੁਣਾ ਬਿਸਤਰੇ 'ਤੇ ਲੰਮੀ ਪੈ ਜਾਂਦੀ ਹੈ। ਮੈਂ ਅਜੇ ਵੀ ਖਿੜਕੀ ਕੋਲ ਹੀ ਖੜਾ ਹਾਂ।

ਇਸ ਵਾਰ ਘਰ ਦੀਆਂ, ਇਸਪਾਤ ਦੀਆਂ ਦੀਵਾਰਾਂ ਨੂੰ ਪੇਂਟ ਵੀ ਕਰਵਾਉਣਾ ਏ। ਯੋਗੇਸ਼ ਨੂੰ ਇਸ ਵਾਰੇ ਕਹਾਂਗਾ। ਬਰਸਾਤ ਵਿਚ ਕਿਤੇ ਜ਼ੰਗ ਹੀ ਨਾ ਲੱਗ ਜਾਵੇ। ਹੋਰ ਵੀ ਕਰਨ ਨੂੰ ਬਥੇਰੇ ਕੰਮ ਨੇ। 'ਅੰਤਰਿਖਸ਼ ਅਨੁਸੰਧਾਨ ਕੇਂਦਰ' ਤੋਂ ਹੀ ਵਿਹਲ ਨਹੀਂ ਮਿਲਦੀ।

ਆਕਾਸ਼ ਵਿਚ ਯਾਤਯਾਤ ਵਧਣ ਕਰਕੇ ਕੰਮ ਵੀ ਕਾਫ਼ੀ ਵਧ ਗਿਆ ਹੈ।

ਬਾਹਰ ਮੀਂਹ ਸ਼ਾਇਦ ਹਟ ਗਿਆ ਏ। ਰਾਤ ਦੇ ਦਸ ਵੱਜ ਚੁੱਕੇ ਨੇ, ਪਤਾ ਨਹੀਂ ਮੈਂ ਕਿਹੜੀਆਂ ਸੋਚਾਂ ਵਿਚ ਉਡਾਰੀਆਂ ਲਾਉਂਦਾ ਰਿਹਾ। ਪਰ ਮੇਰੀਆਂ ਅੱਖਾਂ ਤੋਂ ਨੀਂਦ ਕੋਹਾਂ ਦੂਰ ਏ। ਮੈਂ ਫਿਰ ਬਾਲਕਾਨੀ ਵਿਚ ਆ ਜਾਂਦਾ ਹੈ।

ਪਤਾ ਨਹੀਂ ਕਰਾਊਨ ਗ੍ਰਹਿ ਦੇ ਲੋਕਾਂ ਦੀ ਕਿਹੋ ਜਿਹੀ ਹਾਲਤ ਹੋਵੇਗੀ? ਉਥੇ ਤਾਂ ਕੰਪਿਊਟਰਜ਼ ਜਿਉਂਦੇ-ਜਾਗਦੇ ਲੋਕਾਂ ਨੂੰ ਮਸ਼ੀਨਾਂ ਵਿਚ ਪਰਵਰਤਿਤ ਕਰੀ ਜਾ ਰਹੇ ਨੇ। ਇਨਸਾਨ ਜੀਉਂਦੇ-ਜੀਅ ਮਰ ਰਿਹਾ ਏ। ਉਹ ਮਰ ਵੀ ਰਿਹਾ ਏ, ਪਰ ਮਸ਼ੀਨ ਦੀ ਪੀੜਾ ਭਰੀ ਜ਼ਿੰਦਗੀ ਵੀ ਜੀ ਰਿਹਾ ਏ। ਉਥੇ ਕਿਹੋ ਜਿਹਾ ਬੋਝਲ ਵਾਤਾਵਰਣ ਹੋਵੇਗਾ? ਹੇ ਪਰਵਰਦਿਗਾਰ! ਸਾਡੇ ਗੁਨਾਹ ਮਾਫ਼ ਕਰੀਂ। ਮੇਰਾ ਦਿਮਾਗ਼ ਕਾਫ਼ੀ ਭਾਰਾ ਹੋ ਰਿਹਾ ਹੈ। ਸ਼ਾਇਦ ਦਿਨ ਭਰ ਦੀ ਥਕਾਵਟ ਅਤੇ ਬੇਅਰਾਮੀ ਕਰਕੇ। ਫੇਰ ਵੀ ਮੇਰਾ ਜੀ ਕੁਝ ਸੋਚਣ ਨੂੰ ਕਰਦਾ ਹੈ।

'ਅੰਤਰਿਖਸ਼ ਅਨੁਸ਼ੰਧਾਨ ਕੇਂਦਰ ਤੋਂ ਤੁਹਾਡਾ ਫੋਨ ਏ।' ਇਹ ਕਹਿਕੇ ਅਰੁਣਾ ਰਿਸੀਵਰ ਮੇਰੇ ਹੱਥ ਵਿਚ ਫੜਾ ਦਿੰਦੀ ਹੈ।

'ਹੈਲੋ, ਮੇਜਰ ਵਿਸ਼ਵਾਸ, ਮੈਂ ਮਹਿੰਦਰ ਸਿੰਘ ਅੰਤਰਿਖਾਸ਼ ਅਨੁਸੰਧਾਨ ਕੇਂਦਰ ਦਾ ਚੀਫ਼ ਬੋਲ ਰਿਹਾ ਹਾਂ। ਤੈਨੂੰ ਅਤੇ ਮਿਸ ਵੀਣਾ ਨੂੰ ਹੁਣੇ ਹੀ ਕਰਾਊਨ ਗ੍ਰਹਿ ਵੱਲ ਨੂੰ ਚਾਲੇ ਪਾਣੇ ਪੈਣੇ ਨੇ। ਉਥੋਂ ਦੀ ਹਾਲਤ ਬੜੀ ਚਿੰਤਾਜਨਕ ਹੋ ਗਈ ਏ। ਉਥੋਂ ਦੇ ਭੂਤਪੂਰਵ ਸ਼ਾਸਕ ਮਿਸਟਰ ਹਿਊਗੋ ਨੇ ਮੇਰੇ ਨਾਲ ਮਾਨਸਿਕ ਸੰਪਰਕ ਕਾਇਮ ਕੀਤਾ ਸੀ ਅਤੇ ਤੁਰੰਤ ਮਦਦ ਵਾਸਤੇ ਤਰਲਾ ਕੀਤਾ ਸੀ। ਪੂਰੇ ਪ੍ਰਬੰਧ ਹੋ ਚੁਕੇ ਨੇ। ਤੂੰ ਮਿਸ ਵੀਣਾ ਨੂੰ ਲੈ ਕੇ ਛੇਤੀ ਤੋਂ ਛੇਤੀ ਪਹੁੰਚ। ਤੁਹਾਡੇ ਨਾਲ ਇਕ ਬਟਾਲੀਅਨ ਲੜਾਕੂ ਕੰਪਿਊਟਰਜ਼ ਤੇ ਰੋਬਟਸ ਵੀ ਭੇਜੇ ਜਾ ਰਹੇ ਹਨ। ਬੱਸ, ਜਲਦੀ ਪੁੱਜੋ।'

ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਧਰੋਂ ਸੰਬੰਧ ਟੁੱਟ ਜਾਂਦਾ ਹੈ।

ਮੈਂ ਸਾਰੀ ਗੱਲ ਅਰੁਣਾ ਨੂੰ ਦੱਸ ਦਿੰਦਾ ਹਾਂ । ਉਸ ਦੀਆਂ ਅੱਖਾਂ ਵਿਚ ਹਲਕੀ ਜਿਹੀ ਉਦਾਸੀ ਛਾ ਜਾਂਦੀ ਹੈ। ਪਰ ਛੇਤੀ ਹੀ ਉਹ ਭਾਵਨਾ ਰਹਿਤ ਹੋ ਜਾਂਦੀ ਹੈ।

ਮੈਂ ਪਲਕ ਝਪਕਦਿਆਂ ਹੀ ਆਪਣੀ ਉੜਨਕਾਰ ਕੋਲ ਪੁੱਜਦਾ ਹਾਂ। ਉਸ ਨੂੰ ਸਟਾਰਟ ਕਰਕੇ ਅਰੁਣਾ ਵੱਲ ਵੇਖਦਾ ਹਾਂ। ਉਹ ਸੱਚੀ ਤੇ ਸੁਨੇਹਮਈ ਮੁਸਕਰਾਹਟ ਨਾਲ ਮੈਨੂੰ ਵਿਦਾ ਕਰਦੀ ਹੈ।

'ਮੈਂ ਮਿਸਟਰ ਜਸਵੰਤ ਨੂੰ ਤੇਰੀ ਯਾਤਰਾ ਬਾਰੇ ਆਖ ਦੇਵਾਂਗਾ।'

ਦੋ ਮਿੰਟਾਂ ਬਾਅਦ—

ਮੈਂ ਵੀਣਾ ਦੇ ਫ਼ਲੈਟ ਤੇ ਪੁੱਜਦਾ ਹਾਂ।

'ਓਹ, ਵਿੱਕੀ ਤੁਸੀਂ !'

'ਹਾਂ ਵੀਣਾ, ਜਲਦੀ ਨਾਲ ਤਿਆਰ ਹੋ । ਅਸੀਂ ਤੁਰੰਤ ਕੇਂਦਰ ਪਹੁੰਚਣਾ ਏ। ਕਰਾਊਨ ਗ੍ਰਹਿ ਦੀ ਸਥਿਤੀ ਬਹੁਤ ਨਾਜ਼ੁਕ ਹੈ। ਸਾਨੂੰ ਫੇਰ ਉਥੇ ਲਈ ਚਾਲੇ ਪਾਣੇ ਪੈਣੇ ਨੇ।'

ਉਹ ਬਿਨਾਂ ਕੁਝ ਕਹੇ ਤਿਆਰ ਹੋਣ ਲੱਗ ਜਾਂਦੀ ਹੈ। ਮੈਂ ਮਿਸਟਰ ਜਸਵੰਤ ਸਿੰਘ ਨੂੰ, ਜੋ ਕਿ ਮੇਰਾ ਅਤਿਅੰਤ ਪਿਆਰਾ ਦੋਸਤ ਹੈ, ਅਰੁਣਾ ਦੀ ਚੰਦਰਮਾ ਯਾਤਰਾ ਬਾਰੇ ਫੋਨ ਕਰ ਦਿੰਦਾ ਹਾਂ।

ਵੀਣਾ ਤਿਆਰ ਹੋ ਚੁੱਕੀ ਹੈ। ਉਹ ਅੰਤਰਿਖਸ਼ ਅਨੁਸੰਧਾਨ ਕੇਂਦਰ ਵਿਚ ਮੇਰੀ ਸਹਾਇਕ ਹੈ। ਉਹ ਬੜੀ ਪਿਆਰੀ ਜਿਹੀ ਯੁਵਤੀ ਹੈ, ਆਪਣੇ ਫ਼ਰਜ਼ ਨੂੰ ਸੱਚੇ ਦਿਲੋਂ ਨਿਭਾਉਣ ਵਾਲੀ।

ਪੰਜ ਮਿੰਟਾ ਬਾਅਦ—

ਅਸੀਂ ਅੰਤਰਿਖਸ਼ ਅਨੁਸੰਧਾਨ ਕੇਂਦਰ ਪੁੱਜ ਜਾਂਦੇ ਹਾਂ । ਚੀਫ਼ ਸਾਡੀ ਹੀ ਉਡੀਕ ਕਰ ਰਿਹਾ ਸੀ।

ਅਸੀਂ ਅੰਤਰਿਖਸ਼ ਯਾਤਰਾ ਵਾਸਤੇ ਅਤੇ ਅਦਿਖ ਖ਼ਤਰਿਆਂ ਤੋਂ ਬਚਣ ਲਈ ਖ਼ਾਸ ਪੋਸ਼ਾਕਾਂ ਪਹਿਨ ਲੈਂਦੇ ਹਾਂ। ਥੋੜ੍ਹੀ ਦੇਰ ਬਾਅਦ ਅਸੀਂ ਪੂਰੀ ਤਰ੍ਹਾਂ ਤਿਆਰ ਹੋ ਜਾਂਦੇ ਹਾਂ। ਚੀਫ਼ ਸਾਨੂੰ ਪੂਰੇ ਹਾਲਤ ਵਿਸਥਾਰ ਪੂਰਵਕ ਦੱਸ ਦਿੰਦਾ ਹੈ।

ਹੁਣ ਅਸੀਂ ਵਿਸ਼ਾਲ ਅੰਤਰਿਖਸ਼ ਯਾਨ 'ਐਰੋ' (Arrow) ਵਿਚ ਹਾਂ। ਜਿਹੜਾ ਕਿ ਆਕਾਸ਼ੀ ਯਾਤਰਾ ਲਈ ਪੂਰੀ ਤਰ੍ਹਾਂ ਸੁਰਖਿਅਤ ਹੈ। ਸੰਚਾਲਕ ਕੰਪਿਊਟਰ ਅੰਤਰਿਖਸ਼ ਯਾਨ ਨੂੰ ਅੰਤਿਮ ਵਾਰ ਚੈੱਕ ਕਰਕੇ, ਥੋੜ੍ਹੀ ਦੇਰ ਵੀ ਨਾ ਕੀਤਿਆਂ—ਯਾਤਰਾ ਸ਼ੁਰੂ ਕਰ ਦਿੰਦਾ ਹੈ।

ਟੀ. ਵੀ. ਸਕਰੀਨ ਤੇ ਚੀਫ ਮਹਿੰਦਰ ਸਿੰਘ ਦੀ ਤਸਵੀਰ ਉਭਰਦੀ ਹੈ ਤੇ ਉਸ ਦੇ ਮੂੰਹੋਂ ਬੋਲ ਝੜਦੇ ਹਨ—

ਪ੍ਰਮਾਤਮਾ, ਤੁਹਾਨੂੰ ਕਾਮਯਾਬੀ ਬਖਸ਼ੇ।'

ਸਾਡੀ ਯਾਤਰਾ ਸ਼ੁਰੂ ਹੋ ਚੁੱਕੀ ਹੈ।

'ਕੰਪਿਊਟਰ ! ਅਸੀਂ ਕਦ ਤੱਕ ਕਰਾਊਨ ਗ੍ਰਹਿ ਪੁੱਜ ਜਾਵਾਂਗੇ ?' ਵੀਣਾ ਸੰਚਾਲਕ ਕੰਪਿਊਟਰ ਨੂੰ ਪੁੱਛਦੀ ਹੈ।'

'ਮਿੱਸ, ਅਸੀਂ ਪੂਰੇ ਪੰਦਰਾਂ ਘੰਟੇ, ਦਸ ਮਿੰਟ ਅਤੇ ਪੰਜ ਸਕਿੰਟਾਂ ਬਾਅਦ ਕਰਾਊਨ ਗ੍ਰਹਿ ਦੇ ਧਰਾਤਲ ਤੇ ਲੈਂਡ ਕਰ ਰਹੇ ਹੋਵਾਂਗੇ।'

ਸਾਡਾ ਯਾਨ ਪ੍ਰਕਾਸ਼ ਦੀ ਗਤੀ ਨਾਲ ਵਧ ਰਿਹਾ ਹੈ।

**26 ਜੁਲਾਈ, 2204**

ਸਾਨੂੰ ਆਪਣਾ ਸੌਰ-ਮੰਡਲ ਛੱਡਿਆਂ ਸੱਤ ਘੰਟੇ, ਚਾਰ ਮਿੰਟ ਅਤੇ ਚਾਲੀ ਸਕਿੰਟ ਹੋ ਚੁੱਕੇ ਹਨ। ਇਸ ਵਿਚਕਾਰ, ਮੈਂ ਸਾਰੇ ਯਾਨ ਨੂੰ ਆਪ ਚੈੱਕ ਕਰਕੇ ਸੰਤੁਸ਼ਟੀ ਕਰ ਲਈ ਸੀ। ਮੈਂ ਲੜਾਕੂ ਕੰਪਿਊਟਰਜ਼ ਬਟਾਲੀਅਨ ਨੂੰ ਵੀ ਪੂਰੇ ਵੇਰਵੇ ਸਮਝਾ ਦਿੱਤੇ ਹਨ। ਅਸੀਂ ਕਰਾਊਨ ਗ੍ਰਹਿ ਦੇ ਕੰਪਿਊਟਰਜ਼ ਨਾਲ ਹੋਣ ਵਾਲੇ ਯੁੱਧ ਦੀਆਂ ਪੂਰੀਆਂ ਤਿਆਰੀਆਂ ਕਰ ਰੱਖੀਆਂ ਹਨ। ਕਰਾਊਨ ਗ੍ਰਹਿ ਬੜਾ ਹੀ ਛੋਟਾ ਜਿਹਾ, ਪਰ ਇੱਕ ਖ਼ੂਬਸੂਰਤ ਗ੍ਰਹਿ ਹੈ। ਮੈਂ ਪਹਿਲਾਂ ਵੀ ਉੱਥੇ ਦੋ ਵਾਰ ਜਾ ਚੁੱਕਾ ਹਾਂ। ਪ੍ਰਿਥਵੀ ਨਾਲ ਇਸ ਗ੍ਰਹਿ ਦੇ ਬੜੇ ਚੰਗੇ ਸੰਬੰਧ ਨੇ।

ਸਾਡਾ ਯਾਨ ਆਪਣੀ ਮੰਜ਼ਿਲ ਵੱਲ ਨੂੰ ਨਿਰੰਤਰ ਵਧ ਰਿਹਾ ਹੈ। ਵੀਨਾ ਸੰਚਾਲਕ ਕੰਪਿਊਟਰ ਨੂੰ ਯਾਨ ਚਾਲੂ ਰੱਖਣ ਵਿੱਚ ਸਹਿਯੋਗ ਦੇ ਰਹੀ ਹੈ।

'ਵਿੱਕੀ, ਹੁਣ ਅਸੀਂ ਕਰਾਊਨ ਗ੍ਰਹਿ ਤੋਂ ਦਸ ਹਜ਼ਾਰ ਕਿਲੋਮੀਟਰ ਦੂਰ ਹਾਂ। ਕੀ ਮੈਂ ਯਾਨ ਨੂੰ ਸਥਿਰ ਕਰ ਦੇਵਾਂ? ਵੀਨਾ ਦੇ ਮੂੰਹੋਂ ਬੋਲਾਂ ਦੀ ਛਣਕਾਰ ਫੁੱਟਦੀ ਹੈ।

'ਹਾਂ ਕਰ ਦੇ।'

ਯਾਨ ਆਕਾਸ਼ ਵਿੱਚ ਸਥਿਰ ਹੋ ਗਿਆ ਹੈ। ਕਰਾਊਨ ਗ੍ਰਹਿ ਦਾ ਦ੍ਰਿਸ਼ ਸਕਰੀਨ ਤੇ ਉੱਭਰਦਾ ਹੈ। ਉੱਥੇ ਮਸ਼ੀਨਾਂ ਕਿਵੇਂ ਜਿਊਂਦੇ ਜਾਗਦੇ ਇਨਸਾਨਾਂ ਤੇ ਜ਼ੁਲਮ ਢਾਹ ਰਹੀਆਂ ਹਨ। ਵੇਖ ਕੇ ਅੱਖਾਂ ਵਿੱਚ ਅੱਥਰੂ ਆ ਜਾਂਦੇ ਹਨ।

ਅਚਾਨਕ ਟੀ.ਵੀ. ਸਕਰੀਨ ਦਾ ਦ੍ਰਿਸ਼ ਬਦਲਦਾ ਹੈ ਅਤੇ ਇੱਕ ਕੰਪਿਊਟਰ ਦਾ ਅਕਸ ਉੱਭਰਦਾ ਹੈ। ਉਸ ਦੇ ਮੂੰਹ ਵਿੱਚੋਂ ਆਵਾਜ਼ ਦੀਆਂ ਤਰੰਗਾਂ ਨਿਕਲਦੀਆਂ ਹਨ—

'ਪ੍ਰਿਥਵੀ ਵਾਸੀਓ! ਕਰਾਊਨ ਗ੍ਰਹਿ ਤੇ ਤੁਹਾਡਾ ਸਵਾਗਤ ਹੈ। ਮੈਂ ਇਥੋਂ ਦਾ ਪ੍ਰਧਾਨ ਸ਼ਾਸਕ ਕੰਪਿਊਟਰ ਜ਼ੀਰੋ ਬੋਲ ਰਿਹਾ ਹਾਂ। ਤੁਹਾਡੇ ਯੁੱਧ ਦੇ ਇਰਾਦੇ ਨੂੰ ਮੈਂ ਸਮਝਦਾ ਹਾਂ। ਪਹਿਲਾ ਦਸਤਾ ਭੇਜ ਰਿਹਾ ਹਾਂ।'

ਅੱਛਾ...ਗੁੱਡ ਲੱਕ।'

'ਜਲਦੀ ਨਾਲ ਤੋਪਾਂ ਦੀ ਪੋਜ਼ੀਸ਼ਨ ਸਹੀ ਕਰੋ।' ਮੈਂ ਲੜਾਕੂ ਕੰਪਿਊਟਰਜ਼ ਨੂੰ ਆਦੇਸ਼ ਦਿੰਦਾ ਹਾਂ।

ਟੀ. ਵੀ. ਸਕਰੀਨ ਤੇ ਲੜਾਕੂ ਕੰਪਿਊਟਰਜ਼ ਦਾ ਦਸਤਾ ਉੱਭਰਦਾ ਹੈ। ਉਹ ਚਾਰੇ ਪਾਸਿਓਂ ਹਮਲਾ ਕਰਨ ਕਈ ਤੇਜ਼ੀ ਨਾਲ ਚਲੇ ਆ ਰਹੇ ਹਨ।

'ਵਿੱਕੀ'! ਉਹਨਾਂ ਦੇ ਸੁਰੱਖਿਆ ਕਵਚ ਸਾਡੀਆਂ ਵਿਨਾਸ਼ਕਾਰੀ ਕਿਰਣਾਂ ਨਹੀਂ ਭੇਦ ਸਕਦੀਆਂ। ਵੀਨਾ ਪੂਰੀ ਸਥਿਤੀ ਨੂੰ ਗੌਰ ਕਰਦਿਆਂ ਆਖਦੀ ਹੈ।

'ਕੋਈ ਗੱਲ ਨਹੀਂ, ਉਹਨਾਂ ਨੂੰ ਸਾਡੇ ਯਾਨ ਤੇ ਹਮਲਾ ਕਰ ਲੈਣ ਦਿਓ। ਸਾਡਾ ਯਾਨ ਪੂਰੀ ਤਰ੍ਹਾਂ ਸੁਰੱਖਿਅਤ ਹੈ। ਹਮਲਾ ਕਰਨ ਵੇਲੇ ਉਹ ਆਪਣਾ ਸੁਰੱਖਿਆ ਕਵਚ ਹਟਾਉਣਗੇ। ਬੱਸ ਓਹੀ ਵੇਲਾ ਉਹਨਾਂ ਦੀ ਤਬਾਹੀ ਬਣ ਜਾਵੇਗਾ।'

ਠੀਕ ਮੇਰੇ ਕਹੇ ਅਨੁਸਾਰ ਵਾਪਰਦਾ ਹੈ । ਕਰਾਊਨ ਗ੍ਰਹਿ ਦਾ ਪਹਿਲਾ ਦਸਤਾ ਸਮਾਪਤ ਹੋ ਜਾਂਦਾ ਹੈ ।

ਪਰ ਅਚਾਨਕ—

ਟੀ. ਵੀ. ਸਕਰੀਨ ਤੇ ਇਹ ਕੀ ਉੱਭਰਦਾ ਹੈ ?!!

ਮੇਰੀਆਂ ਅੱਖਾਂ ਅੱਡੀਆਂ ਹੀ ਰਹਿ ਜਾਂਦੀਆਂ ਹਨ !

ਪੂਰੇ ਦਾ ਪੂਰਾ ਕਰਾਊਨ ਗ੍ਰਹਿ ਕਿਸੇ ਜਵਾਲਾਮੁਖੀ ਦੇ ਵਾਂਗ ਫਟਣਾ ਸ਼ੁਰੂ ਹੋ ਜਾਂਦਾ ਹੈ । ਜੀਵਿਤ ਮਨੁੱਖਾਂ ਦੀਆਂ ਚੀਖਾਂ ਨਾਲ ਵਾਯੂਮੰਡਲ ਥੱਰਾ ਜਾਂਦਾ ਹੈ । ਮੇਰੇ ਸਰੀਰ ਵਿੱਚ ਇੱਕ ਅਜਬ ਜਿਹੇ ਭੈ ਅਤੇ ਰੋਮਾਂਚ ਦੀ ਕੰਬਣੀ ਛਾ ਜਾਂਦੀ ਹੈ । ਹੇ ਸਰਵਸ਼ਕਤੀਮਾਨ ! 'ਇਹ ਕਿਹੜਾ ਕਹਿਰ ਵਾਪਰ ਰਿਹਾ ਹੈ ?...ਕੁੱਝ ਸਮਝ ਨਹੀਂ ਆ ਰਹੀ !' ਹੇ ਰੱਬਾ ! ਮਹਾਂ ਵਿਨਾਸ਼...ਮਹਾਂ ਵਿਨਾਸ਼ ਆਰੰਭ ਹੋ ਚੁੱਕਾ ਹੈ ।' ਵੀਣਾ ਦੇ ਮੂੰਹੋਂ ਦਰਦ ਭਰੇ ਬੋਲਾਂ ਦੀਆਂ ਤਰੰਗਾਂ ਨਿਕਲਦੀਆਂ ਹਨ । ਸ੍ਰੀਮਾਨ ! ਮੈਂ ਇਹ ਸਾਰੀ ਸਥਿੱਤੀ ਸਮਝਣ ਤੋਂ ਅਸਮਰੱਥ ਹਾਂ ।' ਸੰਚਾਲਕ ਕੰਪਿਊਟਰ ਹੈਰਾਨੀ ਦੇ ਸਾਗਰ ਵਿੱਚ ਗੋਤੇ ਲਗਾਉਂਦਾ ਹੋਇਆ ਆਖਦਾ ਹੈ ।

'ਸ਼ਾਇਦ, ਕਿਸੇ ਕੰਪਿਊਟਰ ਹੱਥੋਂ ਗ਼ਲਤੀ ਨਾਲ ਵਿਨਾਸ਼ਕਾਰੀ ਸਵਿੱਚ ਦਬਾ ਹੋ ਗਿਆ ਹੋਵੇ । ਹੋ ਸਕਦਾ ਹੈ, ਆਪਣੀ ਹਾਰ ਕਰਕੇ ਹੀ ਉੱਥੋਂ ਦੇ ਸ਼ਾਸਕ ਕੰਪਿਓਟਰ ਨੇ ਅਜਿਹਾ ਕਰ ਦਿੱਤਾ ਹੋਵੇ । ਨਹੀਂ...ਪਰ ਅਜੇ ਉਹ ਹਾਰਿਆ ਤਾਂ ਨਹੀਂ ਸੀ । ਜਾਂ ਉਥੋਂ ਦੇ ਭੂਤਪੂਰਵ ਸ਼ਾਸਕ ਨੇ ਹੀ ਆਵੇਸ਼ ਵਿਚ ਆ ਕੇ ਇਹ ਤਬਾਹੀ ਮਚਾ ਦਿੱਤੀ ਹੋਵੇ। ਕੁੱਝ ਵੀ ਹੋਵੇ, ਸਭ ਕੁੱਝ ਤਬਾਹ ਹੋ ਗਿਆ ਹੈ । ਅਸੀਂ ਅਸਫਲ ਹੋ ਗਏ । ਕੋਈ ਸੂੱਤ ਵੀ ਨਹੀਂ ਬਚਿਆ, ਜਿਸ ਪਾਸੋਂ ਤਬਾਹੀ ਦਾ ਕਾਰਣ ਜਾਣ ਸਕੀਏ । ਹੇ ਪ੍ਰਮਾਤਮਾ ਸਾਨੂੰ ਮਾਫ਼ ਕਰੀਂ ।' ਮੈਂ ਆਪਣੇ ਅੰਦਾਜ਼ੇ ਜ਼ਾਹਿਰ ਕਰਦਾ ਹਾਂ ।

'ਹਾਂ, ਅਸੀਂ ਸੁੰਦਰ ਧਰਤੀ ਦੇ ਸੁੰਦਰ ਜੀਵਾਂ ਨੂੰ ਨਹੀਂ ਬਚਾ ਸਕੇ । ਸਾਨੂੰ ਉਮਰ ਭਰ ਇਸਦਾ ਰੰਜ ਰਹੇਗਾ ।' ਵੀਣਾ ਨੇ ਆਹ ਭਰੀ ।

'ਵਾਪਸੀ ਯਾਤਰਾ ਆਰੰਭ ਕਰ ਦੇਵੋ ਸੰਚਾਲਕ ਕੰਪਿਊਟਰ ।' ਮੈਂ ਆਦੇਸ਼ ਦਿੰਦਾ ਹਾਂ ਹੁਣ ਇੱਥੇ ਕੁੱਝ ਵੀ ਨਹੀਂ ਬਚਿਆ । ਸਭ ਕੁੱਝ ਮੁੱਕ ਗਿਆ ।'

**27 ਜੁਲਾਈ, 2204**

ਅਸੀਂ ਪੰਜ ਮਿੰਟ ਪਹਿਲਾਂ ਹੀ ਪ੍ਰਿਥੱਵੀ ਤੇ ਸੁਖੀ ਸਾਂਦੀ ਪਰਤੇ ਹਾਂ । ਜਦ ਅਸੀਂ ਪ੍ਰਿਥਵੀ ਵੱਲ ਨੂੰ ਪਰਤ ਰਹੇ ਸੀ ਤਾਂ ਰਸਤੇ ਵਿੱਚ ਸਾਨੂੰ ਕਰਾਊਨ ਗ੍ਰਹਿ ਦਾ ਬਚਿਆ ਖੁਚਿਆ, ਬੜੀ ਮਾੜੀ ਹਾਲਤ ਵਿੱਚ ਇੱਕ ਕੰਪਿਊਟਰ ਮਿਲਿਆ । ਉਸ ਨੇ ਬਗਾਵਤ ਨਹੀਂ ਕੀਤੀ ਸੀ । ਉਹ ਉਥੋਂ ਦੇ ਸ਼ਾਸਕ ਮਿਸਟਰ ਹਿਊਗੋ ਦਾ ਰਖਿਅੱਕ ਕੰਪਿਊਟਰ ਸੀ । ਉਸ ਤੋਂ ਮਿਲੀ ਜਾਣਕਾਰੀ ਅਨੁਸਾਰ, ਇੱਕ ਬਾਗ਼ੀ ਕੰਪਿਊਟਰ ਹੱਥੋਂ, ਜਿਸ ਦੇ ਸਰਕਟ ਵਿੱਚ ਗੜਬੜ ਹੋ ਗਈ ਸੀ, ਕੰਟਰੋਲ ਰੂਮ ਨੂੰ ਚੈਕ ਕਰਦਿਆਂ ਗ਼ਲਤੀ ਨਾਲ ਵਿਨਾਸ਼ਕਾਰੀ ਸਵਿੱਚ ਦਬਾ ਹੋ ਗਿਆ ਸੀ । ਬੱਸ ਫੇਰ ਸਭ ਕੁੱਝ ਐਨੀ ਤੇਜ਼ੀ ਨਾਲ ਵਾਪਰਿਆ ਕਿ ਕੁਝ ਵੀ ਨਾ ਕੀਤਾ ਜਾ ਸਕਿਆ ।

ਮਸ਼ੀਨ ਆਖ਼ਿਰ ਮਸ਼ੀਨ ਹੀ ਹੈ ਉਹ ਆਦਮੀ ਦਾ ਮੁਕਾਬਲਾ ਹਰਗਿਜ਼ ਨਹੀਂ ਕਰ ਸਕਦੀ।

ਮੈਂ ਚੀਫ਼ ਨੂੰ ਸਾਰੀ ਰਿਪੋਰਟ ਦੇ ਦਿੱਤੀ ਹੈ। ਰਿਕਾਰਡ ਕੀਤਾ ਤਬਾਹੀ ਦਾ ਦ੍ਰਿਸ਼ ਵੀ ਵਿਖਾ ਦਿੱਤਾ ਹੈ। ਦੇਖ ਕੇ ਉਸ ਦਾ ਦਿਲ ਬੜਾ ਹੀ ਕੱਚਾ ਹੋਇਆ। ਉਸ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਛੇਤੀ ਹੀ ਉੱਚ ਕੋਟੀ ਦੇ ਵਿਗਿਆਨਕਾਂ ਦੀ ਮੀਟਿੰਗ ਬੁਲਾਈ ਜਾਵੇਗੀ। ਜਿਸ ਵਿਚ ਕੰਪਿ-ਊਟਰਜ਼ ਦੇ ਬਾਗੀਪਣ ਨੂੰ ਰੋਕਣ ਲਈ ਕੋਈ ਠੋਸ ਕਦਮ ਚੁੱਕਿਆ ਜਾਵੇਗਾ।

ਕੀ ਪਤਾ, ਪ੍ਰਿਥਵੀ ਤੇ ਵੀ ਕੱਲ੍ਹ ਨੂੰ ਅਜਿਹੇ ਹਾਲਤ ਪੈਦਾ ਹੋ ਸਕਦੇ ਹਨ?

ਪਰਛਾਵੇਂ ਢਲ ਰਹੇ ਹਨ। ਸੂਰਜ ਫੇਰ ਪੱਛਮ ਦੇ ਅਸਮਾਨ ਵਿੱਚ ਸੰਗਤਰੀ ਅਤੇ ਗੁਲਾਬੀ ਭਾਅ ਬਿਖੇਰ ਰਿਹਾ ਹੈ।

ਕਰਾਊਨ ਗ੍ਰਹਿ ਹੁਣ ਇਹੋ ਜਿਹੀ ਸਥਿੱਤੀ ਵਿੱਚ ਹੋਣਾ ਏ, ਇਹੋ ਜਿਹੀ ਸਥਿਤੀ ਵਿੱਚ ਆਪਣੇ ਸੂਰਜ ਤੋਂ ਅਲੱਗ ਹੋਣ ਵੇਲੇ ਸੀ। ਲੱਖਾਂ ਕਰੋੜਾਂ ਸਾਲ ਬਾਅਦ ਉੱਥੇ ਜੀਵਿਤ ਪ੍ਰਾਣੀ ਹੋਂਦ ਵਿੱਚ ਆਉਣਗੇ।

ਮੈਂ ਘਰ ਪਰਤ ਆਉਂਦਾ ਹਾਂ। ਮੇਰੇ ਮਸਤਕ ਵਿੱਚ ਅਜੇ ਵੀ ਤਬਾਹੀ ਦਾ ਅਕਸ ਜਿਓਂ ਦਾ ਤਿਓਂ ਹੈ। ਥਕਾਵਟ ਕਾਰਣ ਮੈਨੂੰ ਆਪਣਾ ਸਰੀਰ ਭਾਰਾ ਲੱਗ ਰਿਹਾ ਹੈ। ਅਰੁਣਾ ਨੂੰ ਵੇਖ ਕੇ ਮੇਰੀ ਥਕਾਵਟ ਥੋੜ੍ਹੀ ਜਿਹੀ ਦੂਰ ਹੋ ਜਾਂਦੀ ਹੈ। ਮੈਂ ਬੁੱਲ੍ਹਾਂ ਤੇ ਹਲਕੀ ਜਿਹੀ ਮੁਸਕਾਨ ਲਿਆਂਉਣ ਦੀ ਕੋਸ਼ਿਸ਼ ਕਰਦਾ ਹਾਂ ਪਰ ਕਾਮਯਾਬ ਨਹੀਂ ਹੁੰਦਾ।

'ਅਰੁਣਾ, ਤੂੰ ਮਾਂ ਕੋਲ ਨਹੀਂ ਗਈ?'

'ਨਹੀਂ ਫੇਰ ਮੇਰਾ ਜਾਣ ਨੂੰ ਜੀਅ ਨਹੀਂ ਕੀਤਾ। ਮੈਨੂੰ ਸਭ ਕੁਝ ਪਤਾ ਲੱਗ ਚੁੱਕਿਆ ਹੈ। ਸਚਮੁੱਚ ਬਹੁਤ ਬੁਰਾ ਹੋਇਆ।' ਉਹ ਸੱਚੇ ਦੁੱਖ ਭਰੇ ਅੰਦਾਜ਼ ਵਿਚ ਆਖਦੀ ਹੈ।

ਪਰ ਮੈਨੂੰ ਲਗਦਾ ਹੈ ਕਿ ਮੈਨੂੰ ਕੁੱਝ ਵੀ ਸੁਣਾਈ ਨਹੀਂ ਦੇ ਰਿਹਾ। ਮੇਰੇ ਦਿਲੋ ਦਿਮਾਗ ਵਿੱਚ ਹਥੌੜੇ ਜਿਹੇ ਵੱਜ ਰਹੇ ਹਨ। ਮੇਰੀਆਂ ਪਲਕਾਂ ਭਾਰੀਆਂ ਹੋ ਕੇ ਬੰਦ ਹੋ ਰਹੀਆਂ ਹਨ। ਆਹ...ਮੈਂ ਹੇਠਾਂ ਡਿਗ ਰਿਹਾ ਹਾਂ। ਪਰ ਅਰੁਣਾ ਮੈਨੂੰ ਆਪਣੀਆਂ ਕੋਮਲ ਬਾਹਾਂ ਵਿੱਚ ਸਾਂਭ ਲੈਂਦੀ ਹੈ।

'ਕੀ ਹੋਇਆ...ਵਿੱਕੀ?'

'ਅਰੁਣਾ...ਅਰੁਣਾ...ਮੇਰਾ ਸਿਰ ਭਾਰਾ ਹੋ ਰਿਹਾ ਹੈ। ਸਰੀਰ ਥੱਕ ਕੇ ਚੂਰ ਹੋ ਚੁੱਕਿਆ ਹੈ। ਆਹ...ਮੈਨੂੰ ਕੁੱਝ ਵੀ ਦਿਖਾਈ ਨਹੀਂ ਦੇ ਰਿਹਾ। ਮੇਰੇ ਚਾਰੇ ਪਾਸੇ ਹਨੇਰਾ ਫੈਲ ਰਿਹਾ ਹੈ।'

ਇਹ ਕਹਿ ਕੇ ਮੈਂ ਆਪਣਾ ਸਿਰ ਅਰੁਣਾ ਦੀ ਗੋਦ ਵਿਚ ਰੱਖ ਦਿੰਦਾ ਹਾਂ।

# ਹਲਕਾ ਤੂਫਾਨ

**ਕਰੁਣਾ** ਉਸ ਦਿਨ ਜਦ ਆਪਣੀ ਮਾਂ ਦੇ ਨਾਲ 'ਨਿਊ ਵੇਵ ਰੋਬੋ ਸੈਂਟਰ' ਤੋਂ ਘਰ ਦੇ ਕੰਮ ਕਰਨ ਲਈ ਇਕ ਰੋਬਟ ਖਰੀਦਣ ਗਈ ਤਾਂ ਉਸ ਦਾ ਮਨ ਖੁਸ਼ੀ ਵਿਚ ਫੁਲਿਆ ਨਹੀਂ ਸਮਾ ਰਿਹਾ ਸੀ। ਕਰੁਣਾ ਦਸ-ਗਿਆਰਾਂ ਸਾਲ ਦੀ ਗੁੱਡੀ-ਵਰਗੀ, ਬੜੀ ਪਿਆਰੀ, ਇੱਕ ਛੋਟੀ ਜਿਹੀ ਬੱਚੀ ਸੀ। ਉਸ ਨੇ ਅੱਜ ਤਕ ਕਦੇ ਰੋਬਟ ਨਹੀਂ ਵੇਖੇ ਸਨ। ਸਿਰਫ ਸੁਣਿਆ ਹੀ ਸੀ—ਉਹਨਾਂ ਦੇ ਬਾਰੇ ਵਿਚ। ਸਕੂਲ ਵਿਚ ਉਸ ਦਿਨ ਜਦ ਮਿੱਸ ਵਿਗਿਆਨ ਦਾ 'ਬਾਹ੍ਰਵਾਂ ਅਧਿਆਇ' ਪੜ੍ਹਾ ਰਹੀ ਸੀ ਤਾਂ ਉਸ ਵਿਚ ਰੋਬਟ ਦਾ ਜ਼ਿਕਰ ਆਇਆ ਸੀ ਅਤੇ ਇਸੇ 'ਗੱਲ ਤੇ' 'ਮਿਸ' ਨੇ ਰੋਬਟਾਂ ਤੇ ਇੱਕ ਲੰਬਾ ਚੌੜਾ ਭਾਸ਼ਣ ਦੇ ਦਿੱਤਾ ਸੀ। ਪਰ ਉਹ 'ਮਿਸ' ਦੇ ਭਾਸ਼ਣ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੋਰ ਹੋ ਗਈ ਸੀ। 'ਮਿਸ' ਦਾ ਭਾਸ਼ਣ ਦੇਣਾ ਉਸਨੂੰ ਹਮੇਸ਼ਾ ਬੋਰ ਲਗਦਾ ਸੀ। ਵਿਗਿਆਨ-ਅਧਿਆਪਕਾ, ਮਿੱਸ ਨੀਲਾ ਜਦ ਆਪਣੀ ਜਪਾਨੀ ਐਨਕਾਂ ਦੇ ਵਿਚੋਂ ਸਾਰੇ ਬੱਚਿਆਂ ਵੱਲ ਝਾਕ ਕੇ ਭਾਸ਼ਣ ਦੇਣਾ ਸ਼ੁਰੂ ਕਰਦੀ ਸੀ ਤਾਂ ਉਸਨੂੰ ਉਬਾਸੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਸਨ। ਕਰੁਣਾ ਦਾ ਹੀ ਨਹੀਂ, ਸਾਰੇ ਬੱਚਿਆਂ ਦਾ ਵੀ ਇਹੀ ਹਾਲ ਸੀ। ਖ਼ੈਰ ਉਸ ਦਿਨ ਤਾਂ ਉਸਨੇ 'ਮਿਸ' ਦਾ ਭਾਸ਼ਣ ਧਿਆਨ ਨਾਲ ਨਹੀਂ ਸੁਣਿਆ ਸੀ। ਪਰ ਜਦ ਰੇਣੁਕਾ, ਜੋ ਉਸਦੀ ਜਮਾਤਣ ਸੀ, ਨੇ ਆਪਣੇ ਘਰ ਆਏ ਨਵੇਂ ਰੋਬਟ ਬਾਰੇ ਮਿਰਚ ਮਸਾਲਾ ਲਾ ਕੇ ਦਸਿਆ ਤਾਂ ਉਸ ਦੇ ਮੂੰਹ 'ਚ ਪਾਣੀ ਭਰ ਆਇਆ ਸੀ।

'ਹੱਛਾ !......ਤਾਂ ਫੇਰ ਤੁਹਾਡਾ ਰੋਬਟ ਕੀ ਕੀ ਕਰਦਾ ਏ ?' ਉਸਨੇ ਰੇਣੁਕਾ ਦੀ ਖੁਸ਼ਾਮਦ ਕਰਦਿਆਂ ਪੁਛਿਆ।

'ਸਾਡਾ ਰੋਬਟ ਘਰ ਦੇ ਸਾਰੇ ਕੰਮ ਕਰਦਾ ਹੈ ਅਤੇ ਸਵੇਰੇ ਮੈਨੂੰ ਬਿਸਕਿਟੱਸ ਨਾਲ ਦੁੱਧ ਅਤੇ ਦੁਪਹਿਰ ਨੂੰ ਟਾਫੀਆਂ ਅਤੇ ਚਾਕਲੇਟ ਦਿੰਦਾ ਹੈ। ਸ਼ਾਮ ਨੂੰ ਆਈਸ ਕਰੀਮ......ਸੱਚ ਮੈਂ ਤੇ ਉਹ ਬਹੁਤ ਚੰਗੇ ਦੋਸਤ ਬਣ ਗਏ ਹਾਂ।'

ਉਹ ਰੇਣੁਕਾ ਦੀ ਗੱਲ ਸੁਣਕੇ ਸੁਪਨਿਆਂ ਵਿੱਚ ਗੁੰਮ ਹੋ ਗਈ ਸੀ। ਕਾਸ਼ ! ਸਾਡੇ ਘਰ ਵੀ ਇਕ ਪਿਆਰਾ ਜਿਹਾ ਰੋਬਟ ਹੁੰਦਾ। ਉਹ ਸੋਚਦੀ—ਮੈਨੂੰ ਵੀ ਚਾਕਲੇਟ ਤੇ ਬਿਸਕਿੱਟਸ ਦਿੰਦਾ...।

...ਤੇ ਫੇਰ ਉਸ ਦਿਨ ਜਦ ਕਰੁਣਾ ਦੇ ਪਿਤਾ ਜੀ ਨੇ ਉਸ ਦੀ ਮਾਂ ਨੂੰ ਇਕ ਰੋਬਟ ਲੈ ਆਉਣ ਬਾਰੇ ਆਖਿਆ ਤਾਂ ਉਹ ਖੁਸ਼ੀ ਵਿਚ ਚੀਖ਼ ਉੱਠੀ ਸੀ।

ਇਲੈਕਟਰੋਨਿਕ ਟਰੇਨ ਨੂੰ ਇੱਕ ਝਟਕਾ ਲਗਿਆ ਤਾਂ ਕਰੁਣਾ ਵਰਤਮਾਨ ਵਿੱਚ ਪਰਤੀ। ਉਸ ਦੀ ਮਾਂ ਆਖ ਰਹੀ ਸੀ ਕਿ ਸਟੇਸ਼ਨ ਆ ਗਿਆ ਹੈ। ਉਹ ਸੁੱਤੇ ਸਿੱਧ ਉਠ ਕੇ ਮਾਂ ਨਾਲ

ਤੁਰ ਪਈ। ਪਰ ਰੋਬਟ ਦੋਸਤ ਦੇ ਖਿਆਲ ਅਜੇ ਵੀ ਉਸ ਦੇ ਮਨ ਵਿਚ ਘਰ ਕਰੀ ਬੈਠੇ ਸਨ। 'ਨਿਊ ਵੇਵ ਰੋਬੋ ਸੈਂਟਰ' ਸਟੇਸ਼ਨ ਤੋਂ ਥੋੜ੍ਹੀ ਵਿੱਥ ਤੇ ਹੀ ਸੀ। ਉਹ ਸਜੀਆਂ-ਧਜੀਆਂ ਦੁਕਾਨਾਂ ਦੀ ਸੁੰਦਰਤਾ ਨੂੰ ਅੱਛੀਆਂ ਨਜ਼ਰਾਂ ਨਾਲ ਵੇਖ ਰਹੀ ਸੀ।

'ਨਿਊ ਵੇਵ ਰੋਬੋ ਸੈਂਟਰ' ਰੰਗ ਬਰੰਗੀਆਂ ਰੌਸ਼ਨੀਆਂ ਵਿਚ ਝਿਲਮਿਲ ਕਰਦੀ ਇੱਕ ਆਕਰਸ਼ਕ ਦੁਕਾਨ ਸੀ। ਕਰੁਣਾ ਨੂੰ ਉਹ ਉਸ ਦੀ ਮਾਂ ਦੁਆਰਾ ਸਜਾਏ ਘਰ ਨਾਲੋਂ ਵੀ ਵਧੇਰੇ ਖ਼ੂਬਸੂਰਤ ਲੱਗੀ। ਉਸਨੇ ਨਜ਼ਰਾਂ ਘੁਮਾ ਕੇ ਇੱਧਰ-ਉਧਰ ਤਕਿਆ ਤਾਂ ਚਾਰੇ ਪਾਸੇ ਰੋਬਟ ਹੀ ਰੋਬਟ ਨਜ਼ਰ ਆਏ। ਉਹ ਬੇਹੱਦ ਪਤਲੀ ਆਵਾਜ਼ ਵਿਚ ਗੱਲਾਂ ਕਰ ਰਹੇ ਸਨ। ਕਾਊਂਟਰਮੈਨ ਕਰੁਣਾ ਵੱਲ ਵੇਖ ਕੇ ਮੁਸਕਰਾਇਆ। ਮਿਸਿਜ਼ ਸਿੰਘ ਉਸੇ ਵਿਅਕਤੀ ਵਲ ਜਾ ਰਹੀ ਸੀ। ਉਸ ਨੇ ਉਸ ਵਿਅਕਤੀ ਨਾਲ ਹੱਥ ਮਿਲਾਇਆ ਅਤੇ ਬੋਲੀ ਮੈਂ ਘਰ ਦੇ ਕੰਮਾਂ ਵਿਚ ਨਿਪੁੰਨ ਰੋਬਟ ਖਰੀਦਣਾ ਚਾਹੁੰਦੀ ਹਾਂ।

ਉਹ ਵਿਅਕਤੀ ਨਿਮਰਤਾ ਨਾਲ ਬੋਲਿਆ......ਉਹ ਨੁੱਕਰ ਵਿੱਚ ਕੰਪਿਊਟਰ ਜ਼ੀਰੋ (ਮਾਸਟਰ) ਹੈ। ਉਸ ਨਾਲ ਸੰਪਰਕ ਕਰੋ, ਉਹ ਤੁਹਾਨੂੰ ਇਕ ਵਧੀਆ ਰੋਬਟ ਦੇਵੇਗਾ।

ਮਿਸਿਜ਼ ਸਿੰਘ ਤੇ ਕਰੁਣਾ ਕੰਪਿਊਟਰ ਜ਼ੀਰੋ ਵੱਲ ਨੂੰ ਚਲ ਪਈਆਂ। ਕਰੁਣਾ ਨੇ ਉਸ ਦੀਆਂ ਪੈਨੀਆਂ ਅੱਖਾਂ ਵਿੱਚ ਹਰੇ ਬਲਦੇ ਬਲਬ ਵੇਖੇ। ਕੰਪਿਊਟਰ ਕਰੁਣਾ ਨੂੰ ਵੇਖ ਕੇ ਪਿਆਰ ਨਾਲ ਬੋਲਿਆ 'ਹੈਲੋ ਲਵਲੀ ਕਿਡ।' ਫੇਰ ਉਹ ਮਿਸਿਜ ਸਿੰਘ ਵੱਲ ਨੂੰ ਮੁਖਾਤਿਬ ਹੋਇਆ...'ਮੈਡਮ, ਦਸੋ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?'

'ਮੈਂ ਘਰ ਦੇ ਕੰਮਾਂ ਵਿਚ ਨਿਪੁੰਨ ਇਕ ਰੋਬਟ ਖਰੀਦਣਾ ਚਾਹੁੰਦੀ ਹਾਂ।' 'ਓ. ਕੇ. ਬਸ ਥੋੜ੍ਹੀ ਦੇਰ ਇੰਤਜ਼ਾਰ ਕਰੋ।' ਕੰਪਿਊਟਰ ਲੰਬੀ ਆਵਾਜ਼ ਵਿਚ ਬੋਲਿਆ।

ਫੇਰ ਉਸ ਦੀਆਂ ਅੱਖਾਂ ਦੇ ਬਲਬ ਥੋੜ੍ਹੀ ਦੇਰ ਤਿੰਨ ਵਾਰ ਜਲੇ ਬੁਝੇ। ਸ਼ਾਇਦ ਉਹ ਕੋਈ ਮਸਤਕ ਸੰਦੇਸ਼ ਭੇਜ ਰਿਹਾ ਸੀ। ਥੋੜ੍ਹੀ ਹੀ ਦੇਰ ਬਾਅਦ ਇਕ ਤਿੰਨ ਫੁੱਟ ਦਾ ਰੋਬਟ ਚੱਲਦਾ ਹੋਇਆ ਉਹਨਾਂ ਦੇ ਕੋਲ ਆਇਆ। ਉਸ ਦਾ ਧਾਤ ਦਾ ਬਣਿਆ ਹੋਇਆ ਹਰਾ ਚਿਹਰਾ ਬਹੁਤ ਖ਼ੂਬਸੂਰਤ ਸੀ ਅਤੇ ਉਸ ਦੀਆਂ ਅੱਖਾਂ ਦੇ ਬਲਬਾਂ ਦਾ ਰੰਗ ਨੀਲਾ ਸੀ।

ਮਾਸਟਰ ਕੰਪਿਊਟਰ (ਜ਼ੀਰੋ) ਬੋਲਿਆ...'ਮੈਡਮ ਇਹ ਲਉ, ਆਪਣਾ ਰੋਬਟ । ਫੇਰ ਉਸਨੇ ਰੋਬਟ ਨੂੰ ਆਦੇਸ਼ ਦਿੱਤਾ...'ਨੰਬਰ ਟੈਨ, ਤੂੰ ਇਹਨਾਂ ਦੀ ਹੀ ਆਗਿਆ ਦਾ ਪਾਲਣ ਕਰਨਾ ਹੈ।'

'ਓ. ਕੇ. ਲਾਰਡ', ਰੋਬਟ ਥੋੜ੍ਹਾ ਜਿਹਾ ਝੁਕਦਾ ਹੋਇਆ ਬੋਲਿਆ। 'ਹੈਲੋ...ਮੇਰਾ ਨਾਂ ਰਾਜਦੀਪ ਹੈ ਤੇ ਇਹ ਮੇਰੀ ਬੇਟੀ ਕਰੁਣਾ ਹੈ।' ਮਿਸਿਜ਼ ਸਿੰਘ ਪਿਆਰ ਨਾਲ ਉਸਨੂੰ ਤੱਕਦਿਆਂ ਬੋਲੀ।

ਰੋਬਟ ਦੀਆਂ ਅੱਖਾਂ ਦੇ ਬਲਬ ਥੋੜ੍ਹੀ ਦੇਰ ਜਗੇ ਬੁਝੇ, ਫੇਰ ਉਹ ਤਿਖੀ ਪਰ ਬਰੀਕ ਆਵਾਜ਼ ਵਿਚ ਬੋਲਿਆ......'ਹੈਲੋ...ਮੇਰਾ ਨਾਂ ਐਲੀ ਹੈ।' ਫੇਰ ਉਸ ਕਰੁਣਾ ਨੂੰ ਆਖਿਆ....... ਹੈਲੋ......ਪਿਆਰੇ ਬੱਚੇ।

ਕਰੁਣਾ ਮੁਸਕਰਾਈ।

ਫੇਰ ਰਾਜਦੀਪ ਨੇ ਰੌਬਟ ਦਾ ਬਿਲ ਅਦਾ ਕੀਤਾ ਅਤੇ ਘਰ ਵਾਪਿਸ ਆਉਣ ਲਈ ਸਟੇਸ਼ਨ ਵੱਲ ਨੂੰ ਚੱਲ ਪਈ।

ਰਸਤੇ ਵਿਚ ਕਰੁਣਾ ਐਲੀ ਨੂੰ ਪੁੱਛ ਰਹੀ ਸੀ......'ਐਲੀ......ਕੀ ਤੂੰ ਮੈਨੂੰ ਰੋਜ਼ ਨਾਸ਼ਤੇ ਵਿਚ ਬਿਸਕਿਟਸ ਅਤੇ ਦੁੱਧ ਦੇਵੇਂਗਾ ?'

'ਕਿਉਂ ਨਹੀਂ ਬੇਬੀ...ਬੱਚਿਆਂ ਨੂੰ ਖੁਸ਼ ਰੱਖਣਾ ਤਾਂ ਸਾਨੂੰ ਖਾਸ਼ ਖਾਸ ਤੌਰ ਤੇ ਸਿਖਾਇਆ ਜਾਂਦਾ ਹੈ।' ਉਸਦੀ ਆਵਾਜ਼ ਵਿਚ ਨਰਮੀ ਸੀ।

ਐਲੀ ਨੂੰ ਆਇਆਂ ਹੁਣ ਮਹੀਨਾ ਬੀਤ ਚੁਕਿਆ ਸੀ। ਕਰੁਣਾ ਉਸ ਦੀ ਸੰਗਤ ਵਿਚ ਹੁਣ ਕਾਫੀ ਖੁਸ਼ ਰਹਿੰਦੀ ਸੀ। ਐਲੀ ਉਸਦੀ ਹਰ ਜ਼ਰੂਰਤ ਦਾ ਖਿਆਲ ਰੱਖਦਾ ਸੀ। ਜਦ ਕਦੇ ਐਲੀ ਵਿਹਲਾ ਹੁੰਦਾ ਸੀ ਤਾਂ ਉਹ ਕਰੁਣਾ ਨਾਲ 'ਲੁਕਣਮੀਟੀ' ਵੀ ਖੇਡਦਾ ਹੁੰਦਾ ਸੀ।

ਅੱਜ ਐਤਵਾਰ ਸੀ ਅਤੇ ਕਰੁਣਾ ਦੇਰ ਤੱਕ ਸੌਂਦੀ ਰਹੀ ਸੀ। ਐਲੀ ਨੂੰ ਵੀ ਪਤਾ ਸੀ ਕਿ ਅੱਜ ਉਸਨੇ ਦੇਰ ਨਾਲ ਉਠਣਾ ਹੈ। ਇਸ ਲਈ ਉਹ ਦਸ ਵਜੇ ਦੁੱਧ ਅਤੇ ਬਿਸਕਿਟਸ ਲੈ ਕੇ ਉਸ ਦੇ ਕਮਰੇ ਵਿਚ ਪੁੱਜਾ ਅਤੇ ਉਸਨੂੰ ਉਠਦਿਆ ਬੋਲਿਆ 'ਉਠੋ ਬੇਬੀ ਲਓ ਦੁੱਧ ਪੀ ਲਓ। ਉਹ ਹੋ......ਉਠੋ ਨਾ......ਅੱਜ ਮੈਂ ਰੋਬੋਟੀਜ਼ ਯੂਨੀਅਨ ਦੀ ਮੀਟਿੰਗ ਤੇ ਜਾਣਾ ਹੈ।'

ਕਰੁਣਾ ਉਠਦਿਆਂ ਬੋਲੀ 'ਐਲੀ......ਅੱਗੇ ਤਾਂ ਤੂੰ ਕਦੇ ਕਿਤੇ ਨਹੀਂ ਗਿਆ ? ਅੱਜ ਕਿਉਂ ਜਾਣਾ ਹੈ ? ਮੈਂ ਤੇਰੇ ਨਾਲ ਖੇਡਣਾ ਸੀ......।'

'ਉਹ ਬੇਬੀ, ਮੈਂ ਕਿਉਂਕਿ ਰੋਬੋਟੀਜ਼ ਯੂਨੀਅਨ ਦਾ ਨਵਾਂ ਮੈਂਬਰ ਬਣਿਆ ਹਾਂ। ਕੋਈ ਨਹੀਂ, ਮੈਂ ਛੇਤੀ ਹੀ ਆ ਜਾਣਾ ਹੈ। ਅੱਛਾ ਮੇਰਾ ਸਮਾਂ ਹੋ ਗਿਆ।'

ਇੰਨਾ ਕਹਿਕੇ ਐਲੀ ਚਲਿਆ ਗਿਆ। ਕਰੁਣਾ ਥੋੜ੍ਹਾ ਜਿਹਾ ਉਦਾਸ ਹੋ ਗਈ। ਉਸਨੇ ਐਲੀ ਨੂੰ ਆਵਾਜ਼ ਦੇ ਕੇ ਰੋਕਣਾ ਚਾਹਿਆ ਪਰ ਤਦੋ ਉਸਨੂੰ ਬਾਹਰੋਂ ਤਿੱਖਾ ਤੇ ਉਚਾ ਸ਼ੋਰ ਸੁਣਾਈ ਦਿਤਾ।

ਉਸਨੇ ਖਿੜਕੀ ਦਾ ਪਰਦਾ ਹਟਾ ਕ ਹੇਠਾਂ ਵੇਖਿਆ ਤਾਂ ਸੜਕ ਤੇ ਅਨੇਕਾਂ ਰੌਬਟਾਂ ਦਾ ਇਕ ਵਿਸ਼ਾਲ ਜਲੂਸ ਟੁਰਿਆ ਜਾ ਰਿਹਾ ਸੀ। ਉਹ ਉਚੀ ਆਵਾਜ਼ ਵਿਚ ਨਾਅਰੇ ਲਗਾ ਰਹੇ ਸਨ।

'ਰੋਬੋਟੀਜ਼ ਯੂਨੀਅਨ......।'

'ਜ਼ਿੰਦਾਬਾਦ।'

'ਅਸ਼ੀਂ ਕੀ ਚਾਹੁੰਦੇ ਹਾਂ ?'

'ਆਜ਼ਾਦੀ......।'

ਉਸਨੇ ਵੇਖਿਆ ਕਿ ਐਲੀ ਵੀ ਰੌਬਟਾਂ ਦੇ ਜਲੂਸ ਵਿਚ ਸ਼ਾਮਿਲ ਹੋ ਗਿਆ ਹੈ। ਕਰੁਣਾ ਦੌੜ ਕੇ ਦੂਸਰੇ ਕਮਰੇ ਵਿੱਚ ਆਪਣੀ ਮਾਂ ਕੋਲ ਆ ਗਈ। ਰਾਜਦੀਪ ਖਿੜਕੀ ਰਾਹੀਂ ਰੌਬਟਾਂ ਨੂੰ ਹੀ ਤੱਕ ਰਹੀ ਸੀ।

ਉਹਨਾਂ ਵੇਖਿਆ ਕਿ ਰੋਬਟ ਹੋਰ ਉਚੀ ਆਵਾਜ਼ ਵਿੱਚ ਨਾਅਰੇ ਲਗਾਉਣ ਲਗ ਪਏ ਸਨ ।

ਪਰ ਅਚਾਨਕ

ਉਸੇ ਵੇਲੇ ਉਥੇ ਇਕ 'ਧਮਾਕਾ' ਹੋਇਆ ਅਤੇ ਸਾਰੇ ਰੋਬਟ ਬੇਜਾਨ ਹੋ ਕੇ ਜ਼ਮੀਨ ਤੇ ਡਿਗ ਪਏ ।

ਕਰੁਣਾ ਨੇ ਵੇਖਿਆ ਕਿ ਇਕ ਪਾਸਿਉਂ ਕੁਝ ਵਿਅਕਤੀ ਰੋਬਟਾਂ ਵੱਲ ਵੱਧ ਰਹੇ ਸਨ ।

ਕਰੁਣਾ ਨੇ ਆਪਣੀ ਮਾਂ ਤੋਂ ਪੁਛਿਆ ਕਿ ਇਹ ਕੀ ਵਾਪਰ ਰਿਹਾ ਹੈ ?

ਮਿਸਿਜ਼ ਸਿੰਘ ਨੇ ਦਸਿਆ 'ਕਰੁਣਾ...ਇਹ ਵਿਅਕਤੀ ਮਸ਼ਹੂਰ ਵਿਗਿਆਨਕ ਹਨ । ਇਹਨਾਂ ਨੇ ਹੀ ਰੋਬੋਸੂਟਗੰਨ ਨਾਲ ਰੋਬਟਾਂ ਦਾ ਸਰਕਟ ਡੈਡ ਕੀਤਾ ਹੈ ਅਤੇ ਹੁਣ ਇਹ ਵੇਖਣਗੇ ਰੋਬਟਾਂ ਦੇ ਦਿਮਾਗ ਵਿਚ ਬਗਾਵਤ ਦਾ ਵਿਚਾਰ ਕਿਉਂ ਤੇ ਕਿਵੇਂ ਆਇਆ ।"

'ਕੀ ਹੁਣ ਸਾਡਾ ਐਲੀ ਕਦੇ ਵਾਪਸ ਨਹੀਂ ਆਏਗਾ ?' ਉਸਨੇ ਰਤਾ ਉਦਾਸ ਸੁਰ ਵਿਚ ਪੁਛਿਆ । ਉਸਦੀਆਂ ਅੱਖਾਂ ਵਿਚ ਹਲਕਾ ਤੂਫਾਨ ਝਲਕ ਰਿਹਾ ਸੀ ।

'ਬੇਬੀ......ਅਸੀਂ ਨਵਾਂ ਐਲੀ ਲੇ ਆਵਾਂਗੇ ।' ਰਾਜਦੀਪ ਨੇ ਕਰੁਣਾ ਨੂੰ ਪਿਆਰ ਨਾਲ ਆਪਣੀ ਜ਼ੱਫੀ ਵਿਚ ਲੈਂਦਿਆਂ ਆਖਿਆ ।

ਕਰੁਣਾ ਵੀ ਸਭ ਕੁਝ ਭੁੱਲ ਕੇ ਮਾਂ ਦੇ ਪਿਆਰ ਸਾਗਰ ਵਿਚ ਡੁੱਬ ਗਈ ।

# ਅੰਤਰਿਖ਼ਸ਼ ਦੇ ਮਤਵਾਲੇ

'ਅਲਵਿਦਾ ਦੋਸਤੋ ! ਯਾਤਰਾ ਸੁੱਖਮਈ ਹੋਵੇ' । ਸਰਦੀਆਂ ਦੀ ਰੁੱਤੇ ਕੋਸੇ ਪਾਣੀ ਜਿਹੇ ਨਿੱਘੇ ਸ਼ਬਦਾਂ ਦੇ ਕੰਪਨ ਨੇ ਉਸਦਾ ਧਿਆਨ ਭੰਗ ਕੀਤਾ । ਹਾਲਾਂ ਕਿ 'ਅੰਤਰਿਖ਼ਸ ਯਾਨ' ਵਾਤਾ-ਅਨੁਕੂਲ ਸੀ ਪਰ ਫੇਰ ਵੀ ਇਨ੍ਹਾਂ ਬੋਲਾਂ ਦੀ ਨਿੱਘੀ ਗਰਮੀ ਦਾ ਅਹਿਸਾਸ ਉਸ ਨੂੰ ਹੋ ਗਿਆ ਸੀ । ਉਹ ਇਸ ਸਮੇਂ ਯਾਨ 'ਅਕਾਸ਼ਦੀਪ' ਵਿਚ ਆਪਣੀ ਸਹਾਇਕ ਨਾਲ ਬੈਠਾ ਸੀ । ਯਾਨ ਥੋੜੇ ਹੀ ਸਮੇਂ ਬਾਅਦ ਅਕਾਸ਼ ਵਿਚ ਉਡਾਰੀਆਂ ਲਾਉਣ ਵਾਲਾ ਸੀ ।

ਉਸ ਨੇ ਨਜ਼ਰ ਉਠਾ ਕੇ ਸਕਰੀਨ ਵੱਲ ਤੱਕਿਆ ।

ਹਮੇਸ਼ਾਂ ਮੁਸਕਰਾਉਂਦੀ ਰਹਿਣ ਵਾਲੀ ਮਾਧੁਰੀ ਦੀ 'ਮੋਨਾਲੀਜ਼ਾ' ਜਿਹੀ ਅਕ੍ਰਿਤੀ ਯਾਨ ਦੀ ਵਿਸ਼ਾਲ ਸਕਰੀਨ ਤੇ ਤੈਰ ਰਹੀ ਸੀ । ਉਸ ਦਾ ਬੋਲਣਾ ਜਾਰੀ ਸੀ । 'ਦੂਸਰੀਆਂ ਸੱਭਿਆਤਾਵਾਂ ਦੀ ਖੋਜ ਵਾਸਤੇ ਜਾ ਰਹੀ ਤੁਸੀਂ ਪਹਿਲੀ ਜੋੜੀ ਹੋ । ਮੈਂ ਸੱਚੇ ਦਿਲ ਨਾਲ ਖ਼ਤਰਿਆਂ ਨਾਲ ਭਰੇ ਅੰਤਰਿਖ਼ਸ਼ ਵਿੱਚ ਤੁਹਾਡੀ ਸਲਾਮਤੀ ਲਈ ਪ੍ਰਵਰਦਿਗਾਰ ਕੋਲੋਂ ਦੁਆ ਮੰਗਦੀ ਹਾਂ । ਸ਼ਾਲਾ ! ਤੁਸੀਂ ਇੱਕਵੀਂ ਸਦੀ ਦੇ ਮਨੁੱਖਾਂ ਵਾਸਤੇ ਗ੍ਰਹਿ ਅੰਤਰਿਖ਼ਸ਼ ਦੀ ਵਿਸਤ੍ਰਿਤ ਜਾਣਕਾਰੀ ਲਿਆ ਸਕੋ , ਅੱਛਾ... ਇੱਕ ਵੇਰਾਂ ਫੇਰ ਵਿਦਾ । ਅਸੀਂ ਇਥੇ ਪ੍ਰਿਥਵੀ ਤੇ ਹਰ ਪਲ ਤੁਹਾਡੇ ਵਾਸਤੇ ਦੁਆ ਕਰਾਂਗੇ ।'

ਉਸ ਨੇ ਆਪਣੀ ਸਹਾਇਕ ਵੱਲ ਵੇਖਿਆ । ਉਹ ਨਿਰਭਾਵ ਸ਼ਾਂਤ ਚਿਤ ਡਰਾਈਵਿੰਗ ਸੀਟ ਤੇ ਬੈਠੀ ਸੀ । ਉਸ ਦਾ ਹੁਸੀਨ ਮੁੱਖੜਾ ਇਸ ਵੇਲੇ ਉਸ ਨੂੰ ਬੜਾ ਪਿਆਰਾ ਲੱਗਾ ।

ਉਸ ਨੇ ਹਲਕੀ ਜਿਹੀ ਮੁਸਕਰਾਹਟ ਨਾਲ ਮਾਧੁਰੀ ਵੱਲ ਨੂੰ ਤੱਕਿਆ ਤੇ ਫੇਰ ਉਸ ਦੇ ਮੂੰਹੋਂ ਬੋਲ ਝੜ ਉਠੇ :

'ਯਾਨ ਨੂੰ ਇਕ ਵੇਰਾਂ ਫੇਰ ਚੈਕ ਕਰਕੇ, ਯਾਤਰਾ ਪ੍ਰਾਰੰਭ ਕਰ ਦੇਵੋ । ਫੇਰ ਸਾਰਾ ਕੰਮ ਕੰਪਿਊਟਰ ਦੇ ਹੱਥ ਸੌਂਪ ਦੇਣਾ ।' ਉਸ ਨੇ ਆਪਣੀ ਸਹਾਇਕ ਨੂੰ ਕਿਹਾ ।

ਸੁੰਦਰ ਲੜਕੀ ਨੇ ਇੱਕ ਵਾਰ ਫਿਰ ਯਾਨ ਨੂੰ ਬਰੀਕ ਨਜ਼ਰਾਂ ਨਾਲ ਵੇਖਿਆ । 'ਐਵਰੀਥਿੰਗ ਇਜ਼ ਆਲਰਾਈਟ...... ।' ਉਸ ਦੇ ਮੂੰਹੋਂ ਸ਼ਹਿਦ ਜਿਹੀ ਆਵਾਜ਼ ਨਿੱਕਲੀ ।

ਫੇਰ ਇੱਕ ਸਕਿੰਟ ਦੇ ਹਜ਼ਾਰਵੇਂ ਭਾਗ ਵਿਚ ਉਸ ਨੇ ਯਾਨ ਨੂੰ ਚਾਲੂ ਕਰ ਦਿੱਤਾ । ਉਸ ਦੇ ਹੱਥ ਅਣਗਿਣਤ ਸਵਿੱਚਾਂ ਅਤੇ ਨਾਬਾਂ (Knobs) ਨਾਲ ਖਿਲਵਾੜ ਕਰ ਰਹੇ ਸਨ । ਭਿਆਨਕ ਗੜਗੜਾਹਟ ਦੇ ਨਾਲ 'ਅਕਾਸ਼ਦੀਪ' ਉਪਰ ਉਠਣ ਲੱਗਾ ।

ਜਦ ਅਕਾਸ਼ਦੀਪ ਪ੍ਰਿਥਵੀ ਦੇ ਵਾਯੂ ਮੰਡਲ ਨੂੰ ਚੀਰ ਕੇ ਬਾਹਰ ਜਾਣ ਲੱਗਾ ਤਾਂ ਉਹਨਾਂ ਦੇ ਮੂੰਹੋਂ ਇਕੱਠੀਆਂ ਅਵਾਜ਼ਾਂ ਨਿੱਕਲੀਆਂ :

'ਅੱਛਾ ਮਾਧੁਰੀ ਵਿਦਾ ! ਇੱਕਵੀਂ ਸਦੀ ਦਾ ਆਰੰਭ ਸ਼ੁਭ ਹੋਵੇ ਜੇ ਰੱਬ ਨੇ ਚਾਹਿਆ ਤਾਂ ਫੇਰ ਮੁਲਾਕਾਤ ਹੋਵੇਗੀ ।

ਹਮੇਸ਼ਾਂ ਹੱਸਦੀ ਰਹਿਣ ਵਾਲੀ ਮਾਧੁਰੀ ਦੀ ਮੁਸਕਰਾਹਟ ਪਲ ਲਈ ਜਿਵੇਂ ਅਲੋਪ ਹੋ ਗਈ ਨੈਣਾਂ ਵਿਚੋਂ ਨੀਰ ਵਹਿਣ ਲੱਗੇ ਸਨ ਪਰ ਉਸ ਨੇ ਆਪਣੇ ਆਪ ਤੇ ਕਾਬੂ ਪਾ ਲਿਆ ।

ਉਹ ਇਸ ਸਮੇਂ 'ਅੰਤਰਿਖਸ਼ ਅਨੁਸੰਧਾਨ ਕੇਂਦਰ ਜ਼ੀਰੋ, ਦੇ ਕੰਟਰੋਲ ਰੂਮ ਵਿਚ ਬੈਠੀ ਸੀ । ਉਸ ਦੀ ਇਕੱਲੀ ਦੀ ਹੀ ਇਥੇ ਡਿਊਟੀ ਲੱਗੀ ਹੋਈ ਸੀ । ਉੱਚ ਅਧਿਕਾਰੀਆਂ ਨੇ ਇਥੇ ਆ ਕੇ 'ਦੋ ਯਾਤਰੀਆਂ' ਨੂੰ ਵਿਦਾਈ ਨਹੀਂ ਦਿਤੀ ਸੀ ਉਹ ਸ਼ਾਂਇਦ ਇੱਕਵੀਂ ਸਦੀ ਨੂੰ ਜੀ ਆਇਆਂ ਆਖਣ ਪਾਰਟੀ ਵਿਚ ਸ਼ਾਮਿਲ ਹੋਣ ਗਏ ਸਨ ।

ਸਾਧੁਰੀ ਦੀਆਂ ਤੇਜ਼ ਨਜ਼ਰਾਂ ਹਰ ਪਲ ਸਕਰੀਨ ਤੇ ਟਿਕੀਆਂ ਹੋਈਆਂ ਸਨ । ਪਲ ਪ੍ਰਤੀ ਪਲ ਅਕਾਸ਼ਦੀਪ ਸਕਰੀਨ ਤੇ ਛੋਟਾ ਹੋਈ ਜਾ ਰਿਹਾ ਸੀ । ਫੇਰ ਉਹ ਸੱਚਮੁੱਚ ਹੀ ਸਕਰੀਨ ਤੋਂ ਗ਼ਾਇਬ ਹੋ ਗਿਆ ।

ਮਾਧੁਰੀ ਨੇ ਇਕ ਲੰਬਾ ਸਾਹ ਲਿਆ ਅਤੇ ਫੇਰ ਉਸ ਨੇ ਉਨ੍ਹਾਂ ਦੋ ਯਾਤਰੀਆਂ ਵਾਸਤੇ ਦੁਆ ਕੀਤੀ ।

ਸਮਾਂ............

ਗਿਆਰਾਂ ਵੱਜ ਕੇ ਪੰਜਾਹ ਮਿੰਟ ।

ਸਾਰੇ ਸੰਸਾਰ ਦੇ ਲੋਕਾਂ ਦੇ ਜਿਸਮਾਂ ਵਿਚ ਇਸ ਸਮੇਂ ਅਜਬ ਜਿਹੇ ਰੋਮਾਂਚ ਦੀ ਲਹਿਰ ਨ੍ਰਿਤ ਕਰ ਰਹੀ ਸੀ ।

ਉਹ ਬੜੀ ਤੇਜ਼ੀ ਨਾਲ ਇੱਕਵੀਂ ਸਦੀ ਵੱਲ, ਵੱਧ ਰਹੇ ਸਨ । ਵੱਡੇ ਵੱਡੇ ਸ਼ਹਿਰਾਂ ਦੇ ਮਸ਼ਹੂਰ ਹੋਟਲਾਂ ਵਿੱਚ ਇਸ ਸਮੇਂ ਇੱਕਵੀਂ ਸਦੀ ਨੂੰ ਜੀ ਆਇਆਂ ਆਖਣ ਲਈ, ਵਿਸ਼ਾਲ ਪਾਰਟੀਆਂ ਆਯੋਜਤ ਕੀਤੀਆਂ ਗਈਆਂ ਸਨ ।

ਇਹ ਵੀਹਵੀਂ ਸਦੀ (1999ਈ:) ਦੀ ਆਖਰੀ ਰਾਤ ਸੀ ਯਾਨੀ 31 ਦਸੰਬਰ.........

ਸਮਾਂ ਬੜੀ ਤੇਜ਼ੀ ਨਾਲ ਗੁਜ਼ਰ ਰਿਹਾ ਸੀ, ਤੇ ਜਿਵੇਂ ਜਿਵੇਂ ਉਹ ਗੁਜ਼ਰ ਰਿਹਾ ਸੀ, ਤਿਵੇਂ ਤਿਵੇਂ ਲੋਕਾਂ ਦੇ ਜਿਸਮਾਂ ਵਿੱਚ ਇਕ ਅਜਬ ਜਿਹਾ ਰੋਮਾਂਚ ਦੀ ਝਰਨਾਹਟ ਵਧਦੀ ਜਾ ਰਹੀ ਸੀ ।

ਫੇਰ ਜਿਵੇਂ ਹੀ ਘੜੀ ਦੀਆਂ ਸੂਈਆਂ ਨੇ ਬਾਰਾਂ ਨੂੰ ਕਰਾਸ ਕੀਤਾ ਤਾਂ ਜਿਸਮਾਂ 'ਚ ਮਚਲ ਰਹੇ ਰੋਮਾਂਚ ਦੀਆਂ ਲਹਿਰਾਂ ਸਿਖਰ ਬਿੰਦੂ ਤੇ ਅੱਪੜ ਗਈਆਂ ।

ਉਹ ਇੱਕ ਨਵੇਂ ਯੁੱਗ ਵਿੱਚ ਪ੍ਰਵੇਸ਼ ਕਰ ਗਏ ਸਨ । ਉਹਨਾਂ ਨੂੰ ਵੀਹਵੀਂ ਸਦੀ ਦੀਆਂ ਮਹੱਤਵਪੂਰਣ ਘਟਨਾਵਾਂ ਚੇਤੇ ਆਉਣ ਲੱਗੀਆਂ ।

ਪਹਿਲਾ ਵਿਸ਼ਵ ਯੁੱਧ.........

ਮਾਨਵਤਾ ਦੀ ਚੀਖੋਂ ਪੁਕਾਰ ।

ਦੂਸਰਾ ਵਿਸ਼ਵ ਯੁੱਧ......ਤੇ ਹਿਟਲਰ ਦੇ ਭਿਆਨਕ ਕਾਰਨਾਮੇ ।

ਹੀਰੋਸ਼ੀਮਾ ਤੇ ਨਾਗਾਸਾਕੀ ਦੀ ਤਬਾਹੀ.........

ਬਸਤੀਵਾਦ ਤੇ ਸਾਮਰਾਜਵਾਦ ਦਾ ਪਤਨ.........

ਉੱਤਰੀ ਤੇ ਦੱਖਣੀ ਧਰੁਵ ਤੇ ਇਨਸਾਨ ਦਾ ਪਹਿਲਾ ਕਦਮ ।

ਮਾਊਂਟ ਐਵਰੈਸਟ ਤੇ ਵਿਜੇ ।

ਤੇ ਸਭ ਤੋਂ ਜ਼ਿਆਦਾ

ਪੁਲਾੜ ਵੱਲ ਨੂੰ ਇਨਸਾਨ ਦੇ ਕਦਮ ਤੇ

ਉਸ ਦਾ ਚੰਦਰਮਾ ਤੇ ਅੱਪੜਨਾ ।

ਤੇ ਲੋਕਾਂ ਦੇ ਜਿਸਮਾਂ ਵਿੱਚ ਲਹਿ ਲਹਾਂਦੇ ਰੋਮਾਂਚ ਦੀ ਲਹਿਰ ਸਿਖਰ ਤੇ ਪੁੱਜ ਗਈ । ਬਿਲਕੁਲ ਉਸੇ ਸਮੇਂ ।

ਜਦ ਇੱਕਵੀਂ ਸਦੀ ਦਾ ਸ਼ੁਭ ਅਰੰਭ ਹੋਇਆ । ਅੰਤਰਿਕ਼ਸ਼ ਯਾਨ 'ਅਕਾਸ਼ਦੀਪ' ਨੇ ਧਰਤੀ ਛੱਡ ਦਿਤੀ ਸੀ ।

ਉਹ ਨਵੀਂਆਂ ਸੱਭਿਆਤਾਵਾਂ ਦੀ ਖੋਜ ਵਿੱਚ ਚਲੇ ਗਏ ਸਨ । ਉਹਨਾਂ ਵੱਲ ਦੋਸਤੀ ਦਾ ਹੱਥ ਵਧਾਉਣ, ਜੋ ਅੰਤਰਿਕ਼ਸ਼ ਦੇ ਵਿੱਚ ਬਹੁਤ ਦੂਰ ਤੱਕ ਫੈਲੀਆਂ ਹੋਈਆਂ ਸਨ ।

ਉਹ ਦੋ ਜਣੇ ਸਨ ।

ਮਿ: ਹਰਬੀਰ ਸਿੰਘ ਤੇ ਮਿਸ ਸਿਲਕੀ । ਜਿਹੜੇ ਇਸ ਮਹਾਨ ਮਿਸ਼ਨ ਤੇ ਜਾ ਰਹੇ ਸਨ......

ਯਾਨ 'ਅਕਾਸ਼ਦੀਪ ਪ੍ਰਿੱਥਵੀ ਦੇ ਸਭ ਤੋਂ ਉੱਚ ਕੋਟੀ ਦੇ ਯਾਨਾਂ ਵਿਚੋਂ ਇੱਕ ਸੀ, ਜਿਹੜਾ ਕਿ ਅਕਾਸ਼ੀ ਯਾਤਰਾ ਵਾਸਤੇ ਬਿਅਕੁਲ ਸੁਰੱਖਿਅਤ ਸੀ । ਉਸਦੀ ਸ਼ਕਲ ਕਿਸੇ ਉੜਨ ਤਸ਼ਤਰੀ ਦੇ ਵਾਂਗ ਬਣਾਈ ਹੋਈ ਸੀ। ਇਹੋ ਜਿਹੀਆਂ ਉੜਨ ਤਸ਼ਤਰੀਆਂ ਦੂਸਰੇ ਗ੍ਰਹਿਆਂ ਤੋਂ ਆਉਂਦੀਆਂ ਵੇਖੀਆਂ ਗਈਆਂ ਸਨ । ਪਰ ਅਜੇ ਤੱਕ ਤਾਰਾ-ਵਿਗਿਆਨੀ ਅਥਾਹ ਬ੍ਰਹਿਮੰਡ ਵਿੱਚ ਇੱਕ ਵੀ ਸਭਿਅਤਾ ਨਹੀਂ ਲੱਭ ਸਕੇ ਸਨ । ਇਸੇ ਉਦੇਸ਼ ਨਾਲ ਯਾਨ 'ਅਕਾਸ਼ਦੀਪ' ਦਾ ਨਿਰਮਾਣ ਕੀਤਾ ਗਿਆ ਸੀ ।

ਸਪੇਸ ਵਿਚ ਤੈਰਦਾ "ਅਕਾਸ਼ਦੀਪ" ਸੂਰਜ ਦੇ ਲਲਾਟ ਵਾਂਗ ਚਮਕ ਰਿਹਾ ਸੀ । ਉਸ ਦਾ ਰੰਗ ਲਾਲ ਸੀ ਤੇ ਕਿਤੇ ਕਿਤੇ ਵਿੱਚ ਚਿੱਟੀਆਂ ਧਾਰੀਆਂ ਸਨ ।

ਯਾਨ ਵਿਚ ਬਨਾਵਟੀ ਗੁਰੂਤਾਕਰਸ਼ਣ ਸਿਰਜਿਆ ਹੋਇਆਂ ਸੀ ਤਾਂ ਕਿ ਉਸ ਵਿੱਚ ਬੈਠੇ, ਦੋ ਯਾਤਰੀਆਂ, ਨੂੰ ਭਾਰਹੀਣਤਾ (Weight Lessness) ਦਾ ਅਹਿਸਾਸ ਨਾ ਹੋ ਸਕੇ ।

'ਅਕਾਸ਼ਦੀਪ' ਬੜੀ ਤੇਜ਼ੀ ਨਾਲ, ਅਕਾਸ਼ ਦਾ ਸੀਨਾ ਚੀਰਦਾ ਅੱਗੇ ਵੱਧ ਰਿਹਾ ਸੀ। ਉਸ ਨੂੰ ਆਪਣਾ ਸੌਰਮੰਡਲ ਛੱਡਿਆ ਅਜੇ ਕੁਝ ਹੀ ਪਲ ਗੁਜ਼ਰੇ ਸਨ। ਯਾਨ ਦੇ ਉਪਰ ਇਕ ਕੈਮਰਾ ਫਿੱਟ ਸੀ, ਜੋ ਕਿ ਨਿਰੰਤਰ ਯਾਤਰਾ ਨੂੰ ਫਿਲਮਾ ਰਿਹਾ ਸੀ। ਉਹ ਬੜੀ ਤੇਜ਼ੀ ਨਾਲ ਮੰਗਲ ਦੀ ਲਾਲ ਧਰਤੀ ਕੋਲੋਂ ਦੀ ਗੁਜ਼ਰੇ ਸਨ। ਸ਼ਨੀ ਦੇ ਚਮਕਦੇ ਛੱਲੇ ਉਹਨਾਂ ਦੂਰੋਂ ਹੀ ਵੇਖੇ ਸਨ। ਬ੍ਰਹਿਸਪਤੀ ਦੇ ਗਿਰਦ ਘੁੰਮਦੇ ਉਸ ਦੇ ਚੌਦਾਂ ਉਪਗ੍ਰਹਿ ਬੜੇ ਹੀ ਸੁੰਦਰ ਪ੍ਰਤੀਤ ਹੋ ਰਹੇ ਸਨ।

ਸਿਲਕੀ ਚੀਖੀ ਸੀ......'ਹਰਬੀਰ ! ਉਹ ਵੇਖੋ ਨਿੱਕਾ ਜਿਹਾ ਪਲੈਟੋ ਗ੍ਰਹਿ.........। ਕਿੰਨਾ ਸੁੰਦਰ ਵਿਖਾਈ ਦੇ ਰਿਹਾ ਏ !'

ਟੀ. ਵੀ. ਸਕਰੀਨ ਤੇ ਇਹ ਸਾਰੇ ਦ੍ਰਿਸ਼ ਵਾਰੀ ਵਾਰੀ ਆ ਰਹੇ ਸਨ। ਯਾਨ ਦਾ ਸੰਚਾਲਨ 'ਮਾਸਟਰ ਕੰਪਿਊਟਰਾਂ' ਦੇ ਹੱਥ ਵਿਚ ਸੀ। ਉਹ ਤਾਂ ਬਸ ਅੰਤਰਿਖਸ਼ ਯਾਤਰਾ ਦਾ ਅਨੰਦ ਲੈ ਰਹੇ ਸਨ। ਪਰ ਅੰਤਰਿਖਸ਼ ਤਾਂ ਅਨੇਕਾਂ ਖ਼ਤਰਿਆ ਨਾਲ ਭਰਿਆ ਪਿਆ ਸੀ। ਪ੍ਰੰਤੂ ਅਜੇ ਤੱਕ ਉਹਨਾਂ ਦੇ ਸਾਹਮਣੇ ਕੋਈ ਖ਼ਤਰਾ ਨਹੀਂ ਆਇਆ ਸੀ।

ਪਰ.........

ਅਚਾਨਕ ਸਿਲਕੀ ਚੀਖ ਉੱਠੀ

'ਹਰਬੀਰ' ਉਹ ਵਿਸ਼ਾਲ ਉਲਕਾ ਬੜੀ ਤੇਜ਼ੀ ਨਾਲ ਸਾਡੇ ਸ਼ਿੱਪ ਵੱਲ ਨੂੰ ਵੱਧ ਰਿਹਾ ਹੈ।

ਹਰਬੀਰ ਨੇ ਧਿਆਨ ਨਾਲ ਵੇਖਿਆ। ਇੱਕ ਅਗਨੀ ਪਿੰਡ ਜਿਹਾ ਸਕਰੀਨ ਤੇ ਤੈਰ ਰਿਹਾ ਸੀ।

'ਕੀ ਸਥਿਤੀ ਹੈ, ਮਾਸਟਰ ਕੰਪਿਊਟਰ ?' ਉਸਨੇ ਆਖਿਆ।

'ਸਰ ! ਘਬਰਾਉਣ ਦੀ ਕੋਈ ਲੋੜ ਨਹੀਂ। ਇਹ ਉਲਕਾ ਸਾਡੇ ਯਾਨ ਤੋਂ ਦਸ ਮੀਟਰ ਪਰਾਂਹ ਦੀ ਹੋ ਕੇ ਲੰਘ ਜਾਵੇਗਾ। ਮੈਂ ਸਾਰੀਆਂ ਕੈਲਕੂਲੇਸ਼ਨਜ਼ ਲਗਾ ਕੇ ਵੇਖ ਲਈਆਂ ਹਨ।'

ਸੱਚਮੁੱਚ ਉਵੇਂ ਹੀ ਹੋਇਆ।

ਸਿਲਕੀ ਤੇ ਹਰਬੀਰ ਨੇ ਸੁੱਖ ਦਾ ਇੱਕ ਲੰਬਾ ਸਾਹ ਲੈ ਕੇ ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਅਦਾ ਕੀਤਾ।

ਪਰ ਅੰਤਰਿਖਸ਼ ਵਿਚ ਤਾਂ ਕਦਮ ਕਦਮ ਤੇ ਖਤਰੇ ਨੇ......ਇਕ ਟਲ ਗਿਆ ਤਾਂ ਦੂਸਰਾ ਮੂੰਹ ਅੱਡੀ ਖੜਾ ਸੀ।

ਹਰਬੀਰ ਅਤੇ ਸਿਲਕੀ ਅੱਖਾਂ ਵਿਸ਼ਾਲ ਸਕਰੀਨ ਤੇ ਇਕ ਟੱਕ ਟਿਕੀਆਂ ਹੋਈਆਂ ਸਨ। ਉਲਕਾ ਗੁਜ਼ਰ ਚੁਕਾ ਸੀ ਅਤੇ ਉਨ੍ਹਾਂ ਦਾ ਯਾਨ ਠੀਕ ਠਾਕ ਸੀ। ਟੀ. ਵੀ. ਸਕਰੀਨ ਤੇ ਉਨ੍ਹਾਂ ਨੂੰ ਚਾਰੇ ਪਾਸੇ ਨੀਲਾ ਅੰਤਰਿਖਸ਼ ਨਜ਼ਰ ਆ ਜਾਂਦੋ। ਅੰਤਰਿਖ਼ਸ਼ ਦਾ ਗਾੜ੍ਹਾ ਨੀਲਾਪਣ ਉਨ੍ਹਾਂ ਨੂੰ ਬਹੁਤ ਸੁਖਾਵਾਂ ਲੱਗ ਰਿਹਾ ਸੀ।

ਅਚਾਨਕ.........

ਸਕਰੀਨ ਤੇ ਇਕ ਛੋਟਾ ਜਿਹਾ ਲਾਲ ਬਿੰਦੂ ਨਜ਼ਰ ਆਇਆ ਹਰਬੀਰ ਦੀਆਂ ਅਖੀਆਂ ਸੁੰਘੜ ਗਈਆਂ। ਉਹ ਤਿੱਖੀ ਅਵਾਜ਼ ਵਿੱਚ ਬੋਲਿਆ......

'ਕੰਪਿਊਟਰ, ਕੈਮਰਾ ਉਸ ਲਾਲ ਬਿੰਦੂ ਤੇ ਫੋਕਸ ਕਰੋ।'

'ਓ. ਕੇ. ਸਰ' ਕੰਪਿਊਟਰ ਆਪਣਾ ਕੰਮ ਕਰਨ ਲੱਗਾ।

'ਤੇਰੇ ਖ਼ਿਆਲ ਵਿਚ ਉਹ ਕੀ ਚੀਜ਼ ਹੋ ਸਕਦੀ ਏ ?' ਸਿਲਕੀ ਨੇ ਪੁਛਿਆ।

'ਕੋਈ ਗ੍ਰਹਿ ਜਾਂ...ਪਰ ਮੇਰਾ ਅੰਦਾਜ਼ਾ ਗਲਤ ਵੀ ਹੋ ਸਕਦਾ ਹੈ।'

ਉਨੇ ਚਿਰ ਤੱਕ ਟੀ. ਵੀ. ਸਕਰੀਨ ਤੇ ਉਸ ਲਾਲ ਬਿੰਦੂ ਦਾ ਸੰਪੂਰਣ ਤੇ ਸਪਸ਼ਟ ਚਿੱਤਰ ਤੈਰ ਰਿਹਾ ਸੀ। ਦਰਅਸਲ ਉਹ ਲਾਲ ਬਿੰਦੂ, ਕੋਈ ਬੜੀ ਹੀ ਅਜੀਬ ਵਸਤੂ ਸੀ। ਉਸ ਨੂੰ ਗ੍ਰਹਿ ਜਾਂ ਉਪਗ੍ਰਹਿ ਦਾ ਨਾਂ ਨਹੀਂ ਦਿੱਤਾ ਜਾ ਸਕਦਾ ਸੀ ਅਤੇ ਨਾ ਹੀ ਉਸ ਨੂੰ ਉਲਕਾ ਜਾਂ ਕੋਮੇਟ (ਪੂਛਲ-ਤਾਰਾ) ਕਿਹਾ ਜਾ ਸਕਦਾ ਸੀ।

ਉਸ ਅਜੀਬੋ ਗ਼ਰੀਬ ਖ਼ਤਰੇ ਦੀ ਬਣਤਰ ਬਹੁਤ ਅਨੋਖੀ ਸੀ ਜਿਵੇਂ ਕੋਈ ਜਾਲ ਫੈਲਿਆ ਹੋਵੇ।

'ਇਹ ਕੀ ਹੋ ਸਕਦਾ ਹੈ ?, 'ਹਰਬੀਰ।'

'ਮੈਂ ਖ਼ੁਦ ਹੀ ਨਹੀਂ ਸਮਝ ਰਿਹਾ ਹਾਂ ਕਿ ਇਹ ਕੀ ਚੀਜ਼ ਹੋ ਸਕਦੀ ?' ਤੇਰੇ ਖ਼ਿਆਲ ਵਿਚ ਕੰਪਿਊਟਰ ਇਹ ਕਿਹੜੀ ਵਸਤੂ ਏ ?

'ਸ਼੍ਰੀਮਾਨ, ਮੈਂ ਇਸ ਦੀ ਸੰਰਚਨਾ ਸਮਝਣ ਵਿਚ ਲੱਗਿਆ ਹੋਇਆ ਹਾਂ। ਤੁਸੀਂ ਵੇਖ ਹੀ ਰਹੇ ਹੋ ਕਿ ਇਹ ਵਿਚਕਾਰੋਂ ਖੋਖਲਾ ਏ ਅਤੇ ਇਸ ਦੇ ਆਰਪਾਰ ਜਾਇਆ ਜਾ ਸਕਦਾ ਹੈ ਅਤੇ ਇਹ ਏਨਾ ਚੌੜਾ ਹੈ ਕਿ ਅਸੀਂ ਆਪਣਾ ਯਾਨ ਇਸ ਤੋਂ ਦੂਰ ਕਰਕੇ ਨਹੀਂ ਲੈ ਜਾ ਸਕਦੇ। ਸਾਨੂੰ ਇਸ ਦੇ ਵਿਚਕਾਰੋਂ ਹੀ ਗੁਜ਼ਰਨਾ ਪਵੇਗਾ। 'ਪਰ ਇਸ ਦੇ ਅੰਦਰ ਤਾਂ ਅਣਗਿਣਤ ਅੱਗ ਦੀਆਂ ਸਲਾਖਾਂ ਜਿਹੀਆਂ, ਇਸ ਦੇ ਕੇਂਦਰ ਨਾਲ ਟਕਰਾ ਕੇ ਵਾਪਸ ਪਰਤ ਰਹੀਆਂ ਹਨ। ਆਪਣੇ ਪਹਿਲੇ ਵਾਲੇ ਸਥਾਨ ਤੇ। ਇਹੋ ਜਿਹੇ ਖ਼ਤਰੇ ਵਿਚ ਕੁਦਣਾ ਤਾਂ ਸ਼ਾਖਸਾਤ ਮਰਨਾ ਹੀ ਏ।'

'ਮਜਬੂਰੀ ਹੈ ਸਰ, ਅਸੀਂ ਇਸ ਦੇ ਵਿਚਕਾਰੋਂ ਹੀ ਲੰਘ ਸਕਦੇ ਹਾਂ। ਮੈਂ ਕੁਝ ਸੋਚ ਰਿਹਾ ਹਾਂ। ਕਿਰਪਾ ਕਰਕੇ ਮੈਨੂੰ ਪੰਜ ਮਿੰਟ ਡਿਸਟਰਬ ਨਾ ਕਰਨਾ।' ਦਰਅਸਲ ਸਪੇਸਸ਼ਿਪ ਦਾ ਰਾਹ ਰੋਕੀ ਇਕ ਵਿਸ਼ਾਲ ਚੱਕਰਨੁਮਾ ਵਸਤੂ ਖੜ੍ਹੀ ਸੀ। ਉਹ ਨਿਰੰਤਰ ਆਪਣੀ ਧੁਰੀ ਦੁਆਲੇ ਘੁੰਮ ਰਹੀ ਸੀ ਅਤੇ ਉਸ ਦੇ ਬਾਹਰੀ ਹਿੱਸੇ ਤੋਂ ਬਹੁਤ ਚੌੜੀਆਂ ਸ਼ਲਾਖਾਂ ਜਿਹੀਆਂ ਨਿਕਲ ਕੇ ਨਿਸਚਿਤ ਸਮੇਂ ਲਈ ਧੁਰੀ ਨਾਲ ਟਕਰਾਉਂਦੀਆਂ ਸਨ ਅਤੇ ਨਿਸ਼ਚਿਤ ਅੰਤਰਾਲ ਬਾਅਦ ਵਾਪਸ਼ ਆਪਣੇ ਪਹਿਲਾਂ ਵਾਲੇ ਸਥਾਨ ਤੇ ਪੁਜ ਜਾਂਦੀਆਂ ਸਨ। ਉਹ ਸਾਰਾ ਚੱਕਰ ਸੂਰਜ ਵਾਂਗ ਬਲ ਰਿਹਾ ਸੀ ਅਤੇ ਉਸ ਦੇ ਅੰਦਰ ਥਰਮੋਨਿਊਕਲੀਅਰ ਪ੍ਰਤੀ ਕ੍ਰਿਆਵਾਂ ਚੱਲ ਰਹੀਆਂ ਸਨ। ਜਿਸ ਦੇ ਨਾਲ ਕਾਫ਼ੀ ਬੜੀ ਮਾਤਰਾ ਵਿਚ ਊਰਜਾ ਉਤਪੰਨ ਹੋ ਰਹੀ ਸੀ।

ਪੰਜ ਮਿੰਟਾਂ ਬਾਅਦ—ਕੰਪਿਊਟਰ ਨੇ ਬੋਲਣਾ ਸ਼ੁਰੂ ਕੀਤਾ...

'ਸਰ, ਅਸੀਂ ਅਜੇ ਇਸ 'ਅਕਾਸ਼ੀ ਭੰਵਰ' ਤੋਂ ਪੰਜ ਹਜ਼ਾਰ ਕਿਲੋਮੀਟਰ ਦੂਰ ਹਾਂ। ਇਸ **ਅਕਾਸ਼ੀ** ਭੰਵਰ ਦਾ ਵਿਆਸ ਸਾਡੇ ਸੂਰਜ ਦੇ ਸਮਾਨ ਹੈ ਅਤੇ ਤਾਪਮਾਨ 2000 ਕੈਲਵਿਨ ਹੈ ਜੋ

ਕਿ ਸੂਰਜ ਦੇ ਤਾਪਮਾਨ ਤੋਂ ਕਾਫੀ ਘੱਟ ਹੈ ਪਰ ਸਾਨੂੰ ਤਾਪ ਦੀ ਪ੍ਰਵਾਹ ਨਹੀਂ ਕਿਉਂਕਿ ਸਾਡੇ ਸ਼ਿੱਪ ਦੀ ਭਿਆਨਕ ਤੋਂ ਭਿਆਨਕ ਗਰਮੀ ਨਾਲ ਵੀ ਨਹੀਂ ਪਿਘਲ ਸਕਦੀ।'

'ਕੀ ਇਸ ਵਿਚੋਂ ਜ਼ਰੂਰ ਗੁਜ਼ਰਨਾ ਪਵੇਗਾ ? ਹੋਰ ਕੋਈ ਰਸਤਾ ਨਹੀ...?......?' ਸਿਲਕੀ ਨੇ ਪੁੱਛਿਆ।

"ਮੈਡਮ, ਸੱਚ-ਮੁੱਚ ਸਾਡੇ ਕੋਲ, ਹੋਰ ਕੋਈ ਰਸਤਾ ਨਹੀਂ ਕਿਉਂਕਿ ਇਸ 'ਅਕਾਸ਼ੀ ਭੰਵਰ' ਦਾ ਫੈਲਾਅ ਬਹੁਤ ਜ਼ਿਆਦਾ ਹੈ। ਇਸ ਲਈ ਅਸੀਂ ਇਸ ਤੋਂ ਪਾਸੇ ਹਟ ਕੇ ਵੀ ਨਹੀਂ ਲੰਘ ਸਕਦੇ। ਕਿਉਂਕਿ ਇਹ ਅੰਦਰੋਂ ਖੋਖਲਾ ਹੈ, ਇਸ ਲਈ ਅਸਾਡੇ ਲਈ ਕੇਵਲ ਇਕੋ ਰਸਤਾ ਹੈ।"

'ਪਰ ਸਾਡੀ ਮੌਤ ਨਿਸ਼ਚਿਤ ਹੈ ਜੇ ਅਸੀਂ ਵਿਚੋਂ ਲੰਘੇ।'

'ਜ਼ਰੂਰੀ ਨਹੀਂ ਸਰ ਕਿ ਸਾਡਾ ਯਾਨ ਤਬਾਹ ਹੋ ਜਾਵੇ। ਦਰਅਸਲ ਇਸ ਅਕਾਸ਼ੀ ਭੰਵਰ ਵਿਚ ਤਪਦੀਆਂ ਹੋਈਆਂ ਸਲਾਖਾਂ, ਜਿਹਨਾਂ ਦਾ ਵਿਆਸ 500 ਮੀਟਰ ਪ੍ਰਤੀ ਹੈ, ਆਪਣੀ ਦੂਰੀ ਤਹਿ ਕਰਦੀਆਂ ਪੰਜ ਮਿੰਟ ਬਾਅਦ ਧੁਰੀ ਯਾਨੀ ਇਸ ਵਿਸ਼ਾਲ ਚੱਕਰ ਦੇ ਕੇਂਦਰ ਤੋ ਪੁੱਜ ਜਾਂਦੀਆਂ ਹਨ ਅਤੇ ਉਸੇ ਪਲ ਪਿਛਾਂਹ ਮੁੜ ਜਾਂਦੀਆਂ ਹਨ। ਇਸ ਤਰ੍ਹਾਂ ਸਾਡੇ ਕੋਲ ਸਿਰਫ਼ ਪੰਜ ਮਿੰਟ ਬਚਦੇ ਹਨ। ਉਸ ਸਮੇਂ ਵਿੱਚ ਅਸੀਂ ਪਲਕ ਝਪਕਦਿਆਂ ਹੀ ਇਸ ਭੰਵਰ ਨੂੰ ਪਾਰ ਕਰ ਸਕਦੇ ਹਾਂ।

'ਪਰ ਜੇ ਸਲਾਖਾਂ ਸਮੇਂ ਪਹਿਲਾਂ ਸਾਡੇ ਯਾਨ ਨਾਲ ਟਕਰਾ ਗਈਆਂ।' ਹਰਬੀਰ ਨੇ ਆਖਿਆ।

'ਉਫ......।' ਸਿਲਕੀ ਦੇ ਮੂਹੋਂ ਸਿਸਕਾਰੀ ਨਿੱਕਲ ਗਈ। 'ਨੋ ਸਰ ! ਕੁਦਰਤ ਦੇ ਨਿਯਮ ਅਟੱਲ ਹੁੰਦੇ ਹਨ। ਜਿਸ ਤਰ੍ਹਾਂ ਸਾਡੀ ਧਰਤੀ 23 ਘੰਟੇ 56 ਮਿੰਟ ਵਿਚ ਇਕ ਚੱਕ੍ਰ ਆਪਣੀ ਧੁਰੀ ਦੁਆਲੇ ਪੂਰਾ ਕਰਦੀ ਹੈ ਇਸੇ ਤਰ੍ਹਾਂ ਇਹ ਸਲਾਖਾਂ ਵੀ ਪੂਰੇ ਪੰਜ ਮਿੰਟਾਂ ਦੇ ਸਮੇਂ ਬਾਅਦ ਧੁਰੀ ਨੂੰ ਸਪਰਸ਼ ਕਰਦੀਆਂ ਹਨ।'

ਓ. ਕੇ.। ਇਹ ਰਿਸਕ ਤਾਂ ਲੈਣਾ ਹੀ ਪਵੇਗਾ। ਹੁਣ ਅਸੀ 'ਅਕਾਸ਼ੀ ਭੰਵਰ' ਤੋਂ ਕਿੰਨੀ ਕੁ ਦੂਰ ਹਾਂ ? ਹਰਬੀਰ ਨੇ ਪ੍ਰਸ਼ਨ ਕੀਤਾ।

'ਇਸ ਸਮੇਂ ਅਸੀਂ' ਖਤਰੇ' ਤੋਂ ਸੌ ਕਿਲੋਮੀਟਰ ਦੂਰ ਹਾਂ। ਮੈਂ ਯਾਨ ਦੀ ਚਾਲ ਸੁਸਤ ਕਰ ਦੇਵਾਂਗਾ ਅਤੇ ਜਦ ਅਸੀਂ 'ਅਕਾਸ਼ੀ ਭੰਵਰ' ਤੋਂ ਇੱਕ ਕਿਲੋਮੀਟਰ ਦੂਰ ਰਹਿ ਜਾਵਾਂਗੇ, ਤਾਂ ਮੈਂ ਯਾਨ ਨੂੰ ਸਥਿਰ ਕਰ ਦੇਵਾਂਗਾ। ਜਦੋਂ ਹੀ ਸਲਾਖਾਂ ਧੁਰੀ ਨਾਲ ਸਪਰਸ਼ ਕਰਕੇ ਵਾਪਸ ਮੁੜਨਗੀਆਂ ਮੈਂ ਯਾਨ ਨੂੰ ਚਾਲੂ ਕਰਕੇ ਇਸ ਦੀ ਸਪੀਡ ਤੁਰੰਤ ਪ੍ਰਕਾਸ਼ ਦੀ ਗਤੀ ਬਰਾਬਰ ਕਰ ਦੇਵਾਂਗਾ ਅਤੇ ਪਲਾਂ ਵਿਚ ਹੀ ਅਸੀਂ ਇਸ ਅਕਾਸ਼ੀ ਭੰਵਰ' ਤੋਂ ਲੱਖਾਂ ਮੀਲ ਦੂਰ ਹੋ ਜਾਵਾਂਗੇ।'

'ਓ. ਕੇ.। ਮੈਂ ਸੰਤੁਸ਼ਟ ਹਾਂ। ਬਸ਼ਰਤੇ ਕਿ ਕੁਦਰਤ ਦਾ ਨਿਯਮ ਨਾ ਬਦਲ ਜਾਵੇ।' ਹਰਬੀਰ ਨੇ ਸਿਲਕੀ ਵੱਲ ਵੇਖਦਿਆਂ ਕਿਹਾ।

ਉਸ ਦੀਆਂ ਅੱਖਾਂ ਵਿਚ ਉਦਾਸੀ ਦੇ ਭਾਵ ਸਨ। 'ਡੋਂਟ ਵਰੀ, ਸਿਲਕੀ...ਪ੍ਰਮਾਤਮਾ ਸਭ ਕੁੱਝ ਠੀਕ ਕਰ ਦੇਵੇਗਾ।'

ਹਰਬੀਰ ਨੇ ਆਪਣਾ ਹੱਥ ਉਸ ਦੀਆਂ ਕੋਮਲ ਗੱਲ੍ਹਾਂ ਤੇ ਫੇਰਦਿਆ ਆਖਿਆ। ਮਾਸਟਰ ਕੰਪਿਊਟਰ ਕੁਝ ਨਾ ਬੋਲਿਆ, ਬਸ ਉਸਦੇ ਮੂੰਹ ਦੇ ਤਾਰ ਹਿਲਕੇ ਰਹਿ ਗਏ। ਇਹੋ ਜਿਹਾ ਪ੍ਰੇਮ ਸਪੱਰਸ਼ ਉਹ ਕਿਵੇਂ ਅਨੁਭਵ ਕਰ ਸਕਦਾ ਸੀ ?

ਹੁਣ ਉਹਨਾਂ ਦਾ ਯਾਨ 'ਅਕਾਸ਼ੀ ਭੰਵਰ' ਤੋਂ ਇਕ ਕਿਲੋਮੀਟਰ ਦੂਰ ਸੀ। ਕੰਪਿਊਟਰ ਨੇ ਯਾਨ ਸਥਿਰ ਕਰ ਦਿੱਤਾ ਸੀ।

ਹਰਬੀਰ ਮਨ ਹੀ ਮਨ ਵਾਹਿਗੁਰੂ ਦਾ ਜਾਪ ਕਰ ਰਿਹਾ ਸੀ। 'ਉਹ ਗਾਡ ! ਪਲੀਜ਼ ਹੈਲਪ ਅੱਸ...... ।' ਸਿਲਕੀ ਦੇ ਮੂੰਹੋਂ ਬੋਲ ਝੜ ਰਹੇ ਸਨ।

ਫੇਰ ਹਰਬੀਰ ਨੇ ਆਪਣਾ ਪੂਰਾ ਧਿਆਨ ਟੀ. ਵੀ. ਸਕਰੀਨ ਤੇ ਤੈਰ ਰਹੇ 'ਅਕਾਸ਼ੀ ਭੰਵਰ' ਦੇ ਚਿੱਤਰ ਤੇ ਕੇਂਦਿਰਤ ਕਰ ਦਿੱਤਾ।

ਜਿਵੇਂ ਹੀ 500 ਮੀਟਰ ਵਿਆਸ ਵਾਲੀਆਂ ਤਪਦੀਆਂ ਸਲਾਖਾਂ ਨੇ ਚੱਕਰ ਦੇ ਕਿਨਾਰੇ ਤੋਂ ਧੁਰੀ ਵੱਲ ਨੂੰ ਵੱਧਣਾ ਸ਼ੁਰੂ ਕੀਤਾ ਤਾਂ ਕੰਪਿਊਟਰ ਨੇ ਯਾਨ ਦੀ ਗਤੀ ਮੱਧਮ ਕਰਕੇ ਉਸ ਨੂੰ ਚਾਲੂ ਕਰ ਦਿੱਤਾ।

ਹਰਬੀਰ ਅਤੇ ਸਿਲਕੀ ਦੇ ਦਿਲ ਐਨੀ ਤੇਜ਼ੀ ਨਾਲ ਧੜਕ ਰਹੇ ਸਨ ਜਿਵੇਂ ਪੱਖੇ ਦੇ ਪਰ ਘੁੰਮਦੇ ਹੋਣ। ਟੀ. ਵੀ. ਕੈਮਰਾ ਸਾਰੇ ਹਾਲਾਤ ਫਿਲਮਾਂ ਰਿਹਾ ਸੀ।

......ਤੇ ਫਿਰ ਜਦ ਸਲਾਖਾਂ ਨੇ ਧੁਰੀ ਨਾਲ ਸਪੱਰਸ਼ ਕਰਕੇ ਵਾਪਸ ਮੁੜਨਾ ਸ਼ੁਰੂ ਕੀਤਾ। ਬਿਲਕੁਲ...... ।

ਉਸੇ ਪਲ.........

ਕੰਪਿਊਟਰ ਨੇ ਯਾਨ ਦੀ ਗਤੀ ਕਲਪਨਾ ਜਿੰਨੀ ਤੇਜ਼ ਕਰ ਦਿੱਤੀ। ਯਾਨ ਪ੍ਰਕਾਸ਼ ਦੀ ਗਤੀ ਨਾਲ ਦੌੜਦਾ ਹੋਇਆ 'ਅਕਾਸ਼ੀ ਭੰਵਰ' ਵੱਲ ਵੱਧ ਰਿਹਾ ਸੀ।

ਹਰਬੀਰ ਤੇ ਸਿਲਕੀ ਦੇ ਦਿਲ ਧੜਕ ਰਹੇ ਸਨ। ਉਹ ਮਨ ਹੀ ਮਨ ਰੱਬ ਅਗੇ ਅਰਦਾਸਾਂ ਕਰ ਰਹੇ ਸਨ।

ਫੇਰ............... ।

ਉਹ ਸਮਾਂ ਵੀ ਆਇਆ ਜਦ ਯਾਨ 'ਅਕਾਸ਼ੀ ਭੰਵਰ' ਦੇ ਚੱਕਰ ਦੇ ਖੋਲ ਵਿਚ ਪ੍ਰਵੇਸ਼ ਕਰ ਗਿਆ ਅਤੇ ਇਕ ਸਕਿੰਟ ਬਾਅਦ ਹੀ ਹਾਂ—ਇਕ ਸਕਿੰਟ ਬਾਅਦ ਹੀ—ਯਾਨ ਭੰਵਰ ਤੋਂ ਤਿੰਨ ਲੱਖ ਕਿਲੋਮੀਟਰ ਦੂਰ ਸੀ। ਪਰ ਥੋੜ੍ਹੀ ਦੇਰ ਹੋ ਗਈ ਅਤੇ ਯਾਨ ਦਾ ਪਿਛਲਾ ਹਿੱਸਾ ਥੋੜ੍ਹਾ ਜਿਹਾ ਖਰਾਬ ਹੋ ਗਿਆ ਸੀ।

ਹਰਬੀਰ ਤੇ ਸਿਲਕੀ ਨੇ ਖੁਸ਼ੀ ਅਤੇ ਹੈਰਾਨੀ ਨਾਲ ਇਕ ਦੂਜੇ ਨੂੰ ਵੇਖਿਆ। ਉਨ੍ਹਾਂ ਦੀਆਂ ਅੱਖਾਂ ਵਿਚ ਅਸੀਮ ਸ਼ਾਂਤੀ ਦੇ ਭਾਵ ਸਨ। ਫੇਰ ਹਰਬੀਰ ਨੇ ਚੁੱਪੀ ਤੋੜੀ......'ਕੰਪਿਊਟਰ, ਯਾਨ ਦਾ ਪਿਛਲਾ ਹਿੱਸਾ ਤਾਂ ਖਰਾਬ ਹੋ ਗਿਆ ਹੈ।' ਹੁਣ ਸਾਨੂੰ ਕਿਸੇ ਗ੍ਰਹਿ ਤੇ ਉਤਰਨਾ ਪਵੇਗਾ ! 'ਹਾਂ ਸ੍ਰੀਮਾਨ ਜੀ ਤੁਸੀਂ ਠੀਕ ਆਖਦੇ ਹੋ।'

'ਅਕਾਸ਼ਦੀਪ' ਦੇ ਪਿਛਲੇ ਹਿੱਸੇ ਵਿਚ ਭਾਵੇਂ ਥੋੜ੍ਹੀ ਜਿਹੀ ਖਰਾਬੀ ਆਈ ਸੀ। ਪਰ ਜੇ ਇਸ ਹਾਲਤ ਵਿਚ ਯਾਤਰਾ ਜਾਰੀ ਰੱਖੀ ਜਾਂਦੀ ਤਾਂ ਯਾਨ ਕਾਫ਼ੀ ਖਰਾਬ ਹੋ ਸਕਦਾ ਸੀ। ਇਸ ਲਈ ਕਿਸੇ ਗ੍ਰਹਿ ਤੇ ਉਤਰਨਾ ਜ਼ਰੂਰੀ ਹੋ ਗਿਆ। ਤਾਂ ਜੋ ਯਾਨ ਨੂੰ ਠੀਕ ਕੀਤਾ ਜਾ ਸਕੇ। ਮਾਸਟਰ ਕੰਪਿਊਟਰ ਦੀਆਂ ਤੇਜ਼ ਐਕਸ-ਰੇ-ਨਜ਼ਰਾਂ ਕਾਫ਼ੀ ਦੂਰ ਦੂਰ ਤਕ ਕਿਸੇ ਉਤਰਨ ਯੋਗ ਧਰਤੀ ਨੂੰ ਭਾਲ ਰਹੀਆਂ ਸਨ।

ਹਰਬੀਰ ਅਤੇ ਸਿਲਕੀ ਦੀਆਂ ਖੋਜੀ ਨਜ਼ਰਾਂ ਵੀ ਸਕਰੀਨ ਤੇ ਜੰਮੀਆਂ ਹੋਈਆਂ ਸਨ।

ਅਚਾਨਕ ਸਿਲਕੀ ਚੀਖ ਉਠੀ........।

'ਔਹ ਵੇਖੋ! ਧਰਤੀ ਨਜ਼ਰ ਆ ਰਹੀ ਹੈ।' ਉਸ ਦੀਆਂ ਅੱਖਾਂ ਵਿਚ ਖੁਸ਼ੀ ਦੀ ਚਮਕ ਸੀ।

ਹਰਬੀਰ ਵੀ ਵੇਖ ਰਿਹਾ ਸੀ।

'ਯੈਸ ਮੈਡਮ? ਅਸੀਂ ਇਕ ਛੋਟੇ ਜਿਹੇ ਗ੍ਰਹਿ ਤੇ ਉਤਰ ਰਹੇ ਹਾਂ। ਜਿਸ ਦਾ ਨਾਂ ਮਾਰਕੋ ਹੈ। ਇਸ ਗ੍ਰਹਿ ਦੀ ਸਭਿਅਤਾ ਬਹੁਤ ਸਾਲ ਪਿਛੇ ਹੈ। ਇਸ ਤੇ ਆਦਿਵਾਸੀ ਵੱਸਦੇ ਹਨ। ਜਿਸ ਤਰ੍ਹਾਂ 'ਪੱਥਰ ਯੁਗ' ਵਿਚ ਪ੍ਰਿਥਵੀ ਤੇ ਵੱਸਦੇ ਸਨ। ਇਨ੍ਹਾਂ ਦੀ ਸ਼ਕਲ ਸੂਰਤ ਬਿਲਕੁਲ 'ਪੱਥਰ ਯੁੱਗ' ਦੇ ਮਾਨਵ ਵਰਗੀ ਹੈ। ਇਥੇ ਕਾਫ਼ੀ ਵਿਚਿਤਰ ਜੀਵ ਜੰਤੂ ਵੀ ਵਸਦੇ ਨੇ......। ਸਭਿਅਤਾ ਪ੍ਰਥਮ ਚਰਣ ਵਿਚ ਹੀ ਭਟਕ ਰਹੀ ਹੈ।

'ਅਸੀਂ ਕਦ ਲੈਂਡ ਕਰਾਂਗੇ?' ਸਿਲਕੀ ਨੇ ਪੁਛਿਆ।

'ਪੰਜ ਮਿੰਟ ਬਾਅਦ।'

ਤੇ ਫਿਰ ਪੰਜ ਮਿੰਟਾਂ ਬਾਅਦ 'ਅਕਾਸ਼ਦੀਪ' ਮਾਰਕੋ ਗ੍ਰਹਿ ਦੇ ਇਕ ਨਿਰਜਨ ਸਥੱਲ ਤੇ ਉਤਰਿਆ ਹਰਬੀਰ ਨੇ ਦਰਵਾਜ਼ਾ ਖੋਲ੍ਹ ਦਿੱਤਾ।

'ਕੰਪਿਊਟਰ ਕੀ ਬਾਹਰ ਜਾਣਾ ਸੁਰੱਖਿਅਤ ਹੋਵੇਗਾ?'

'ਹਾਂ......ਪਰ ਬਹੁਤੀ ਦੂਰ ਨਾ ਜਾਣਾ।'

ਹਰਬੀਰ ਅਤੇ ਸਿਲਕੀ ਬਾਹਰ ਆ ਗਏ। ਉਹਨਾਂ ਦੇ ਚਿਹਰੇ ਤੇ 'ਵਿਜੇ' ਦੇ ਚਿੰਨ੍ਹ ਸਨ। ਆਖਰ ਉਹਨਾਂ ਨੇ ਇਕ ਸਭਿਅਤਾ ਤਾਂ ਲੱਭ ਹੀ ਲਈ।

ਮਾਸਟਰ ਕੰਪਿਊਟਰ ਯਾਨ ਨੂੰ ਠੀਕ ਕਰਨ ਲੱਗ ਪਿਆ। ਟੀ. ਵੀ. ਕੈਮਰਾ, ਜਿਹੜਾ ਕਿ ਯਾਨ ਦੇ ਸਿਖਰ ਤੇ ਸਥਿਤ ਸੀ, ਸਾਰੇ ਹਾਲਤ ਫਿਲਮਾ ਰਿਹਾ ਸੀ।

ਉਹਨਾਂ ਦੂਰ ਦੂਰ ਨਜ਼ਰ ਮਾਰੀ ਤਾਂ ਦਰੱਖ਼ਤਾਂ ਦੇ ਝੁੰਡ ਨਜ਼ਰ ਆਏ। ਥੋੜੀ ਦੂਰ ਹੀ ਇਕ ਵਿਸ਼ਾਲ ਜੀਵ ਨਜ਼ਰ ਆ ਰਿਹਾ ਸੀ ਜੋ ਜ਼ਮੀਨ ਤੇ ਲੰਮਾ ਪਿਆ ਹੋਇਆ ਸੀ। ਉਸ ਦੀ ਸ਼ਕਲ ਬਹੁਤ ਹੱਦ ਤਕ ਡਾਈਨਾਸੋਰ ਨਾਲ ਮਿਲ ਰਹੀ ਸੀ।

ਉੱਤਰ ਵੱਲ ਨੂੰ ਵੇਖਣ ਤੇ ਉਹਨਾਂ ਨੂੰ ਪਾਣੀ ਦਾ ਇਕ ਛੋਟਾ ਜਿਹਾ ਤਲਾਬ ਨਜ਼ਰ ਆਇਆ। ਉਨ੍ਹਾਂ ਦੀਆਂ ਅੱਖਾਂ ਵਿਚ ਚਮਕ ਉਭਰ ਆਈ। ਉਹ ਟੁਰ ਕੇ ਤਲਾਬ ਤੱਕ ਆ ਗਏ।

ਹਰਬੀਰ ਹੱਥ ਵਧਾ ਕੇ ਪਾਣੀ ਦਾ ਘੁੱਟ ਭਰਨ ਲੱਗਾ ਤਾਂ ਸਿਲਕੀ ਨੇ ਉਸ ਦਾ ਹੱਥ ਫੜ ਲਿਆ।

'ਨਹੀਂ ਪਹਿਲਾਂ ਇਸ ਦਾ ਨਿਰੀਖਣ ਕਰ ਲਵਾਂ।

ਥੋੜ੍ਹੀ ਦੇਰ ਬਾਅਦ ਜਦੋਂ ਸਿਲਕੀ ਪੂਰੀ ਤਰ੍ਹਾਂ ਪਾਣੀ ਨੂੰ ਚੈਕ ਕਰ ਚੁੱਕੀ ਤਾਂ ਉਸਦੇ ਚਿਹਰੇ ਤੇ ਪੀੜ ਦੀਆਂ ਰੇਖਾਵਾਂ ਨ੍ਰਿਤ ਕਰ ਰਹੀਆਂ ਸਨ।

'ਵੇਖਿਆ, ਹਰਬੀਰ ਪਾਣੀ ਵਿਚ ਪੋਟਾਸ਼ੀਅਮ ਸਾਇਆਨਾਈਡ ਦੇ ਅੰਸ਼ ਹਨ।

'ਓਹ......!' ਹਰਬੀਰ ਦੇ ਮੂੰਹੋਂ ਡੂੰਘਾ ਸਾਹ ਨਿਕਲਿਆ। ਉਸ ਨੇ ਪਿਆਰ ਨਾਲ ਸਿਲਕੀ ਵੱਲ ਨੂੰ ਤੱਕਿਆ ਇਸ ਤੱਕਣੀ ਵਿਚ ਧੰਨਵਾਦ ਦੇ ਮਿਲੇ ਜੁਲੇ ਭਾਵ ਹਨ।

ਤਦੇ ਉਹਨਾਂ ਨੂੰ ਸ਼ੋਰ ਸੁਣਾਈ ਦਿੱਤਾ। ਸ਼ੋਰ ਉਹਨਾਂ ਦੇ ਯਾਨ ਵੱਲੋਂ ਆ ਰਿਹਾ ਸੀ। ਉਨ੍ਹਾਂ ਨੇ ਨਜ਼ਰ ਘੁਮਾ ਕੇ ਉਧਰ ਵੇਖਿਆ ਤਾਂ ਹੈਰਾਨ ਰਹਿ ਗਏ।

ਕੁਝ ਆਦਿ ਮਾਨਵ, ਜਿਨ੍ਹਾਂ ਨੇ ਲੱਕ ਤੇ ਹੀ ਸਿਰਫ ਕੱਪੜਾ ਬੰਨ੍ਹਿਆ ਹੋਇਆ ਸੀ ਯਾਨ ਦੇ ਦੁਆਲੇ ਇਕੱਠੇ ਹੋ ਕੇ ਨੱਚ ਰਹੇ ਸਨ। ਉਨ੍ਹਾਂ ਦੇ ਹੱਥ ਵਿਚ ਪ੍ਰਚੀਨ ਕਾਲ ਦੇ ਸਾਰੇ ਹਥਿਆਰ ਸਨ। ਗਦਾ ਤੇ ਤ੍ਰਿਸ਼ੂਲ ਵਰਗਾ ਹਥਿਆਰ। 'ਹੁਣ ਕੀ ਹੋਵੇਗਾ ?' ਸਿਲਕੀ ਨੇ ਪੁਛਿਆ।

ਉਹ ਕਿਸੇ ਅਜੀਬੋ ਗਰੀਬ ਭਾਸ਼ਾ ਵਿਚ ਸ਼ੋਰ ਮਚਾ ਰਹੇ ਸਨ। 'ਡੋਂਟ ਵਰੀ' ਹਰਬੀਰ ਨੇ ਜੇਬ ਵਿਚੋਂ ਪਿਸਤੌਲ ਕੱਢਦਿਆਂ ਆਖਿਆ।

ਸਿਲਕੀ ਜਾਣਦੀ ਸੀ ਕਿ ਇਸ ਪਿਸਤੌਲ ਵਿਚੋਂ ਇਕ ਥੈਲੀ ਜਿਹੀ ਨਿਕਲਦੀ ਹੈ ਜਿਸ ਨਾਲ ਚਾਰੇ ਪਾਸੇ 'ਅਥਰੂ' ਗੈਸ ਫੈਲ ਜਾਂਦੀ ਹੈ। ਸਿਲਕੀ ਨੇ ਤੇਜ਼ੀ ਨਾਲ ਮਿੱਟੀ ਪੁੱਟ ਕੇ ਰਬੜ ਦੀ ਥੈਲੀ ਵਿਚ ਪਾ ਲਈ।

ਅਚਾਨਕ ਇਕ ਆਦਿ ਮਾਨਵ ਦੀ ਨਜ਼ਰ ਉਹਨਾਂ ਤੇ ਪਈ।

'ਵਾਂਗਾਂ-ਵੂਆਂ,' ਉਹ ਉਹਨਾਂ ਵੱਲ ਨੂੰ ਹੱਥ ਕਰਕੇ ਕਿਸੇ ਅਜੀਬ ਜਿਹੀ ਭਾਸ਼ਾ ਵਿਚ ਹੀ ਚੀਖਿਆ।

ਸਾਰੇ ਆਦਿ ਮਾਨਵ ਉਹਨਾਂ ਵਲ ਦੌੜ ਪਏ। ਪਰ ਹਰਬੀਰ ਤੇ ਸਿਲਕੀ ਇਕ ਪਲ ਲਈ ਵੀ ਨਹੀਂ ਘਬਰਾਏ।

ਜਦੋਂ ਆਦਿ ਮਾਨਵ ਉਹਨਾਂ ਦੇ ਐਨ ਨਜ਼ਦੀਕ ਪੁੱਜ ਗਏ ਤਾਂ ਹਰਬੀਰ ਨੇ ਪਿਸਤੌਲ ਹਵਾ ਵਿਚ ਉਠਾ ਕੇ ਘੋੜਾ ਦਬਾ ਦਿੱਤਾ। ਪਿਸਤੌਲ ਦੀ ਨਾਲ ਵਿਚੋਂ ਇਕ ਦੋ ਕੁ ਸੈਂਟੀਮੀਟਰ ਦੀ ਥੈਲੀ ਨਿਕਲੀ ਅਤੇ ਵਾਤਾਵਰਣ ਵਿਚ ਕੌੜਾ ਧੂੰਆਂ ਪਸਰ ਗਿਆ।

ਆਦਿ ਮਾਨਵ ਅੱਖਾਂ ਤੇ ਹੱਥ ਰੱਖ ਕੇ ਜਿਧਰ ਨੂੰ ਰਸਤਾ ਮਿਲਿਆ ਭੱਜਣ ਲੱਗ ਪਏ। ਛੇਤੀ ਹੀ ਉਹ ਦਰੱਖਤਾਂ ਦੇ ਝੁੰਡਾਂ ਵਿਚ ਪੁੱਜ ਕੇ ਗ਼ਾਇਬ ਹੋ ਗਏ।

ਹਰਬੀਰ ਅਤੇ ਸ਼ਿਲਕੀ ਨੇ ਧੂੰਏ ਦੇ ਕੌੜੇਪਣ ਤੋਂ ਬਚਣ ਲਈ ਅੱਖਾਂ ਤੇ ਪਹਿਲਾਂ ਹੀ ਗਾਗਲਜ਼ ਚੜ੍ਹਾਏ ਹੋਏ ਸਨ।

ਉਹ ਛੇਤੀ ਯਾਨ ਵਿਚ ਆ ਗਏ। ਯਾਨ ਨੂੰ ਮਾਸਟਰ ਕੰਪਿਊਟਰ ਹੁਣ ਪੂਰੀ ਤਰ੍ਹਾਂ ਠੀਕ ਕਰ ਚੁਕਿਆ ਸੀ।

'ਸਰ! ਮੈਂ ਹੁਣੇ ਹੀ ਜਦ ਅੰਤਰਿਖਸ਼ ਦਾ ਅਧਿਐਨ ਕਰ ਰਿਹਾ ਸੀ ਤਾਂ ਪੂਰਬ ਵੱਲ ਨੂੰ 45° ਦੇ ਕੋਣ ਤੇ ਵੇਖਣ ਤੇ ਪਤਾ ਲੱਗਾ ਕਿ ਇਕ ਹੋਰ ਸਭਿਅਤਾ ਵੀ ਅਬਾਦ ਹੈ। ਉਸ ਗ੍ਰਹਿ ਦਾ ਨਾਂ 'ਡੈਕਲੀ' ਹੈ। ਉਥੋਂ ਦਾ ਵਿਗਿਆਨ ਪ੍ਰਿਥਵੀ ਦੇ ਵਿਗਿਆਨ ਤੋਂ ਪੰਜ ਲੱਖ ਸਾਲ ਅੱਗੇ ਹੈ। ਉਹ ਗ੍ਰਹਿ ਇਸ ਗ੍ਰਹਿ ਤੋਂ ਪੰਜਾਹ ਹਜ਼ਾਰ ਮੀਲ ਦੂਰ ਹੈ।' ਕੰਪਿਊਟਰ ਦੇ ਮੂੰਹੋਂ ਆਵਾਜ਼ ਦੀਆਂ ਤਰੰਗਾਂ ਫੁੱਟੀਆਂ।

ਉਹਨਾਂ ਦੀਆਂ ਅੱਖਾ ਵਿਚ ਫੇਰ ਚਮਕ ਉਭਰ ਆਈ। 'ਡੈਕਲੀ' ਗ੍ਰਹਿ ਵੱਲ ਨੂੰ ਚਾਲੇ ਪਾ ਦੇਵੋ।' ਹਰਬੀਰ ਨੇ ਆਖਿਆ।

ਬੁਲਬੁਲੇ ਦੇ ਬਣਨ ਤੋਂ ਲੈ ਕੇ ਵਿਲੀਨ ਸਮੇਂ ਵਿਚ ਆਕਾਸ਼ਦੀਪ ਮਾਰਕੋ ਗ੍ਰਹਿ ਦੀ ਧਰਤੀ ਛੱਡ ਗਿਆ। ਹੁਣ ਉਹ ਡੈਕਲੀ ਗ੍ਰਹਿ ਵੱਲ ਨੂੰ ਨਿਰੰਤਰ ਵੱਧ ਰਿਹਾ ਸੀ।

ਗ੍ਰਹਿ ਡੈਕਲੀ!

ਉਥੋਂ ਦੀ ਰਾਜਧਾਨੀ—ਵਿੰਟਰ।

ਚਾਰੇ ਪਾਸੇ ਇਸਪਾਤ ਅਤੇ ਸੋਨੇ ਦੀਆਂ ਬਣੀਆਂ ਗਗਨ ਚੁੰਬੀ ਇਮਾਰਤਾਂ। ਸੜਕਾਂ ਤੇ ਦੌੜਦੇ ਭਾਰੀ ਵਾਹਨ ਅਤੇ ਹਵਾ ਵਿਚ ਤੈਰਦੀਆਂ ਉੜਨਕਾਰਾਂ। ਗੱਲ ਕੀ ਪੂਰੇ ਦਾ ਪੂਰਾ ਵਿੰਟਰ ਸ਼ਹਿਰ ਪ੍ਰਿਥਵੀ ਦੇ ਕਿਸੇ ਮਨੁੱਖ ਦੇ ਸੁਪਨਿਆਂ ਦੇ ਹਾਣ ਦਾ ਸੀ। ਕਿਸੇ ਦੇਵ ਲੋਕ ਵਾਂਗ। ਚਾਰੇ ਪਾਸੇ ਪਸਰੀਆਂ ਰੰਗ-ਬਰੰਗੀਆਂ ਇਮਾਰਤਾਂ ਬੜਾ ਹੀ ਮਨਮੋਹਕ ਵਾਤਾਵਰਣ ਬਣਾ ਰਹੀਆਂ ਸਨ। ਜਿਸ ਸੋਰਮੰਡਲ ਵਿਚ ਡੈਕਲੀ ਗ੍ਰਹਿ ਸੀ ਉਸ ਵਿਚ ਕੁੱਲ ਬਾਰਾਂ ਗ੍ਰਹਿ ਸਨ ਅਤੇ ਦੋ ਸੂਰਜ ਸਨ। ਪਰ ਸਾਡੇ ਸੂਰਜ ਤੋਂ ਅੱਧੇ ਅਕਾਰ ਦੇ। ਉਸ ਸੋਰਮੰਡਲ ਵਿਚ 'ਡੈਕਲੀ' ਤੋਂ ਇਲਾਵਾ ਹੋਰ ਵੀ ਦੋ ਗ੍ਰਹਿਆਂ ਤੇ ਜੀਵਨ ਸੀ। ਜੀਵਨ ਅਤੇ ਵੀਂਜ ਇਹ ਗ੍ਰਹਿ ਅਕਾਰ ਦੇ ਪੱਖੋਂ ਡੈਕਲੀ ਗ੍ਰਹਿ ਤੋਂ ਬਹੁਤ ਛੋਟੇ ਸਨ। ਇਨ੍ਹਾਂ ਗ੍ਰਹਿਆਂ ਤੇ ਵੀ ਡੈਕਲੀ ਗ੍ਰਹਿ ਦੇ ਸ਼ਾਸਕ ਰਿਆਜ਼ੋ ਦੀ ਹਕੂਮਤ ਹੀ ਸੀ।

ਇਹ ਤਿੰਨੇ ਗ੍ਰਹਿ ਵਿਗਿਆਨ ਦੇ ਖੇਤਰ ਵਿਚ ਪ੍ਰਿਥਵੀ ਤੋਂ ਬਹੁਤ ਅੱਗੇ ਸਨ। ਜਿਨ੍ਹਾਂ ਚੀਜ਼ਾਂ ਦੀ ਅਜੇ ਅਸੀਂ ਕਲਪਨਾ ਵੀ ਨਹੀਂ ਕੀਤੀ ਸੀ। ਉਹ ਇਨ੍ਹਾਂ ਗ੍ਰਹਿਆਂ ਤੇ ਆਸਾਨੀ ਨਾਲ ਉਪਲਬਧ ਸਨ। ਇਨ੍ਹਾਂ ਤਿੰਨਾਂ ਗ੍ਰਹਿਆਂ ਤੇ ਜਿਹੜੇ ਮਨੁੱਖ ਵਸਦੇ ਸਨ ਉਨ੍ਹਾਂ ਦਾ ਕੱਦ ਪ੍ਰਿਥਵੀ ਵਾਸੀਆਂ ਤੋਂ ਥੋੜ੍ਹਾ ਛੋਟਾ ਸੀ ਪਰ ਉਨ੍ਹਾਂ ਦਾ ਮਸਤਕ ਅਸਾਡੇ ਨਾਲੋਂ ਕਿਤੇ ਚੋੜਾ ਸੀ। ਇਥੇ ਡੇਢ ਮਹੀਨੇ ਦਾ ਬੱਚਾ ਤੁਰਨ ਫਿਰਨ ਲਗ ਪੈਂਦਾ ਸੀ। ਉਨ੍ਹਾਂ ਗ੍ਰਹਿ ਵਾਸੀਆਂ ਦੇ ਚਿਹਰੇ ਤੇ ਇਕ ਵੀ ਵਾਲ ਨਹੀਂ ਸੀ। ਸਾਰੇ ਦੇ ਸਾਰੇ ਗ੍ਰਹਿ ਵਾਸੀ ਜਨਮਜਾਤ ਗੰਜੇ ਸਨ। ਉਨ੍ਹਾਂ ਦੇ ਚਿਹਰੇ ਤੇ ਵੀ ਦੋ ਹੀ ਅੱਖੀਆਂ ਸਨ ਪਰ ਸਾਰੇ ਵਾਸੀਆਂ ਦੀਆਂ ਅੱਖਾਂ ਦਾ ਰੰਗ ਹਰਾ ਸੀ। ਉਹ ਗੁੰਝਲਦਾਰ ਤੋਂ ਵੀ ਗੁੰਝਲਦਾਰ ਗੱਲ ਨੂੰ ਬਹੁਤ ਛੇਤੀ ਸਮਝ ਲੈਂਦੇ ਸਨ। ਵਿਗਿਆਨ ਦੇ ਲੰਬੇ ਚੋੜੇ ਸਵਾਲ ਪਲਾਂ ਵਿਚ ਹੀ ਕੱਢ

ਮਾਰਦੇ ਸਨ। ਹਰੇਕ ਵਿਅਕਤੀ ਨੂੰ ਵਿਗਿਆਨ ਵਿਚ ਰੁੱਚੀ ਸੀ ਤਦੇ ਹੀ ਉਹ ਗ੍ਰਹਿ ਐਨੀ ਤਰੱਕੀ ਕਰ ਸਕੇ ਸਨ।

ਸ਼ਹਿਰ ਵਿੰਟਰ ਦੀ ਸੌ ਮੰਜ਼ਿਲਾ ਇਮਾਰਤ ਜਿਸਦਾ ਨਾਂ 'ਸਿਤਾਰਾ ਘਰ' ਸੀ। ਵਿਗਿਆਨਕਾਂ ਦੇ ਵਿਚਾਰ ਕਰਨ ਦੀ ਜਗ੍ਹਾ ਸੀ। ਉਥੋਂ ਦੇ ਚੀਫ ਦਾ ਨਾਂ ਸੀ—ਨੀਵਾਨ। ਹਾਲਾਂ ਕਿ ਵਿਗਿਆਨ ਦੇ ਖੇਤਰ ਵਿਚ ਉਸਨੇ ਕੋਈ ਬਹੁਤਾ ਵੱਡਾ ਮਾਅਰਕਾ ਨਹੀਂ ਸੀ ਮਾਰਿਆ ਪਰ ਫੇਰ ਵੀ ਉਹ ਆਪਣੇ ਵਿਲੱਖਣ ਗੁਣਾਂ ਕਰਕੇ ਚੀਫ ਬਣ ਬੈਠਾ ਸੀ। ਦਰਅਸਲ ਉਹ ਇਕ ਇਕਾਂਤ ਪਸੰਦ ਵਿਅਕਤੀ ਸੀ—ਉਸਦਾ ਘਰ ਵੀ ਵਿੰਟਰ ਸ਼ਹਿਰ ਤੋਂ ਦਸ ਕਿਲੋਮੀਟਰ ਦੂਰ ਸੀ। ਉਥੇ ਉਹ ਇਕੱਲਾ ਹੀ ਰਹਿੰਦਾ ਸੀ। ਉਹ ਕਿਸੇ ਵੀ ਪ੍ਰਸਥਿਤੀ ਵਿਚ ਨਹੀਂ ਘਬਰਾਂਦਾ ਸੀ।

ਇਸ ਸਮੇਂ ਉਹ 'ਸਿਤਾਰਾ ਘਰ' ਦੀ ਸੌਵੀਂ ਮੰਜ਼ਿਲ ਤੇ ਸਥਿੱਤ ਆਪਣੇ ਆਫ਼ਿਸ ਵਿਚੋਂ ਛੁੱਟੀ ਕਰਕੇ ਨਿਕਲਿਆ ਸੀ। ਉਹ ਬਾਹਰ ਪੋਰਚ ਵਿਚ ਖੜੀ ਆਪਣੀ ਉੜਨਕਾਰ ਕੋਲ ਆਇਆ ਅਤੇ ਤੇਜ਼ੀ ਨਾਲ ਉਸਨੂੰ ਸ਼ਟਾਰਟ ਕਰਕੇ ਆਪਣੇ ਘਰ ਵੱਲ ਨੂੰ ਨਿਕਲ ਪਿਆ।

ਉਸ ਸਮੇਂ ਉਸਨੇ ਆਪਣੇ ਘਰ ਦੇ ਦਲਾਨ ਵਿਚ ਆਪਣੀ ਕਾਰ ਨੂੰ ਉਤਾਰਿਆ ਸੀ ਜਦ ਉਸਨੇ 'ਆਕਾਸ਼ ਦੀਪ' ਯਾਨ ਨੂੰ ਹਵਾ ਵਿਚ ਤੈਰਦਿਆਂ ਵੇਖਿਆ। ਉਸ ਦੀਆਂ ਅਨੁਭਵੀ ਅੱਖਾਂ ਝੱਟ ਤਾੜ ਗਈਆਂ ਕਿ ਇਹ ਯਾਨ ਉਹਨਾਂ ਦੇ ਆਪਣੇ ਗ੍ਰਹਿਆਂ ਦਾ ਨਹੀਂ ਬਲਕਿ ਕਿਸੇ ਬਾਹਰੀ ਦੁਨੀਆਂ ਤੋਂ ਆਇਆ ਹੈ। ਉਸ ਦੀਆਂ ਛੋਟੀਆਂ ਅੱਖਾਂ ਹੋਰ ਛੋਟੀਆਂ ਹੋ ਗਈਆਂ ਅਤੇ ਉਹ ਅਕਾਸ਼ਦੀਪ ਨੂੰ ਵੇਖ ਕੇ ਨਾ ਚਹੁੰਦਿਆਂ ਹੋਇਆਂ ਵੀ ਮੁਸਕਰਾ ਪਿਆ। 'ਅਕਾਸ਼ਦੀਪ' ਉਸਦੇ ਘਰ ਤੋਂ ਦੂਰ ਇਕ ਨਿਰਜਨ ਸਥੱਲ ਤੇ ਹੌਲੀ ਹੌਲੀ ਉਤਰ ਰਿਹਾ ਸੀ। ਨੀਵਾਨ ਕਾਰ ਖੜੀ ਕਰਕੇ ਉੱਧਰ ਚੱਲ ਪਿਆ।

ਥੋੜੀ ਦੇਰ ਬਾਅਦ ਉਹ ਉਸ ਜਗ੍ਹਾ ਤੇ ਪੁੱਜ ਗਿਆ। ਜਿਥੇ 'ਅਕਾਸ਼ ਦੀਪ' ਹੁਣੇ ਹੀ ਉਤਰਿਆ ਸੀ। 'ਅਕਾਸ਼ ਦੀਪ' ਵਿਚੋਂ ਨਿਕਲਦੀ ਤੇਜ਼ ਗੈਸ ਕਾਰਣ ਆਸਪਾਸ ਦੇ ਵਾਤਾਵਰਣ ਵਿਚ ਮਿੱਟੀ ਉੜ ਕੇ ਭਰ ਗਈ ਸੀ। ਉਹ ਇਕ ਦਰੱਖ਼ਤ ਦੇ ਤਣੇ ਦੇ ਉਹਲੇ ਹੋ ਗਿਆ। 'ਅਕਾਸ਼-ਦੀਪ' ਯਾਨ ਵਿਚੋਂ ਨਿਕਲ ਰਹੀ ਤੇਜ਼ ਚਮਕ ਉਸ ਦੀਆਂ ਅੱਖੀਆਂ ਚੁੰਧਿਆ ਰਹੀ ਸੀ।

'ਸਰ ! ਅਸੀਂ ਡੈਕਲੀ ਗ੍ਰਹਿ ਦੇ ਧਰਾਤਲ ਤੇ ਠੀਕ ਠਾਕ ਲੈਂਡ ਕਰ ਗਏ ਹਾਂ।' ਕੰਪਿਊਟਰ ਦੇ ਮੂੰਹੋਂ ਆਵਾਜ਼ ਦੀਆਂ ਲਹਿਰਾਂ ਨਿਕਲੀਆਂ।

ਕੰਪਿਊਟਰ ਨੇ ਉਹਨਾਂ ਨੂੰ ਡੈਕਲੀ, ਸੀਵਨ ਅਤੇ ਵੀਂਜ ਗ੍ਰਹਿਆਂ ਬਾਰੇ ਜਾਣਕਾਰੀ ਪਹਿਲਾਂ ਹੀ ਦੇ ਦਿੱਤੀ ਸੀ।

ਉਸ ਸਮੇਂ ਸਿਲਕੀ ਸਕਰੀਨ ਤੇ ਇਕ ਦਰਖ਼ਤ ਉਹਲੇ ਖੜੇ ਨੀਵਾਨ ਨੂੰ ਵੇਖਕੇ ਚੌਂਕੀ।

'ਹਰਬੀਰ, ਉਸ ਵੇਖੋ ਆਦਮੀ !'

ਹਰਬੀਰ ਨੇ ਵੀ ਤਦ ਤਕ ਨੀਵਾਨ ਨੂੰ ਵੇਖ ਲਿਆ ਸੀ।

'ਹਾਂ, ਸੱਚਮੁਚ, ਸਾਨੂੰ ਉਸ ਨਾਲ ਗੱਲ ਕਰਨੀ ਚਾਹੀਦੀ ਹੈ।' ਫੇਰ ਹਰਬੀਰ ਨੇ ਮਾਈਕ ਸੰਭਾਲ ਲਿਆ।

'ਪਰ ਅਸੀਂ ਉਸ ਆਦਮੀ ਦੀ ਭਾਸ਼ਾ ਕਿਵੇਂ ਬੋਲ ਸਕਦੇ ਹਾਂ ? ਮੈਂ ਉਸਨੂੰ ਗਣਿਤਕ ਭਾਸ਼ਾ ਰਾਹੀਂ ਕੁਝ ਸੰਕੇਤ ਦੇਵਾਂਗਾ। ਫੇਰ ਉਹ ਆਪਣੀ ਭਾਸ਼ਾ ਦੇ ਕੁਝ ਸ਼ਬਦ ਬੋਲੇਗਾ। ਉਸੇ ਸਮੇਂ ਮੈਂ ਆਪਣੇ ਦਿਮਾਗ਼ ਵਿਚ ਉਸਦੀ ਪੂਰੀ ਬੋਲੀ ਨੂੰ ਬਿਠਾ ਲਵਾਂਗਾ।'

ਹਰਬੀਰ ਦੇ ਦਿਮਾਗ ਦੀ ਇਕ ਖਾਸੀਅਤ ਇਹ ਸੀ ਕਿ ਉਹ ਕਿਸੇ ਅਜਨਬੀ ਭਾਸ਼ਾ ਦੇ ਕੁਝ ਸ਼ਬਦ ਸੁਣ ਕੇ ਉਸ ਸਮੁੱਚੀ ਭਾਸ਼ਾ ਨੂੰ ਕਾਫ਼ੀ ਸਮਝ ਲੈਂਦਾ ਸੀ।

'ਕੰਪਿਊਟਰ ਤੇਨੂੰ ਉਸ ਭਾਸ਼ਾ ਦੇ ਅਰਥ ਨਾਲ ਨਾਲ ਸਮਝਾਈ ਜਾਊ।' ਹਰਬੀਰ ਨੇ ਸਿਲਕੀ ਵੱਲ ਨੂੰ ਪਿਆਰ ਨਾਲ ਵੇਖਦਿਆਂ ਆਖਿਆ।

'ਓ, ਕੇ............।'

ਫੇਰ ਹਰਬੀਰ ਨੇ ਗਣਿਤਕ ਭਾਸ਼ਾ ਵਿਚ ਕੁਝ ਸੰਕੇਤ ਮਾਈਕ ਤੇ ਦੁਹਰਾਏ ਜਿਨ੍ਹਾਂ ਨੂੰ ਬਾਹਰ ਖੜੇ ਨੀਵਾਨ ਨੇ ਸੁਣ ਲਿਆ।

'ਸਿਤਾਰ ਘਰ' ਦਾ ਚੀਫ ਹੋਣ ਦੇ ਨਾਤੇ ਉਹ ਸਭ ਕੁਝ ਸਮਝ ਗਿਆ। ਉਸਦੇ ਮੂੰਹੋਂ ਆਵਾਜ਼ ਦੀਆਂ ਲਹਿਰਾਂ ਨੇ ਨਿਕਲ ਕੇ ਅੰਗੜਾਈ ਲਈ।

'ਹੇ ਅਜਨਬੀ ਪ੍ਰਦੇਸ਼ ਦੇ ਯਾਤਰੀਓ !' ਉਹ ਆਪਣੀ ਭਾਸ਼ਾ ਵਿਚ ਬੋਲਿਆ। ਉਸਦੀ ਆਵਾਜ ਬੇਹੱਦ ਮੋਟੀ ਸੀ।

ਏਨੇ ਸਮੇਂ ਵਿਚ ਹਰਬੀਰ ਦਾ ਦਿਮਾਗ ਉਸ ਦੀ ਭਾਸ਼ਾ ਨੂੰ ਕੁੱਝ ਕੁੱਝ ਸਮਝਣ ਲੱਗਿਆ ਸੀ। ਕੰਪਿਊਟਰ ਨੇ ਵੀ ਇਹਨਾ ਸ਼ਬਦਾਂ ਦਾ ਅਨੁਵਾਦ ਦੋਹਰਾ ਦਿੱਤਾ। ਨੀਵਾਨ ਬੋਲ ਰਿਹਾ ਸੀ—'ਇਹ ਗ੍ਰਹਿ ਡੈਕਲੀ ਹੈ। ਮੈਂ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਾ ਚਾਹੁੰਦਾ ਹਾਂ। ਮੈਂ ਇਥੋਂ ਦੀ ਰਾਜਧਾਨੀ ਵਿੰਟਰ ਦੇ 'ਸਿਤਾਰ ਘਰ' ਦਾ ਚੀਫ਼ ਹਾਂ। ਕੀ ਤੁਸੀਂ ਮੇਰੀ ਗੱਲ ਸਮਝ ਰਹੇ ਹੋ ?'

'ਹਾਂ.........।' ਹਰਬੀਰ ਨੇ ਆਖਿਆ—'ਅਸੀਂ ਪ੍ਰਿਥਵੀ ਤੋਂ ਆਏ ਹਾਂ। ਸਾਨੂੰ ਤੁਹਾਡੇ ਨਾਲ ਮਿਲਕੇ ਖੁਸ਼ੀ ਹੋਵੇਗੀ।' ਇਨੇ ਸਮੇਂ ਵਿਚ ਹਰਬੀਰ ਉਸਦੀ ਕਾਫੀ ਭਾਸ਼ਾ ਸਮਝ ਚੁੱਕਾ ਸੀ।

'ਹਾਂ, ਮੈਨੂੰ ਵੀ ਖੁਸ਼ੀ ਹੋਵੇਗੀ।' ਨੀਵਾਨ ਨੇ ਆਖਿਆ।

ਕੰਪਿਊਟਰ ਨੇ ਸਿਲਕੀ ਨੂੰ ਭਾਸ਼ਾ ਬਦਲਣ ਵਾਲਾ ਯੰਤਰ ਦੇ ਦਿੱਤਾ ਅਤੇ ਫੇਰ......... ਹਰਬੀਰ ਅਤੇ ਸਿਲਕੀ ਦੋਵੇਂ ਸ਼ਿਪ ਦਾ ਦਰਵਾਜ਼ਾ ਖੋਹਲ ਕੇ ਬਾਹਰ ਆ ਗਏ। ਨੀਵਾਨ ਵੀ ਹੁਣ ਯਾਨ ਦੇ ਕੋਲ ਆ ਚੁੱਕਾ ਸੀ। ਹਰਬੀਰ ਨੇ ਉਸ ਵੱਲ ਹੱਥ ਵਧਾਇਆ ਤਾਂ ਉਸਨੇ ਵੇਖਿਆ ਕਿ ਨਿਵਾਨ ਦੇ ਹੱਥ ਦੀਆਂ ਉਂਗਲੀਆਂ ਨਹੀਂ ਸਨ। ਹੱਥ ਬਿਲਕੁਲ ਸਪਾਟ ਸੀ। ਫੇਰ ਨੀਵਾਨ ਨੇ ਸਿਲਕੀ ਨਾਲ ਵੀ ਹੱਥ ਮਿਲਾਇਆ। ਗੱਲ ਹਰਬੀਰ ਨੇ ਸ਼ੁਰੂ ਕੀਤੀ......'ਮਿ: ਨੀਵਾਨ ਕੀ ਤੁਸੀਂ ਸਾਨੂੰ ਦੋਵਾਂ ਨੂੰ ਵਿੰਟਰ ਸ਼ਹਿਰ ਦਿਖਾ ਸਕਦੇ ਹੋ ?'

'ਹਾਂ ਹਾਂ......ਕਿਉਂ ਨਹੀਂ ਮੈਂ ਸਮਰਾਟ ਰਿਆਜ਼ੋ ਨਾਲ ਗੱਲ ਕਰਦਾ ਹਾਂ।' ਨੀਵਾਨ

ਬੋਲਿਆ। ਲਿਖਣ ਦੀ ਲੋੜ ਨਹੀਂ ਕਿ 'ਲੈਂਗੁਏਜ਼ ਚੇਂਜਰ' ਦੇ ਰਾਹੀਂ ਸਿਲਕੀ ਵੀ ਸਾਰੀ ਗੱਲਬਾਤ ਕਰਨਾ ਚਾਹੁੰਦੇ ਹਨ।'

ਨੀਵਾਨ ਨੇ ਆਪਣੇ ਹੱਥ ਤੇ ਬੱਧੀ ਗੁੱਟ ਘੜੀ ਦੇ ਕੁਝ ਸਵਿੱਚ ਦਬਾਏ ਅਤੇ ਫੇਰ ਉਸ ਵਿਚ ਬੋਲਿਆ, 'ਹੈਲੋ, ਸਮਰਾਟ ਰਿਆਜ਼ੋ......ਦਿਸ ਇਜ਼ ਅਰਜੈਂਟ ਇਕ ਅਗਿਆਤ ਗ੍ਰਹਿ ਜਿਸਦਾ ਨਾਂ ਪ੍ਰਿਥਵੀ ਹੈ, ਦੇ ਦੋ ਪ੍ਰਾਣੀ ਤੁਹਾਡੇ ਨਾਲ ਗੱਲਬਾਤ ਕਰਨਾ ਚਾਹੁੰਦੇ ਹਨ।'

'ਓ. ਕੇ.! ਉਹਨਾਂ ਨੂੰ ਰਾਜ-ਮਹਿਲ ਵਿਚ ਲੈ ਆਉ।' ਦੂਸਰੇ ਪਾਸਿਉਂ ਆਵਾਜ਼ ਆ ਰਹੀ ਸੀ। ਜੋ ਨਿਸ਼ਚੇ ਹੀ ਸਮਰਾਟ ਰਿਆਜ਼ੋ ਦੀ ਹੀ ਸੀ।

ਹਰਬੀਰ ਅਤੇ ਸਿਲਕੀ ਦੀਆਂ ਅੱਖਾਂ ਵਿਚ ਖੁਸ਼ੀ ਦੀ ਚਮਕ ਉੱਤਰ ਆਈ। ਨੀਵਾਨ ਉਨ੍ਹਾਂ ਨੂੰ ਨਾਲ ਲੈ ਕੇ ਆਪਣੇ ਨਿਵਾਸ ਅਸਥਾਨ ਤੱਕ ਲੈ ਆਇਆ। ਉਥੋਂ ਉਹ ਉਹਨਾਂ ਨੂੰ ਉੜਨਕਾਰ ਵਿਚ ਬਿਠਾ ਕੇ ਵਿੰਟਰ ਸ਼ਹਿਰ ਵੱਲ ਨੂੰ ਚੱਲ ਪਿਆ।

'ਕਮਾਲ ਹੈ......ਸੱਚ ਮੁੱਚ ਇਥੋਂ ਦਾ ਵਿਗਿਆਨ ਸਾਥੋਂ ਬਹੁਤ ਅੱਗੇ ਹੈ। ਅਸੀਂ ਤਾਂ ਉੜਨ ਕਾਰਾਂ ਦੀ ਅਜੇ ਕਲਪਨਾਂ ਹੀ ਕਰ ਸਕਦੇ ਹਾਂ।' ਸਿਲਕੀ ਅਚੰਭੇ ਵਿਚ ਬੋਲੀ।

ਨੀਵਾਨ ਅਤੇ ਹਰਬੀਰ ਮੁਸਕਰਾ ਕੇ ਹੀ ਰਹਿ ਗਏ।

ਥੋੜ੍ਹੀ ਦੇਰ ਬਾਅਦ—

ਉਹ ਵਿੰਟਰ ਸ਼ਹਿਰ ਦੇ ਉਪਰ ਉਡ ਰਹੇ ਸਨ। ਕਾਰ ਗਗਨ ਚੁੰਬੀ ਇਮਾਰਤਾਂ ਦੇ ਵਿਚਕਾਰੋਂ ਦੀ ਵਲ ਖਾਂਦੀ ਹੋਈ ਲੰਘ ਰਹੀ ਸੀ। ਹਰਬੀਰ ਅਤੇ ਸਿਲਕੀ ਨੇ ਥੱਲੇ ਨਜ਼ਰ ਭੁਆ ਕੇ ਤਕਿਆ ਤਾਂ ਸਾਫ ਸੁਥਰੀਆਂ ਸੜਕਾਂ ਤੇ ਬੜੇ ਬੜੇ ਸੁੰਦਰ ਵਾਹਨ ਦੌੜ ਰਹੇ ਸਨ। ਪੂਰੇ ਦਾ ਪੂਰਾ ਵਿੰਟਰ ਸ਼ਹਿਰ ਉਹਨਾਂ ਨੂੰ ਸੁਪਨ-ਲੋਕ ਵਰਗਾ ਲੱਗਿਆ।

ਉਨ੍ਹਾਂ ਦੇ ਦੇਖਦਿਆਂ ਹੀ ਦੇਖਦਿਆਂ ਕਈ ਉੜਨਕਾਰਾਂ ਤੇ ਛੋਟੇ ਜਹਾਜ਼ ਕੋਲੋਂ ਦੀ ਲੰਘ ਗਏ ਵਿੰਟਰ ਸ਼ਹਿਰ ਦੇ ਇਕ ਪਾਸੇ ਨੀਲਾ ਸਮੁੰਦਰ ਸੀ।

ਸ਼ਾਮ ਦੇ ਇਸ ਹੁਸੀਨ ਵਕਤ ਦੋ ਸੂਰਜ ਅਸਤ ਹੁੰਦੇ ਹੋਏ ਉਨ੍ਹਾਂ ਨੂੰ ਬੜੇ ਹੀ ਲੁਭਾਵਣੇ ਲੱਗੇ।

ਉਹਨਾਂ ਨੇ ਇਕ ਲੰਬਾ ਚੱਕਰ ਪੂਰੇ ਵਿੰਟਰ ਸ਼ਹਿਰ ਦਾ ਲਗਾਇਆ।

'ਸੁੰਦਰ ਅਤਿ ਸੁੰਦਰ......।' ਹਰਬੀਰ ਅਤੇ ਸਿਲਕੀ ਦੇ ਮੂੰਹੋਂ ਨਿਕਲਿਆ ਵਿੰਟਰ ਸ਼ਹਿਰ ਘੁੰਮਣ ਤੋਂ ਬਾਅਦ, ਉਹ ਸ਼ਹਿਰ ਦੇ ਐਨ ਵਿਚਕਾਰ ਰਾਜ ਮਹਿਲ ਸਥਿੱਤ ਦੀ ਸੁੰਦਰ ਅਤੇ ਵਿਸਾਲ ਇਮਾਰਤ ਦੇ ਦਲਾਨ ਵਿਚ ਜਾ ਉਤਰੇ।

ਡੇਕਲੀ, ਸੀਵਨ ਅਤੇ ਵੀਂਜੇ ਗ੍ਰਹਿਆਂ ਦਾ ਸਮਰਾਟ ਰਿਆਜ਼ ਉਨ੍ਹਾਂ ਦੇ ਸਵਾਗਤ ਲਈ ਆਪਣੇ ਸੇਵਕਾਂ ਸਮੇਤ ਖੜ੍ਹਾ ਸੀ ਰਿਆਜ਼ੋ ਸਾਢੇ ਤਿੰਨ ਫੁੱਟ ਦਾ ਇਕ ਉਧੇੜ ਉਮਰ ਦਾ ਵਿਅਕਤੀ ਸੀ। ਉਸ ਦੇ ਸਿਰ ਤੇ ਰੰਗ-ਬਰੰਗੇ ਹੀਰਿਆਂ ਦਾ ਇਕ ਸੁੰਦਰ ਤਾਜ਼ ਸੁਸ਼ੋਭਿਤ ਸੀ। ਉਸਦੇ ਸਡੋਲ ਜਿਸਮ ਤੇ ਦੁੱਧ ਵਰਗਾ ਸਫੈਦ ਲਿਬਾਸ ਸੀ।

ਉਸਨੇ ਅੱਗੇ ਵੱਧ ਕੇ ਉਨ੍ਹਾਂ ਨਾਲ ਹੱਥ ਮਿਲਾਇਆ ।

'ਸਮਰਾਟ ਰਿਆਜ਼ੋ ਤੁਹਾਡਾ ਸਵਾਗਤ ਕਰਦਾ ਹੈ, ਹੇ ਪ੍ਰਿਥਵੀ ਦੇ ਵਾਸੀਓ ।'

ਉਹ ਉਨ੍ਹਾਂ ਨੂੰ ਇਕ ਵਿਸ਼ਾਲ ਤੇ ਸੁਸਜਿਤ ਕਮਰੇ ਵਿਚ ਲੈ ਆਇਆ । ਜਿਥੇ ਅਣਗਿਣਤ ਟੀ. ਵੀ. ਸਕਰੀਨਾਂ ਲਗੀਆਂ ਹੋਈਆਂ ਸਨ । ਉਨ੍ਹਾਂ ਤੇ ਪੂਰੇ ਡੈਕਲੀ ਗ੍ਰਹਿ ਦੇ ਭਿੰਨ-ਭਿੰਨ ਦ੍ਰਿਸ਼ ਸਨ । ਹਰੇਕ ਸਕਰੀਨ ਦੇ ਸਾਹਮਣੇ ਇਕ ਇਕ ਅਪਰੇਟਰ ਬਿਰਾਜਮਾਨ ਸੀ ।

'ਇਹ ਸਾਡਾ ਕੰਟਰੋਲ ਰੂਮ ਹੈ ।' ਸਮਰਾਟ ਰਿਆਜ਼ੋ ਉਹਨਾਂ ਨੂੰ ਦੱਸਦਾ ਹੋਇਆ ਬੋਲਿਆ । 'ਇਥੋਂ ਅਸੀਂ ਸਾਰੇ ਹਾਲਾਤ ਦਾ ਪਤਾ ਕਰ ਲੈਂਦੇ ਹਾਂ ਕਿ ਕਿਥੇ ਕਿਥੇ ਕਿਹੜੀ ਕਿਹੜੀ ਘਟਨਾ ਵਾਪਰ ਰਹੀ ਹੈ ?'

'ਮੈਂ ਸੀਵਨ ਤੇ ਵੀਂਜ ਗ੍ਰਹਿ ਦੇ ਦ੍ਰਿਸ਼ ਵੀ ਵੇਖਣਾ ਚਾਹੁੰਦਾ ਹਾਂ ।' ਹਰਬੀਰ ਨੇ ਇੱਛਾ ਪਰਗਟ ਕੀਤੀ ।

ਰਿਆਜ਼ੋ ਉਹਨਾਂ ਨੂੰ ਇਕ ਵਿਸ਼ਾਲ ਸਕਰੀਨ ਦੇ ਹਾਹਮਣੇ ਲੈ ਆਇਆ । ਫੇਰ ਉਸ ਅਪਰੇਟਰ ਨੂੰ ਆਖਿਆ ।

'ਅਪਰੇਟਰ, ਸੀਵਨ ਗ੍ਰਹਿ ਦੀ ਰਾਜਧਾਨੀ ਬਾਂਗਵਾ ਦਾ ਦ੍ਰਿਸ਼ ਪ੍ਰਸਤੁਤ ਕਰੋ ।'

'ਜੀ ਮਹਾਮਹਿਮ ।'

ਥੋੜ੍ਹੀ ਦੇਰ ਬਾਅਦ ਟੀ. ਵੀ. ਸਕਰੀਨ ਤੇ ਬਾਂਗਵਾ ਸ਼ਹਿਰ ਦਾ ਦ੍ਰਿਸ਼ ਤੈਰ ਰਿਹਾ ਸੀ ।

ਉਥੋਂ ਦੀਆਂ ਇਮਾਰਤਾਂ ਵਿੰਟਰ ਸ਼ਹਿਰ ਦੀਆਂ ਇਮਾਰਤਾਂ ਤੋਂ ਕੁਝ ਛੋਟੀਆਂ ਸਨ । ਪਰ ਉਹਨਾਂ ਦਾ ਦ੍ਰਿਸ਼ ਵੀ ਬਹੁਤ ਲੁਭਾਵਣਾ ਸੀ ।

ਹਰ ਪਾਸੇ ਵਿਗਿਆਨ ਦਾ ਚਾਨਣ ਫੈਲਿਆ ਹੋਇਆ ਸੀ । ਵੀਂਜ ਗ੍ਰਹਿ ਦੀ ਰਾਜਧਾਨੀ ਥ੍ਰੀਨੀਅਸ ਦਾ ਵੀ ਉਹੀ ਦ੍ਰਿਸ਼ ਸੀ । ਉਹੀ ਵਿਗਿਆਨ ਦਾ ਚਾਨਣ, ਗਗਨ ਚੁੰਬੀ ਇਮਾਰਤਾਂ ਅਤੇ ਦੋ ਸੂਰਜਾਂ ਦਾ ਕਹਿਕਸ਼ਾਂ ।

ਹਰਬੀਰ ਅਤੇ ਸਿਲਕੀ ਦੇ ਮੂੰਹੋਂ ਨਿਕਲਿਆ......'ਵੰਡਰਫੁਲ, ਵੈਰੀ ਫਾਈਨ......।'

'ਥੈਂਕਸ ਏ ਲਾਟ ਸਰ ।' ਹਰਬੀਰ ਨੇ ਰਿਆਜ਼ੋ ਨੂੰ ਆਖਿਆ ।

ਫੇਰ ਸਮਰਾਟ ਰਿਆਜ਼ੋ ਅਤੇ ਨੀਵਾਨ ਉਨ੍ਹਾਂ ਨੂੰ ਮਹਿਮਾਨ ਕਮਰੇ ਵਿਚ ਲੈ ਆਇਆ । ਉਨ੍ਹਾਂ ਨੂੰ ਡੈਕਲੀ ਗ੍ਰਹਿ ਦੇ ਬਦਾਮਾਂ ਦੀ ਸ਼ਰਾਬ ਪੇਸ਼ ਕੀਤੀ ਗਈ ।

ਹਰਬੀਲ ਨੇ ਉਹ ਰਸੀਲੀ ਸ਼ਰਾਬ ਸਿੱਪ ਕਰਦਿਆਂ ਕਿਹਾ, ਕੀ ਇਥੇ ਨੇੜੇ ਤੇੜੇ ਸੀਵਨ ਅਤੇ ਵੀਂਜ ਗ੍ਰਹਿਆਂ ਤੋਂ ਇਲਾਵਾ ਕੋਈ ਹੋਰ ਦੀ ਸਭਿਅਤਾ ਅਬਾਦ ਹੈ ?

ਨੀਵਾਨ ਬੋਲ ਉਠਿਆ—'ਨਹੀਂ ਸਾਡੀ ਗਲੈਕਸੀ' ਵਿਚ ਹੋਰ ਕਿਸੇ ਗ੍ਰਹਿ ਤੇ ਜੀਵਨ ਨਹੀਂ ਏ । ਹਾਂ, ਐਂਡਰੋਮੇਡਾ ਗਲੈਕਸੀ ਦੇ ਅੰਤ ਵਿਚ ਪੰਜ ਗ੍ਰਹਿ ਅਬਾਦ ਹਨ ।'

'ਉਨ੍ਹਾਂ ਦਾ ਵਿਗਿਆਨ ਚਰਮ ਸੀਮਾ ਤੋਂ ਵੀ ਅੱਗੇ ਵੱਧ ਚੁਕਿਆ ਹੈ । ਪਰ ਤੁਹਾਨੂੰ ਪ੍ਰਕਾਸ਼

ਦੀ ਗਤੀ ਨਾਲ ਵਧਦਿਆਂ ਉਥੇ ਪੁੱਜਣ ਤੱਕ ਦੋ ਸਾਲ ਲੱਗ ਜਾਣਗੇ। ਪਰ ਰਸਤੇ ਵਿਚ ਅਨੇਕਾਂ ਖਤਰੇ ਨੇ। ਅਸਾਡੇ ਬਹੁਤ ਸਾਰੇ ਖੋਜੀ ਯਾਨ ਉਧਰ ਵਧਦਿਆਂ 'ਅਕਾਸ਼ੀ ਭੰਵਰਾਂ' ਵਿਚ ਫਸ ਗਏ ਨੇ।'

'ਉਹੋ...।' ਹਰਬੀਰ ਨੇ ਡੂੰਘਾ ਸਾਹ ਲਿਆ।

'ਅੱਛਾ...ਅਸੀਂ ਤੁਹਾਡੇ ਨਾਲ ਬਹੁਤ ਚੰਗਾ ਸਮਾਂ ਗੁਜ਼ਾਰਿਆ। ਹੁਣ ਅਸੀਂ ਚਲਦੇ ਹਾਂ।'

'ਤੁਸੀਂ ਹੋਰ ਰੁਕ ਲੈਂਦੇ' ਸਮਰਾਟ ਰਿਆਜ਼ੋ ਨੇ ਆਖਿਆ।

'ਨਹੀਂ ਸਾਨੂੰ ਚਲਿਆਂ ਤਿੰਨ ਮਹੀਨੇ ਹੋ ਗਏ ਨੇ। ਸਹਿਯੋਗ ਲਈ ਤੁਹਾਡਾ ਧੰਨਵਾਦ।'

'ਕੀ ਪ੍ਰਿਥਵੀ ਨਾਲ ਤੁਹਾਡਾ ਕਿਸੇ ਤਰ੍ਹਾਂ ਸਬੰਧ ਨਹੀਂ ਸਥਾਪਿਤ ਹੋ ਸਕਦਾ।'

ਸਿਲਕੀ ਚਹਿਕ ਉਠੀ।

'ਰੇਡੀਓ ਰੇਜ਼ ਤੋਂ ਛੁੱਟ ਹੋਰ ਕੋਈ ਰਸਤਾ ਨਹੀਂ। ਰੇਡੀਓ ਸਿਗਨਲਜ਼ ਵੀ ਰਸਤੇ ਵਿਚ ਅਣਗਿਣਤ ਐਕਟਿਵ ਪਦਾਰਥਾਂ ਦੀ ਪ੍ਰਤੀਕਿਰਿਆ ਅਤੇ ਹੋਰ ਗੈਸਾਂ ਦੀ ਕਿਰਿਆ ਕਰਕੇ ਕਰੈਸ਼ ਹੋ ਜਾਂਦੇ ਹਨ। ਅਸੀਂ ਭਵਿੱਖ ਵਿਚ ਨਵੀਆਂ ਯੋਜਨਾਵਾਂ ਸੋਚਾਂਗੇ। ਫੇਰ ਜ਼ਰੂਰ ਕੋਈ ਨਾ ਕੋਈ ਰਸਤਾ ਨਿਕਲ ਆਵੇਗਾ।'

'ਅੱਛਾ ਵਿਦਾ ਸਮਰਾਟ ਰਿਆਜ਼ੋ !' ਹਰਬੀਰ ਅਤੇ ਸਿਲਕੀ ਨੇ ਰਿਆਜ਼ੋ ਨਾਲ ਹੱਥ ਮਿਲਾਉਂਦਿਆਂ ਕਿਹਾ। 'ਵਿਦਾ ! ਨਿੱਘੇ ਦੋਸਤੋ !' ਰਿਆਜ਼ੋ ਦੇ ਮੂੰਹੋਂ ਧੁਨੀ ਤਰੰਗਾਂ ਪ੍ਰਸਫੁਟਿਤ ਹੋਈਆਂ। ਫੇਰ ਨਿਵਾਨ ਦੀ ਉਡਨਕਾਰ ਵਿਚ ਸਵਾਰ ਹੋ ਕੇ ਉਹ ਆਪਣੇ ਯਾਨ ਵੱਲ ਨੂੰ ਉਡ ਗਏ।

ਟੀ. ਵੀ. ਕੈਮਰੇ ਰਾਹੀਂ ਉਹਨਾਂ ਨੇ ਆਪਣੀ ਮਿਲਣੀ ਦੀ ਫਿਲਮ ਤਿਆਰ ਕਰਵਾ ਲਈ ਸੀ। ਜਿਹੜੀ ਹਰਬੀਰ ਆਪਣੇ ਨਾਲ ਲੈ ਗਿਆ ਸੀ।

ਸਕਰੀਨ ਤੇ ਰਿਆਜ਼ੋ ਯਾਨ 'ਅਕਾਸ਼ਦੀਪ' ਨੂੰ ਉਡਦਿਆਂ ਤੱਕ ਰਿਹਾ ਸੀ। ਉਸ ਦੇ ਹੋਠਾਂ ਤੇ ਹਲਕੀ ਮੁਸਕਰਾਹਟ ਸੀ।

ਯਾਨ 'ਅਕਾਸ਼ਦੀਪ' ਡੈਕਲੀ ਗ੍ਰਹਿ ਤੋਂ ਕਾਫੀ ਦੂਰ ਆ ਚੁੱਕਾ ਸੀ। ਹੁਣ ਫੇਰ ਯਾਨ ਦੇ ਸਾਹਮਣੇ ਪਹਿਲਾਂ ਵਾਲਾ ਅਕਾਸ਼ੀ ਭੰਵਰਾ ਸੀ। ਜਿਸ ਵਿਚ ਬੜੀਆਂ-ਬੜੀਆਂ ਲਾਲ ਸਲਾਖਾਂ ਪੰਜ ਮਿੰਟਾਂ ਬਾਅਦ ਧੁਰੀ ਨੂੰ ਸਪਰਸ਼ ਕਰਦੀਆਂ ਸਨ। 'ਕੀ ਹੁਣ ਫੇਰ ਅਸੀਂ ਪਹਿਲਾਂ ਵਾਲੀ ਤਕਨੀਕ ਨਾਲ ਪਾਰ ਨਿਕਲਾਂਗੇ।' ਸਿਲਕੀ ਨੇ ਮਾਸਟਰ ਕੰਪਿਊਟਰ ਨੂੰ ਪੁਛਿਆ।

'ਯੈਸ ਮੈਡਮ !'

'ਨਹੀਂ' ਹਰਬੀਰ ਬੋਲ ਉਠਿਆ, 'ਮੈਂ ਕੋਈ ਰਿਸਕ ਨਹੀਂ ਲੈਣਾ ਚਾਹੁੰਦਾ। 'ਕੰਪਿਊਟਰ ਤੂੰ ਐਮਰਜੈਂਸੀ ਕੰਪਿਊਟਰ ਨੂੰ ਸੁਚੇਤ ਕਰਕੇ ਉਸ ਕੋਲ ਸਾਰੀ ਫਿਲਮ (ਜੋ ਯਾਨ ਦੇ ਉਪਰ ਲੱਗੇ ਕੈਮਰੇ ਨੇ ਫਿਲਮਾਈ ਸੀ) ਅਤੇ ਮਾਰਕੋ ਗ੍ਰਹਿ ਦੀ ਮਿੱਟੀ ਦੀ ਥੈਲੀ ਸੌਂਪ ਕੇ ਪ੍ਰਿਥਵੀ ਵੱਲ ਨੂੰ ਰਵਾਨਾ ਕਰਦੇ। ਪ੍ਰਿਥਵੀ ਹੁਣ ਬਹੁਤੀ ਦੂਰ ਨਹੀਂ। ਕੀ ਪਤਾ ਅਸੀਂ ਨਸ਼ਟ ਹੋ ਜਾਈਏ ? ਐਮਰਜੈਂਸੀ ਕੰਪਿਊਟਰ ਕਿਸੇ ਵੀ ਹਾਲਤ ਵਿਚ ਨਸ਼ਟ 'ਨਹੀਂ' ਹੋ ਸਕਦਾ।'

ਹਰਬੀਰ ਨੇ ਬਹੁਤ ਸੋਚ ਸਮਝ ਕੇ ਇਹ ਨਿਰਣਾ ਲਿਆ ਸੀ। ਕਿ ਮਾਸਟਰ ਕੰਪਿਊਟਰ ਨੇ ਹਰਬੀਰ ਦੇ ਕਹੇ ਅਨੁਸਾਰ ਐਮਰਜੈਂਸੀ ਕੰਪਿਊਟਰ ਦਾ ਸਰਕਟ ਚਾਲੂ ਕਰਕੇ ਉਸ ਨੂੰ ਫਿਲਮ ਦੀ ਕੈਸਟ ਅਤੇ ਮਿੱਟੀ ਦੀ ਥੈਲੀ ਸੌਂਪ ਕੇ, ਪ੍ਰਿਥਵੀ ਤੇ ਸਥਿਤ ਅੰਤਰਿਖਸ਼ ਅਨੁਸੰਧਾਨ ਕੇਂਦਰ ਜ਼ੀਰੋ ਵੱਲ ਦੀ ਦਿਸ਼ਾ ਮਿੱਥ ਕੇ ਭੇਜ ਦਿੱਤਾ।

ਐਮਰਜੈਂਸੀ ਕੰਪਿਊਟਰ 'ਅਕਾਸ਼ੀ ਭੰਵਰ' ਨੂੰ ਚੀਰਦਾ ਹੋਇਆ ਸੁਰੱਖਿਅਤ ਪ੍ਰਿਥਵੀ ਵੱਲ ਨੂੰ ਕੂਚ ਕਰ ਗਿਆ। ਉਸ ਵਿਚ ਇਕ ਸਵੈ-ਚਲਿਤ ਰਾਕਿਟ ਫਿਟ ਸੀ।

ਹੁਣ ਮਾਸਟਰ ਕੰਪਿਊਟਰ ਨੇ ਪਹਿਲਾਂ ਵਾਲੀ ਤਕਨੀਕੀ ਨਾਲ ਯਾਨ ਨੂੰ ਚੱਕਰਨੁਮਾ ਅਕਾਸ਼ੀ ਭੰਵਰ ਵਿਚ ਦਾਖ਼ਲ ਕਰ ਦਿੱਤਾ।

ਪਰ.. ਇਥੇ ਹੀ ਭੁਲ ਹੋ ਗਈ। ਹਰਬੀਰ ਦੀ ਸ਼ੰਕਾ ਸੱਚ ਹੋ ਗਈ।

ਉਹਨਾਂ ਦੇ ਯਾਨ ਵਿਚ ਐਨ ਉਸ ਸਮੇਂ ਖਰਾਬੀ ਆ ਗਈ ਅਤੇ ਉਸ ਦੀ ਸਪੀਡ ਯਕਾਯਕ ਪ੍ਰਕਾਸ਼ ਦੀ ਗਤੀ ਤੋਂ ਘੱਟ ਕੇ ਬਹੁਤ ਹੇਠਾਂ ਆ ਗਈ।

ਅਤੇ ਫੌਲਾਦ ਜਿਹੀਆਂ ਮਜ਼ਬੂਤ ਸਲਾਖਾਂ ਨੇ ਸ਼ਿੱਪ ਨੂੰ ਚਾਰ ਚੁਫੇਰਿਓਂ ਆਪਣੇ ਮਜ਼ਬੂਤ ਸ਼ਿਕੰਜੇ ਵਿਚ ਕੱਸ ਲਿਆ।

ਇਕ ਸਕਿੰਟ ਮੌਤ ਬਣ ਕੇ ਉਭਰ ਆਇਆ।

'ਅਕਾਸ਼ਦੀਪ' ਥੋੜ੍ਹੀ ਦੇਰ ਮਜ਼ਬੂਤ ਸਲਾਖਾਂ ਵਿਚ ਕਸਮਸਾਇਆ ਅਤੇ ਫੇਰ...ਕਤਰਾ ਕਤਰਾ ਬਣ ਕੇ ਅੱਗ ਦੇ ਦਰਿਆ ਵਿਚ ਰਚ ਗਿਆ।

ਸਿਲਕੀ ਅੰਤਿਮ ਵਕਤ ਹਰਬੀਰ ਨਾਲ ਲਿਪਟ ਗਈ ਸੀ ਅਤੇ ਉਹਨਾਂ ਦੀਆਂ ਅੱਖਾਂ ਵਿਚੋਂ ਗਹਿਰੀ ਹੈਰਾਨੀ ਦੇ ਭਾਵ ਸਨ—ਪਰ ਸ਼ਾਇਦ ਦੂਰ ਕਿਤੇ ਅੱਖਾਂ ਵਿਚ ਇਕ ਚਮਕ ਵੀ ਸੀ—ਵਿਜੈ ਦੀ ਚਮਕ।

ਅੰਤਰਿਖਸ਼ ਦੇ ਮਤਵਾਲੇ ਅੰਤਰਿਖਸ਼ ਦੀ ਕਹਿਕਸ਼ਾਂ ਵਿਚ ਸਮਾ ਗਏ ਸਨ।

ਐਮਰਜੈਂਸੀ ਕੰਪਿਊਟਰ 'ਅੰਤਰਿਖਸ਼ ਅਨੁਸੰਧਾਨ ਕੇਂਦਰ ਜ਼ੀਰੋ ਦੇ ਵਿਗਿਆਨਕਾਂ ਨੇ ਕੈਚ ਕਰ ਲਿਆ ਸੀ।

ਉਹਨਾਂ ਨੇ ਫਿਲਮ ਦੀ ਕੈਸਟ ਵੀ ਵੇਖ ਲਈ ਸੀ ਅਤੇ ਸਮਝ ਲਿਆ ਸੀ ਕਿ ਉਹ ਦੋਨੋਂ ਮਾਨਵਤਾ ਲਈ ਸ਼ਹੀਦ ਹੋ ਗਏ।

ਮਾਧੁਰੀ ਨੇ ਵੀ ਆਪਣੇ ਚੀਫ਼ ਨਾਲ ਬੈਠ ਕੇ ਪੂਰੀ ਫਿਲਮ ਵੇਖੀ ਸੀ। ਉਹ ਦੋਵੇਂ ਨਾ ਭੁਲਣ ਵਾਲੀ ਦੇਣ ਦੇ ਗਏ ਸਨ। ਹਰਬੀਰ ਅਤੇ ਸਿਲਕੀ ਨੂੰ ਯਾਦ ਕਰਕੇ ਉਸ ਦਾ ਮਨ ਉਦਾਸ ਹੋ ਗਿਆ। ਉਸ ਦੇ ਦਿਲ ਵਿਚ ਜਿਵੇਂ ਇਕ ਖਲਾਅ ਜਿਹਾ ਉਤਪੰਨ ਹੋ ਗਿਆ ਸੀ। ਉਸ ਦੀਆਂ ਅੱਖਾਂ ਨਮ ਹੋ ਗਈਆਂ ਸਨ। ਉਹ ਦੋਵੇਂ ਉਸ ਦੇ ਗੂੜ੍ਹੇ, ਦੋਸਤ ਰਹਿ ਚੁੱਕੇ ਸਨ।

ਫੇਰ ਉਹ ਆਪਣੇ ਘਰ ਆ ਗਈ। ਹੁਣ ਜਜ਼ਬ ਕੀਤੇ ਹੋਏ ਅਥਰੂਆਂ ਦਾ ਸੈਲਾਬ ਪਲਕਾਂ ਦੇ ਬੰਨ੍ਹ ਤੋੜ ਕੇ ਵਹਿ ਤੁਰਿਆ।

ਫੇਰ ਜਦ ਉਸ ਦੀਆਂ ਅੱਖਾਂ ਹੰਝੂਆਂ ਨਾਲ ਧੋ ਹੋ ਗਈਆਂ ਤਾਂ ਉਸ ਨੇ ਆਪਣੇ ਅੰਤਰਮਨ ਵਿਚੋਂ ਗੂੰਜਦੀ ਆਵਾਜ਼ ਨਾਲ 'ਅੰਤਰਿਖਸ਼ ਦੇ ਮਤਵਾਲਿਆਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ।

# ਮਸ਼ੀਨ ਅਤੇ ਮਨੁੱਖ

ਸਮੁੰਦਰ ਦਾ ਪਾਣੀ ਸ਼ਾਂਤ ਸੀ । ਬਿਲਕੁਲ ਸ਼ਾਂਤ । ਸਵੇਰ ਦਾ ਉਜਾਲਾ ਫੈਲਣ ਵਿਚ ਅਜੇ ਥੋੜ੍ਹੀ ਦੇਰ ਸੀ । ਦੂਰ-ਦੂਰ ਤੱਕ ਵੇਖਣ ਤੇ ਕੋਈ ਵੀ ਪਰਿੰਦਾ ਜਾਂ ਮਨੁੱਖ ਨਜ਼ਰ ਨਹੀਂ ਸੀ ਆਉਂਦਾ । ਜਿਵੇਂ-ਜਿਵੇਂ ਸਮੁੰਦਰ ਦਾ ਹਰਾ ਅਤੇ ਹਲਕਾ ਚਿੱਟਾ ਨਿਰਮਲ ਜਲ, ਸਵੇਰ ਦੀ ਲਾਲੀ ਨਾਲ ਲਾਲ ਸੂਹਾ ਹੋ ਰਿਹਾ ਸੀ ਤਾਂ ਇਕ ਪਰਛਾਵਾਂ ਰੇਤ ਤੇ ਟੁਰਦਾ ਜਾਂਦਾ ਸਪੱਸ਼ਟ ਹੋ ਰਿਹਾ ਸੀ । ਠੰਡੀ ਰੇਤ ਉਸ ਦੇ ਗਿੱਲੇ ਪੈਰਾਂ ਨਾਲ ਚਿਪਕ ਰਹੀ ਸੀ । ਪਰ ਉਹ ਆਪਣੀ ਹੀ ਧੁੰਨ ਵਿਚ ਮਗਨ ਸਮੁੰਦਰ ਦੇ ਕਿਨਾਰੇ ਟੁਰਿਆ ਜਾ ਰਿਹਾ ਸੀ। ਜਿਵੇਂ ਹੀ ਸਵੇਰ ਨੇ ਅੰਗੜਾਈ ਲਈ, ਉਹ ਪਰਛਾਵਾਂ ਇਕ ਮਨੁੱਖ ਵਿਚ ਵਟਦਾ ਚਲਾ ਗਿਆ ।

ਕੀ ਉਹ ਮਨੁੱਖ ਹੀ ਸੀ ?

ਨਹੀਂ !...ਧਿਆਨ ਨਾਲ ਦੇਖਣ ਤੇ ਪਤਾ ਲਗਦਾ ਸੀ ਕਿ ਉਹ ਕਿਸੇ ਵਿਗਿਆਨਕ ਦਾ ਵਡਮੁੱਲਾ ਸ਼ਾਹਕਾਰ ਸੀ । ਬਿਲਕੁਲ ਮਨੁੱਖ ਦਿਖਣ ਵਾਲਾ ਉਹ ਇਕ ਰੋਬਟ ਸੀ, ਜਿਸ ਕੋਲ ਸੱਚ ਮੁੱਚ ਇਕ ਦਿਮਾਗ ਸੀ.. ਸੁਤੰਤਰ ਦਿਮਾਗ । ਉਹ ਰੋਬਟ ਬਿਲਕੁਲ ਕਿਸੇ ਮਨੁੱਖ ਵਾਂਗ ਸੋਚ ਸਕਦਾ ਸੀ । ਲੇਕਿਨ ਅਜੇ ਉਸ ਦੇ ਸੀਨੇ ਵਿਚ ਦਿਲ ਨਹੀਂ ਸੀ, ਇਸ ਲਈ ਉਹ ਲੋਕ ਮਨ ਦੀਆਂ ਪੀੜਾਂ ਨਹੀਂ ਬਿਆਨ ਕਰ ਸਕਦਾ ਸੀ ।

ਪਰ ਨਹੀਂ...ਮੈਂ ਵੀ ਸ਼ਾਇਦ ਗਲਤ ਹਾਂ । ਉਸ ਦੀਆਂ ਨੀਲੀਆਂ ਅੱਖਾਂ ਵਿਚ ਤਰਲਤਾ ਸੀ...ਸ਼ਾਇਦ ਅਥਰੂ ਸਨ । ਕੀ ਉਸ ਮਹਾਨ ਵਿਗਿਆਨਿਕ ਨੇ ਉਸ ਨੂੰ ਦਿਲ ਵੀ ਦਿੱਤਾ ਸੀ ? ਉਸ ਦੀਆਂ ਅੱਖਾਂ ਵਿਚ ਏਨੀ ਡੂੰਘੀ ਉਦਾਸੀ ਸੀ ਜਿੰਨੀ ਕਿਸੇ ਸ਼ਾਇਰ ਦੀਆਂ ਅੱਖਾਂ ਵਿਚ ਹੀ ਹੋ ਸਕਦੀ ਹੈ । ਜਾਂ ਉਸ ਵਿਅਕਤੀ ਦੀਆਂ ਅੱਖਾਂ ਵਿਚ ਜਿਹੜਾ ਦੂਸਰਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਦਾ ਹੋਵੇ ।

ਉਹ ਠੰਡੀ ਰੇਤ ਤੇ ਤੁਰ ਰਿਹਾ ਸੀ, ਜਿਹੜੀ ਕਿ ਹੌਲੀ-ਹੌਲੀ ਗਰਮ ਹੋ ਰਹੀ ਸੀ । ਫੇਰ ਉਹ ਸਮੁੰਦਰ ਦੇ ਕਿਨਾਰੇ ਚਲਦਿਆਂ ਦੂਰ ਨਿਕਲ ਗਿਆ...।

ਥੋੜ੍ਹੀ ਦੇਰ ਬਾਅਦ...ਉਹ ਇਕ ਬੰਗਲੇ ਸਾਹਮਣੇ ਸੀ । ਬੰਗਲੇ ਦੇ ਪਿਛਵਾੜੇ ਵਿਚ ਇਕ ਬਗੀਚੀ ਬਣੀ ਹੋਈ ਸੀ । ਠੰਡੀ-ਠੰਡੀ ਪੌਣ ਰੁਮਕ ਰਹੀ ਸੀ । ਪਰ ਸ਼ਾਇਦ ਉਸ ਰੋਬਟ ਤੇ ਇਸ ਦਾ ਕੋਈ ਅਸਰ ਨਹੀਂ ਸੀ । ਉਹ ਆਪਣੇ ਵਿਚ ਗੁਆਚਿਆ ਹੋਇਆ, ਉਸ ਬੰਗਲੇ ਦੇ ਅੰਦਰ ਘੁਸਦਾ ਚਲਿਆ ਗਿਆ ।

ਬੰਗਲੇ ਦੇ ਅੰਦਰ ਪੁਜ ਕੇ ਉਸ ਨੇ ਦਰਵਾਜ਼ੇ ਤੇ ਦਸਤਕ ਦਿੱਤੀ ਤਾਂ ਉਹ ਆਪਣੇ ਆਪ ਹੀ

ਖੁੱਲ੍ਹ ਗਿਆ । ਆਪਣੇ ਚਿਹਰੇ ਤੇ ਬਿਨਾਂ ਕਿਸੇ ਹੈਰਾਨੀ ਦੇ ਭਾਵ ਲਿਆਉਂਦਿਆਂ, ਉਸ ਨੇ ਬੰਗਲੇ ਦੇ ਅੰਦਰ ਇਧਰ-ਉਧਰ ਫਿਰਨਾ ਸ਼ੁਰੂ ਕਰ ਦਿੱਤਾ । ਉਹ ਬੰਗਲਾ ਵੇਖਣ ਨੂੰ ਕਿਸੇ ਰਾਜੇ-ਮਹਾਰਾਜੇ ਦੇ ਮਹਿਲ ਤੋਂ ਵੀ ਵੱਧ ਆਲੀਸ਼ਾਨ ਸੀ । ਹਲਕੇ ਨੀਲੇ ਰੰਗ ਦਾ ਪੇਂਟ ਦੀਵਾਰਾਂ ਦੀ ਸੁੰਦਰਤਾ ਵਿਚ ਹੋਰ ਵੀ ਵਾਧਾ ਕਰ ਰਿਹਾ ਸੀ ।

ਰੋਬਟ ਆਪਣੇ ਆਪ ਵਿਚ ਹੀ ਬੁੜਬੜਾਇਆ—

'ਪਤਾ ਨਹੀਂ ਮੈਡਮ ਇਸ ਵਕਤ ਕਿਥੇ ਹੋਵੇਗੀ ?' ਉਸ ਦੀ ਆਵਾਜ਼ ਹੌਲੀ ਹੁੰਦਿਆਂ ਵੀ ਬੇਹੱਦ ਮਨਮੋਹਣੀ ਸੀ । ਫੇਰ ਕਿਸੇ ਵਿਚਾਰ ਨੂੰ ਦਿਮਾਗ਼ ਵਿਚ ਲਿਆਉਂਦਿਆਂ ਹੀ ਉਸ ਨੇ ਆਪਣੇ ਸਿਰ ਨੂੰ ਇਕ ਝਟਕਾ ਦਿੱਤਾ । ਉਸ ਦੀਆਂ ਅੱਖਾਂ ਜਿਵੇਂ ਸਿਫ਼ਰ ਵਿਚ ਸਥਿਰ ਹੋ ਗਈਆਂ । ਪਲ ਭਰ ਲਈ ਜਿਵੇਂ ਉਹ ਨਿਰਜੀਵ ਹੋ ਗਿਆ । ਉਸ ਨੇ ਆਪਣੇ ਮਸਤਕ ਤੇ ਜ਼ੋਰ ਦਿੱਤਾ ਤਾਂ ਉਸ ਨੂੰ ਇਕ ਕਮਰੇ ਵਿਚ ਆਰਾਮ ਕਰਦੀ ਹੋਈ ਇਕ ਔਰਤ ਦੀ ਤਸਵੀਰ ਨਜ਼ਰੀਂ ਆਈ ।

ਤੁਰੰਤ ਹੀ ਉਸ ਦੀਆਂ ਅੱਖਾਂ ਦੀ ਚਮਕ ਵਾਪਸ ਆ ਗਈ । ਜਿਸ ਨੂੰ ਉਹ ਮਿਲਣਾ ਚਾਹੁੰਦਾ ਸੀ ਨਿਸ਼ਚੇ ਹੀ ਉਹ ਉਸ ਨੂੰ ਮਿਲ ਗਈ ਸੀ ।

ਹੌਲੀ ਹੌਲੀ ਉਹ ਕਮਰੇ ਵੱਲ ਵਧਿਆ । ਲਿਖਣ ਦੀ ਲੋੜ ਨਹੀਂ ਕਿ ਉਸ ਕਮਰੇ ਦਾ ਦਰਵਾਜ਼ਾ ਵੀ ਆਪਣੇ ਆਪ ਹੀ ਖੁੱਲ੍ਹ ਗਿਆ ਹੋਵੇਗਾ । ਅੰਦਰੋਂ ਤੇਜ਼ ਪਰ ਮਿੱਠੀ ਸੁਗੰਧ ਉਸ ਦੇ ਨੱਕ ਨਾਲ ਟਕਰਾਈ ।

ਉਹ ਕਮਰਾ ਦਰਅਸਲ ਬੈਡਰੂਮ ਸੀ । ਇਕ ਬਹੁਤ ਹੀ ਖੂਬਸੂਰਤ ਔਰਤ ਪਲੰਘ ਤੇ ਸੌਂ ਰਹੀ ਸੀ । ਨਹੀਂ...ਉਹ ਸੌਂ ਨਹੀਂ ਰਹੀ ਸੀ ਸ਼ਾਇਦ ਸੋਚਾਂ ਦੇ ਕਿਸੀ ਅਜਨਬੀ ਪ੍ਰਦੇਸ਼ ਦੀ ਯਾਤਰਾ ਕਰ ਰਹੀ ਸੀ ।

ਹਲਕੀ ਜਿਹੀ ਆਹਟ ਨਾਲ ਉਹ ਚੌਂਕ ਕੇ ਉਠ ਬੈਠੀ । ਸਾਹਮਣੇ ਖੜੇ ਰੋਬਟ ਨੂੰ ਵੇਖ ਕੇ ਇਕ ਅਨੋਖੀ ਖ਼ੁਸ਼ੀ ਉਸ ਦੇ ਮੁਖੜੇ ਤੇ ਨਾਚ ਕਰਨ ਲੱਗੀ ।

'ਹੇ ਜਨਮ ਦਾਤੀ ! ਮੈਂ ਵਾਪਸ ਪਰਤ ਆਇਆ ਹਾਂ !' ਰੋਬਟ ਦੇ ਮੂੰਹੋਂ ਸ਼ਬਦਾਂ ਦੀਆਂ ਤਰੰਗਾਂ ਨਿਕਲ ਕੇ ਕਮਰੇ ਦੀ ਸੁਗੰਧੀ ਨਾਲ ਰਚ ਗਈਆਂ ।

ਉਹ ਔਰਤ, ਜਿਸ ਨੇ ਰੋਬਟ ਨੂੰ ਬਣਾਇਆ ਸੀ ਠੀਕ ਤਰ੍ਹਾਂ ਹੋ ਕੇ ਪਲੰਘ ਤੇ ਬੈਠ ਗਈ ।

'ਹਾਂ ਤਾਂ ਸਾਵਨ (ਰੋਬਟ) ਤੂੰ ਇਸ ਨਾਸ਼ਵਾਨ ਦੁਨਿਆਂ ਵਿਚ ਕੀ ਵੇਖਿਆ ?'

'ਹੇ ਮਹਾਨ ਚੇਤਨ ! ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਅੱਜ ਤੋਂ ਚਾਰ ਸਾਲ ਪਹਿਲਾਂ ਜਦ ਤੁਸੀਂ ਮੈਨੂੰ ਜਨਮ ਦਿੱਤਾ ਸੀ ਤਾਂ ਮੈਂ ਇਕ ਸਾਧਾਰਨ ਰੋਬਟ ਸਾਂ । ਫਿਰ ਪੂਰਾ ਇਕ ਸਾਲ ਹੋਰ ਤੁਸੀਂ ਮੇਰੇ ਤੇ ਖ਼ਰਚ ਕੀਤਾ ਤਾਂ ਮੈਂ ਇਸ ਰੂਪ ਵਿਚ ਪੁਜਿਆ । ਅੱਜ ਤੋਂ ਤਿੰਨ ਸਾਲ ਪਹਿਲਾਂ ਤੁਸੀਂ ਮੈਨੂੰ ਵਿਸ਼ਵ ਦੀ ਯਾਤਰਾ ਵਾਸਤੇ ਭੇਜਿਆ ਸੀ ਅਤੇ ਇਹ ਪ੍ਰਯੋਗ ਸ਼ੁਰੂ ਕੀਤਾ ਸੀ ਕਿ ਜੇ ਰੋਬਟਾਂ ਨੂੰ ਮਨੁੱਖ ਵਰਗੇ ਹਾਲਾਤ ਵਿਚ ਜਿਊਣਾ ਪਵੇ ਤਾਂ ਕੀ ਉਹਨਾਂ ਦੇ ਸਰਕਿਟ ਵਿਚ ਸੰਵੇਦਨਸ਼ੀਲਤਾ ਨਾਮਕ ਕੋਈ ਵਸਤੂ ਉਤਪੰਨ ਹੋ ਸਕੇਗੀ ? ਮੈਂ ਆਪਣੀ ਯਾਤਰਾ ਦਾ ਵਿਵਰਣ ਦੇਣ ਤੋਂ ਪਹਿਲਾਂ ਤੁਹਾਨੂੰ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਤੁਹਾਨੂੰ ਅੱਜ ਤੋਂ ਤਿੰਨ ਸਾਲ ਪਹਿਲਾਂ ਮੇਰੇ ਸਰਕਿਟ ਵਿਚ

ਪਿਆਰ ਨਾਮਕ ਅਦਿੱਖ ਵਸਤੂ ਨੂੰ ਅਨੁਭਵ ਕਰਨਾ ਨਹੀਂ ਸੀ। ਪਰ ਅੱਜ ਮੈਂ ਤੁਹਾਡੇ ਸਾਹਮਣੇ ਖੜ੍ਹਾ ਇਹ ਅਨੁਭਵ ਕਰ ਰਿਹਾ ਹਾਂ ਕਿ ਤੁਹਾਡੇ ਪ੍ਰਤੀ ਮੇਰੇ ਸਰਕਿਟ ਵਿਚ ਪਿਆਰ ਦਾ ਹਲਕਾ ਕੰਪਨ ਉਤਪੰਨ ਹੋ ਰਿਹਾ ਹੈ...'

ਚੇਤਨਾ ਦੇ ਚਿਹਰੇ ਤੇ ਹਲਕੀ ਜਿਹੀ ਖੁਸ਼ੀ ਦੀ ਲਾਲੀ ਪਸਰ ਗਈ।

'ਮੈਂ ਤੈਥੋਂ ਪੂਰਾ ਬ੍ਰਿਤਾਂਤ ਸੁਣਨਾ ਚਾਹਾਂਗੀ...'

ਸਾਵਨ, ਜਿਹੜਾ ਕਿ ਇਕ ਯੰਤਰ ਮਾਨਵ ਸੀ, ਨੇ ਆਪਣਾ ਸਫ਼ਰ ਨਾਮਾ ਸੁਣਾਉਣਾ ਸ਼ੁਰੂ ਕੀਤਾ—

'ਪਹਿਲੇ ਸਾਲ ਮੈਂ ਚਕਾਚੌਂਧ ਕਰਨ ਵਾਲੀ ਉਸ ਦੁਨਿਆਂ ਵਿਚ ਪੁੱਜਾ, ਜਿਥੇ ਸਿਰਫ ਦਿਖਾਵਾ ਹੈ, ਦੌਲਤ ਹੈ, ਪਰ ਸੱਚਾ ਪਿਆਰ ਨਹੀਂ। ਸਿਰਫ ਦਿਖਾਵੇ ਦਾ ਪਿਆਰ ਹੈ। ਵਾਸ਼ਨਾ ਦਾ ਪਲ ਭਰ ਦਾ ਤੂਫਾਨ ਹੈ। ਇਹੋ ਜਿਹੇ ਗਲੈਮਰ ਦੀ ਦੁਨਿਆਂ ਵਿਚ—ਜਿਥੇ ਲੋਕ ਪੈਸਾ ਲੁਟਾਉਂਦੇ ਹਨ। ਕਲੱਬਾਂ ਵਿਚ ਜਾ ਕੇ ਕੈਬਰੇ ਵੇਖਦੇ ਹਨ। ਰੰਗ ਬਰੰਗੀਆਂ ਰੌਸ਼ਨੀਆਂ ਵਿਚ ਆਪਣੇ ਜੀਵਨ ਨੂੰ ਇੰਝ ਰੁਲਾ ਦਿੰਦੇ ਹਨ ਜਿਵੇਂ ਉਹਨਾਂ ਜੀਵਨ ਆਨੰਦ ਦੀ ਸਿਖ਼ਰ ਮੰਜ਼ਿਲ ਪਾ ਲਈ ਹੋਵੇ। ਜਿਵੇਂ ਉਹਨਾਂ ਆਪਣੀ ਜ਼ਿੰਦਗੀ ਦਾ ਸਹੀ ਮਨੋਰਥ ਪਾ ਲਿਆ ਹੋਵੇ। ਪਰ ਉਹ ਇਹਨਾਂ ਚਮਕਦੀਆਂ ਗੁਲਾਬੀ ਤੇ ਹਰੀਆਂ ਰੌਸ਼ਨੀਆਂ ਵਿਚ ਇਹ ਭੁੱਲ ਜਾਂਦੇ ਹਨ ਕਿ ਇਹਨਾਂ ਗੁਲਾਬੀ ਰਾਤਾਂ ਥੱਲੇ ਇਕ ਬੱਚਾ ਵੀ ਭੁੱਖ ਨਾਲ ਵਿਲਕ ਰਿਹਾ ਹੈ, ਜਿਸ ਦੀ ਮਾਂ ਹੁਣੇ ਹੀ ਕੇਵਲ ਦਸ ਰੁਪਏ ਵਿਚ ਆਪਣੇ ਜਿਸਮ ਦਾ ਰੇਸ਼ਾ ਰੇਸ਼ਾ ਭੁੱਖੇ ਦਰਿੰਦਿਆਂ ਦੇ ਹੱਥ ਸੌਂਪ ਕੇ ਹਟੀ ਹੈ। ਰੰਗਬਰੰਗੀਆਂ ਰੌਸ਼ਨੀਆਂ ਵਿਚ ਵਿਚਰਦੀਆਂ ਇਹਨਾਂ ਜੀਵਤ ਲਾਸ਼ਾਂ ਨੂੰ ਪਤਾ ਨਹੀਂ ਦੁੱਖ ਕਿਸ ਚੀਜ਼ ਦਾ ਨਾਂ ਹੈ ? ਉਹ ਤਾਂ ਦੌਲਤ ਲੁਟਾਂਦੇ ਹਨ, ਆਨੰਦ ਪਾਉਂਦੇ ਹਨ ! ਜਿਹੜੇ ਆਪਣੀਆਂ ਆਲੀਸ਼ਾਨ ਕੋਠੜੀਆਂ ਵਿਚ ਆ ਕੇ ਬਾਹਰੀ ਦੁਨੀਆਂ ਨੂੰ ਬਿਲਕੁਲ ਭੁੱਲ ਜਾਂਦੇ ਹਨ। ਉਹਨਾਂ ਦੇ ਮਨਾਂ ਤੇ ਕੋਈ ਅਸਰ ਨਹੀਂ ਹੁੰਦਾ...ਭਾਵੇਂ ਉਹਨਾਂ ਸਾਹਮਣੇ ਕੋਈ ਭੁੱਖਾ ਗਿੜਗਿੜਾਉਂਦਾ ਰਹੇ...

ਪਰ ਇਸੇ ਚਕਾਚੌਂਧ ਦੀ ਦੁਨੀਆਂ ਦਾ ਉਹ ਪਹਿਲੂ ਵੀ ਹੈ...ਜਿਥੇ ਇਹ ਲੋਕ ਜੀਵਤ ਹੀ ਮਰ ਰਹੇ ਹਨ। ਪਰ ਉਹਨਾਂ ਨੂੰ ਆਪਣੀ ਮੌਤ ਦੀ ਖ਼ਬਰ ਨਹੀਂ। ਉਹ ਰੰਗਬਰੰਗੀਆਂ ਰੌਸ਼ਨੀਆਂ ਦੇ ਹੁੰਦਿਆਂ ਵੀ ਇਕ ਅਜਿਹੇ ਹਨੇਰੇ ਵਿਚ ਡੁੱਬੇ ਹੋਏ ਹਨ, ਜਿਥੋਂ ਨਿਕਲਣਾ ਬਿਲਕੁਲ ਅਸੰਭਵ ਹੈ। ਉਹ ਗੁਆਚ ਚੁੱਕੇ ਨੇ—ਚਰਸ ਦੇ ਧੂੰਏਂ ਵਿਚ ਹਿਰੋਇਨ ਜਿਹੇ ਘਾਤਕ ਨਸ਼ੇ ਦੀ ਤਰਲਤਾ ਵਿਚ। ਅਤੇ ਐਲ. ਐਸ. ਡੀ. ਦੀਆਂ ਗੋਲੀਆਂ ਦੇ ਤੂਫਾਨ ਵਿਚ। ਮੈਂ ਅਜੇ ਵੀ ਵੇਖ ਰਿਹਾ ਹਾਂ ਕਿ ਉਹਨਾਂ ਦੀਆਂ ਅੱਖਾਂ ਮੌਤ ਦੇ ਗਹਿਰੇ ਧੂੰਏਂ ਵਿਚ ਸਥਿਰ ਹਨ। ਉਹਨਾਂ ਦਾ ਜਿਸਮ ਨਸ਼ੇ ਦੀ ਤਰੰਗ ਵਿਚ ਢਿੱਲਾ ਹੋ ਕੇ ਜ਼ਮੀਨ ਤੇ ਲੁੜਕਿਆ ਪਿਆ ਹੈ। ਉਹ ਆਪ ਤੋਂ ਬੇਖ਼ਬਰ ਪਤਾ ਨਹੀਂ ਕਿਸ ਦੁਨੀਆਂ ਵਿਚ ਪੁੱਜੇ ਹੋਏ ਨੇ...।

ਫੇਰ ਮੈਂ ਵੇਖਿਆ ਕਿ ਇਕ ਆਦਮੀ ਦੌਲਤ ਵਿਚ ਨਹਾ ਰਿਹਾ ਸੀ, ਉਸ ਦੌਲਤ ਵਿਚ ਜਿਹੜੀ ਉਸ ਨੇ ਹਜ਼ਾਰਾਂ ਲੋਕਾਂ ਨੂੰ ਹੀਰੋਇਨ ਵੇਚ ਕੇ ਕਮਾਈ ਸੀ। ਉਹਨਾਂ ਨੂੰ ਮੌਤ ਦੇ ਮੂੰਹ ਵਿਚ ਝੌਂਕ ਕੇ, ਪਰ ਉਸ ਵਿਅਕਤੀ ਦੇ ਚਿਹਰੇ ਤੇ ਰੱਤੀ ਭਰ ਵੀ ਸ਼ਿਕਨ ਨਹੀਂ ਸੀ। ਬੱਸ ਉਹ ਦੌਲਤ

ਹਵਾ ਵਿਚ ਉਛਾਲ ਕੇ ਕਿਲਕਾਰੀਆਂ ਮਾਰ ਰਿਹਾ ਸੀ—ਕਿਸੇ ਬੱਚੇ ਵਾਂਗ ! ਜਿਸ ਨੂੰ ਉਸ ਦਾ ਮਨਪਸੰਦ ਖਿਡੌਣਾ ਮਿਲ ਗਿਆ ਹੋਵੇ ।

'ਫੇਰ ਫੋਨ ਦੀ ਘੰਟੀ ਵੱਜੀ ਅਤੇ ਉਸ ਵਿਅਕਤੀ ਨੇ ਫੋਨ ਚੁਕਿਆ...

'ਹੈਲੋ ! ਹਾਂ...ਹਾਂ...ਮੈਂ ਬੋਲ ਰਿਹਾ ਹਾਂ । ਕੀ ਦੋ ਟਰੱਕ ਹੀਰੋਇਨ ਹੋਰ ਆ ਗਈ ਏ .. ਔਹ ਗਾਡ ! ਯੂ ਮਰਸੀਫੁੱਲ...। ਦੋ ਟਰੱਕ...! ਫੇਰ ਤਾਂ ਮੈਂ ਮਾਲਾਮਾਲ ਹੋ ਜਾਵਾਂਗਾ ?'

ਮੈਂ ਉਸ ਦੇ ਇਹ ਸ਼ਬਦ ਸੁਣਦਿਆਂ ਹੀ ਪਾਗਲ ਹੋ ਗਿਆ ਅਤੇ ਮੈਂ ਤੁਰੰਤ ਉਸ ਨੂੰ ਮੌਤ ਦੀ ਧੂੰਦ ਵਿਚ ਕਣ-ਕਣ ਮਿਲਾ ਦਿੱਤਾ ।

ਸਾਵਨ ਜਿਵੇਂ ਸਾਹ ਲੈਣ ਲਈ ਕੁਝ ਦੇਰ ਰੁਕਿਆ । ਚੇਤਨਾ ਨੇ ਉਸਦੀਆਂ ਗੱਲ੍ਹਾਂ ਤੇ ਬੜੇ ਪਿਆਰ ਨਾਲ ਆਪਣਾ ਕੋਮਲ ਹੱਥ ਰੱਖ ਦਿੱਤਾ । ਸਾਵਨ ਜਿਹੀ ਮਸ਼ੀਨ ਵੀ ਇਸ ਮਮਤਾਮਈ ਪਿਆਰ ਦੀ ਤਰਲਤਾ ਨੂੰ ਮਹਿਸੂਸ ਕਰਕੇ ਮਿੱਠੇ ਆਨੰਦ ਨਾਲ ਕਰਾਹ ਉੱਠੀ ।

ਚੇਤਨਾ ਨੇ ਉਸਨੂੰ ਆਪਣੀ ਗੱਲ ਜਾਰੀ ਰੱਖਣ ਲਈ ਮੂਕ ਇਸ਼ਾਰਾ ਕੀਤਾ ।

'ਤੇ ਇਸ ਤਰ੍ਹਾਂ ਇਕ ਸਾਲ ਪਲਕ ਝਪਕਦਿਆਂ ਹੀ ਗੁਜ਼ਰ ਗਿਆ । ਕਹਾਣੀ ਬੜੀ ਲੰਬੀ ਹੈ । ਦੂਸਰੇ ਸਾਲ ਮੈਂ ਬਰਫ਼ ਨਾਲ ਢਕੇ ਪਹਾੜਾਂ ਦੀਆਂ ਵਾਦੀਆਂ ਵਿੱਚ ਪੁੱਜ ਗਿਆ—ਤਾਂ ਕਿ ਮੈਨੂੰ ਸਕੂਨ ਮਿਲ ਸਕੇ । ਮੈਂ ਉੱਥੇ ਪਹੁੰਚ ਗਿਆ ਜਿਥੇ ਠੰਡੀਆਂ ਹਵਾਵਾਂ ਚੱਲਦੀਆਂ ਹਨ ਅਤੇ ਇਨਸਾਨਾਂ ਦੇ ਜਿਸਮਾਂ ਵਿੱਚ ਗੁਦਗੁਦੀਆਂ ਦੌੜਾ ਦਿੰਦੀਆਂ ਹਨ । ਉੱਥੇ ਜਿੱਥੇ ਲੋਕ ਰੇਂਡੀਅਰ ਦੀ ਖੱਲ ਦੇ ਬਣੇ ਭਾਰੇ ਭਾਰੇ ਕੋਟ ਪਹਿਨਦੇ ਹਨ । ਜਿਨ੍ਹਾਂ ਦੇ ਚਿਹਰੇ ਅਤਿਅੰਤ ਹੁਸੀਨ ਹਨ । ਪਰ ਮੈਨੂੰ ਲੱਗਾ ਕਿ ਉਹਨਾਂ ਦੇ ਹੁਸੀਨ ਚਿਹਰਿਆਂ ਦੇ ਅੰਦਰ ਅਤਿਅੰਤ ਦੁੱਖ ਛਿਪਿਆ ਹੋਇਆ ਹੈ । ਹੱਸਦੇ, ਮੁਸਕਰਾਉਂਦੇ ਮਨੁੱਖ ਦਾ ਤਾਂ ਉਨ੍ਹਾਂ ਸਿਰਫ਼ ਮਖੌਟਾ ਹੀ ਪਹਿਨਿਆ ਹੋਇਆ ਹੈ । ਅਸਲ ਵਿੱਚ ਇਨਸਾਨ ਦਾ ਅੰਦਰੂਨੀ, ਸਰਕਿਟ ਜਿਵੇਂ ਬਿਲਕੁਲ ਹੀ ਟੁੱਟ ਚੁੱਕਿਆ ਹੈ । ਬਰਫ਼ ਦੇ ਹੁਸੀਨ ਪ੍ਰਦੇਸ਼ ਵਿੱਚ ਵਸਦੇ ਲੋਕ ਵੀ ਜ਼ਿੰਦਗੀ ਤੋਂ ਉਦਾਸ ਵਿਖਾਈ ਦਿੰਦੇ ਹਨ । ਨੌਂ ਮਹੀਨੇ ਬਰਫ਼ ਵਿੱਚ ਰਹਿਣ ਕਰਕੇ ਕਦੇ ਕਦੇ ਜਦ ਉਹਨਾਂ ਨੂੰ ਖਾਣ ਨੂੰ ਕੁਝ ਨਹੀਂ ਮਿਲਦਾ ਤਾਂ ਉਹਨਾਂ ਦੀ ਕਬਰ ਬਰਫ਼ ਵਿਚ ਹੀ ਬਣ ਜਾਂਦੀ । ਜ਼ਿੰਦਗੀ ਦੇ ਦੁੱਖਾਂ ਦੀ ਬਰਫ਼ ਦਾ ਤੂਫ਼ਾਨ ਉਹਨਾਂ ਨੂੰ ਜ਼ੀਰਣ ਸ਼ੀਰਣ ਕਰ ਦਿੰਦਾ ਹੈ ।

'ਮੈਂ ਉਹਨਾਂ ਹਰਿਆਲੀਆਂ ਵਾਦੀਆਂ ਵਿੱਚ ਵੀ ਗਿਆ । ਜਿੱਥੇ ਸਿਰਫ਼ ਰੰਗਬਰੰਗੀਆਂ ਚਿੜੀਆਂ ਹੀ ਰਹਿੰਦੀਆਂ ਹਨ । ਉੱਥੇ ਵੀ ਮੈਨੂੰ ਗ਼ਰੀਬੀ ਨਾਲ ਵਿਲਕਦੇ ਬਚਿਆਂ ਦੀਆਂ ਚੀਕਾਂ ਹੀ ਸੁਣਾਈ ਦਿੰਦੀਆਂ ਰਹੀਆਂ । ਮੇਰੇ ਕੰਨਾਂ ਦਾ ਡਾਇਆਫਾਰਮ ਐਨਾ ਸੰਵੇਦਨਸ਼ੀਲ ਹੋ ਗਿਆ ਸੀ ਕਿ ਦੂਰ ਦੇ ਕਿਸੇ ਵੀ ਪ੍ਰਦੇਸ਼ ਵਿੱਚ ਹੋਣ ਵਾਲੀ ਆਹਟ ਮੈਂ ਤੁਰੰਤ ਸੁਣ ਸਕਦਾ ਸਾਂ । ਮੈਨੂੰ ਮਜਬੂਰ ਮਾਵਾਂ ਦੀ ਦਾਸਤਾਨ ਨਾ ਭੁੱਲੀ । ਉਹ ਰੰਗਬਰੰਗੀਆਂ ਚਿੜੀਆਂ ਗਰਮ ਦੇਸ਼ਾਂ ਨੂੰ ਜਾਣ ਦਾ ਵਿਚਾਰ ਕਰ ਰਹੀਆਂ ਸਨ । ਮੈਂ ਉਨ੍ਹਾਂ ਦੀ ਭਾਸ਼ਾ ਸਮਝ ਸਕਦਾ ਸਾਂ । ਮੈਂ ਹਰੇ ਹਰੇ ਦਰੱਖ਼ਤਾਂ ਤੋਂ ਕੁਝ ਫਲ ਤੋੜ ਕੇ ਉਨ੍ਹਾਂ ਨੂੰ ਦਿੰਦਿਆਂ ਕਿਹਾ ।

"ਐ ਦੂਰ ਦੇਸ਼ ਜਾਣ ਵਾਲੀਓ ਚਿੜੀਓ ! ਕੀ ਤੁਸੀਂ ਭੁੱਖ ਨਾਲ ਤੜਫ਼ਦੇ ਬੱਚਿਆਂ ਨੂੰ ਮੇਰਾ ਤੁੱਛ ਜਿਹਾ ਤੋਹਫ਼ਾ ਦੇ ਸਕੋਗੀਆਂ ? ਮੈਂ ਥੋੜੀ ਦੇਰ ਅਜੇ ਹੋਰ ਠਹਿਰਨਾ ਹੈ ।"

'ਉਨ੍ਹਾਂ ਖ਼ੁਸ਼ੀ ਖ਼ੁਸ਼ੀ ਮੇਰੀ ਬੇਨਤੀ ਪ੍ਰਵਾਨ ਕਰ ਲਈ ਮੇਰੇ ਦਿਲ ਨੂੰ ਕੁੱਝ ਰਾਹਤ ਮਿਲੀ। ਮੇਰੇ ਸਰਕਿਟ ਵਿੱਚ ਪਹਿਲਾਂ ਅਜਿਹੀ ਕੋਈ ਗੱਲ ਨਹੀਂ ਸੀ। ਪਰ ਮੈਂ ਚਿੜੀਆਂ ਨੂੰ ਫਲ ਦੇਣ ਤੋਂ ਬਾਅਦ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕੀਤਾ।'

ਸਾਵਨ ਜਿਵੇਂ ਇੱਕੋ ਸਾਹ ਹੀ ਬੋਲੀ ਜਾ ਰਿਹਾ ਸੀ—

ਫੇਰ ਮੇਰਾ ਜੀਅ ਹਰਿਆਲੀ ਅਤੇ ਠੰਢੀਆਂ ਹਵਾਵਾਂ ਦੇ ਦੇਸ਼ ਵਿਚ ਨਾ ਲਗ ਸਕਿਆ। ਮੈਂ ਉਨ੍ਹਾਂ ਗਰਮ ਦੇਸ਼ਾਂ ਨੂੰ ਚੱਲ ਪਿਆ ਜਿੱਥੇ ਮੇਰੀਆਂ ਦੋਸਤ ਚਿੜੀਆਂ ਗਈਆਂ ਸਨ। ਮੈਂ ਸਪੱਸ਼ਟ ਰਿਹਾ ਸਾਂ ਕਿ ਉਹ ਗਰਮ ਦੇਸ਼ਾਂ ਦੀ ਗਰਮ ਰੇਤ ਵਿੱਚ ਕਿਵੇਂ ਫੁਦਕ ਰਹੀਆਂ ਸਨ। ਜਦ ਉਨ੍ਹਾਂ ਮੇਰਾ ਤੋਹਫਾ ਇੱਕ ਭੁੱਖ ਨਾਲ ਕੁਰਲਾਂਦੇ, ਬਾਲਕ ਨੂੰ ਦਿੱਤਾ ਤਾਂ ਉਸ ਬਾਲਕ ਤੋਂ ਜ਼ਿਆਦਾ ਮੇਰਾ ਮਨ ਖੁਸ਼ ਹੋਇਆ। ਤੀਹਰੇ ਸਾਲ ਮੈਂ ਉਹਨਾਂ ਗ਼ਰੀਬੜਿਆਂ ਦੀਆਂ ਝੌਂਪੜੀਆਂ ਵਿੱਚ ਗਿਆ, ਜਿਨ੍ਹਾਂ ਵਿੱਚ ਅਜੇ ਵੀ ਗ਼ੁਲਾਮੀ ਦੀ ਘਣਘੋਰ ਕਾਲੀ ਰਾਤ ਛਾਈ ਹੋਈ ਸੀ। ਜਿਨ੍ਹਾਂ ਨੇ ਅਜੇ ਵੀ ਸੁਤੰਤਰਤਾ ਦੀ ਜੋਤੀ ਦਾ ਉਜਾਲਾ ਨਹੀਂ ਵੇਖਿਆ। ਬੱਚੇ ਭੁੱਖ ਨਾਲ ਕੁਰਲਾ ਰਹੇ ਸਨ। ਉਹਨਾਂ ਦੇ ਤੋੜ ਕਪੜੇ ਦਾ ਇਕੋ ਰੇਸ਼ਾ ਵੀ ਨਹੀਂ ਸੀ।

'ਉਥੇ ਮੈਂ ਇਕ ਬੇਸਹਾਰਾ ਬੁੱਢੀ ਔਰਤ ਨੂੰ ਵੇਖਿਆ ਜਿਸ ਦੀਆਂ ਅੱਖਾਂ ਵਿਚ ਅਥਾਹ ਮਮਤਾ ਸੀ। ਉਸਨੂੰ ਉਸਦੀ ਬਹੂ ਨੇ ਖੂਹ ਤੋਂ ਪਾਣੀ ਭਰਨ ਜ਼ਬਰਦਸਤੀ ਭੇਜ ਦਿੱਤਾ ਸੀ। ਬਾਲਟੀ ਤਾਂ ਕੀ ਉਠਾਈ ਜਾਣੀ ਸੀ, ਉਸ ਤੋਂ ਤੁਰਿਆ ਵੀ ਨਹੀਂ ਸੀ ਜਾ ਰਿਹਾ। ਮੈਂ ਉਸ ਇਸਤਰੀ ਨੂੰ ਉਸੇ ਪਲ ਨੇਸਤੋ ਨਾਬੂਦ ਕਰ ਦੇਣਾ ਚਾਹਿਆ। ਜਦ ਮੈਂ ਉਸ ਨੂੰ ਮਾਰਨ ਲਈ ਆਪਣਾ ਹੱਥ ਉੱਪਰ ਚੁੱਕਿਆ ਤਾਂ ਮੇਰੀਆਂ ਅੱਖਾਂ ਉਸ ਦੀਆਂ ਅੱਖਾਂ ਨਾਲ ਟਕਰਾਈਆਂ ਤਾਂ ਮੇਰਾ ਹੱਥ ਹਵਾ ਵਿਚ ਹੀ ਸਥਿਰ ਹੋ ਕੇ ਰਹਿ ਗਿਆ। ਉਸ ਦੀਆਂ ਨੀਰਸ ਅੱਖਾਂ ਵਿਚ ਮੈਨੂੰ ਗ਼ਰੀਬੀ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆਈ।

'ਮੈਂ ਉਨ੍ਹਾਂ ਨੂੰ ਕਿਸਮਤ ਦੇ ਸਹਾਰੇ ਛੱਡ ਆਇਆ। ਹੋਰ ਮੈਂ ਕਰ ਵੀ ਕੀ ਸਕਦਾ ਸੀ? ਮੇਰੇ ਕੋਲ ਉਨ੍ਹਾਂ ਨੂੰ ਦੇਣ ਵਾਸਤੇ ਕੁਝ ਵੀ ਨਹੀਂ ਸੀ।

'ਫੇਰ ਮੈਂ ਉਸ ਬਸਤੀ ਵਿਚ ਪੁੱਜਿਆ ਜਿਥੇ ਚਾਰ ਚੁਫੇਰੇ ਪਸ਼ੂਆਂ ਦੀਆਂ ਹੱਡੀਆਂ ਬਿਖਰੀਆਂ ਪਈਆਂ ਸਨ। ਜਿਥੇ ਕੁਝ ਹੋਰ ਗਰੀਬੀ ਦੇ ਸਤਾਏ ਵਸਦੇ ਸਨ। ਉਹ ਰੋਟੀ ਖਾਤਰ ਇਕ ਦੂਸਰੇ ਨਾਲ ਇੰਝ ਲੜ ਰਹੇ ਸਨ ਜਿਵੇਂ ਹੱਡੀ ਖਾਤਰ ਕੁੱਤੇ ਲੜਦੇ ਹਨ। ਮੈਥੋਂ ਹੋਰ ਬਹੁਤੀ ਦੇਰ ਉਥੇ ਨਾ ਠਹਿਰ ਹੋਇਆ। ਉਸ ਸਮੇਂ ਮੇਰੀਆਂ ਅੱਖਾਂ ਨਾਲ ਤੇਜ਼ ਰੋਸ਼ਨੀ ਟਕਰਾਈ। ਮੈਂ ਸੂਰਜ ਵੱਲ ਨੂੰ ਵੇਖਿਆ ਤਾਂ ਝੌਂਪੜੀਆਂ ਦੇ ਪਾਰ ਇਕ ਫ਼ਾਈਵ ਸਟਾਰ ਹੋਟਲ ਬਣਿਆ ਹੋਇਆ ਸੀ। ਉਹ ਰੋਸ਼ਨੀ ਸੂਰਜ ਤੋਂ ਨਹੀਂ ਬਲਕਿ ਹੋਟਲ ਦੇ ਡਿਸਕੋ ਰੂਮ ਵਿਚੋਂ ਆ ਰਹੀ ਸੀ। ਜਿਥੇ ਜਵਾਨੀਆਂ ਮਦਹੋਸ਼ ਗੀਤ ਗਾ ਰਹੀਆਂ ਸਨ ਅਤੇ ਉਨ੍ਹਾਂ ਦੇ ਹੇਠਾਂ ਲੜਾਈ ਚੱਲ ਰਹੀ ਸੀ—ਰੋਟੀ ਖਾਤਰ।'

ਚੇਤਨਾ ਸਾਹ ਰੋਕੇ ਸੁਣਦੀ ਰਹੀ। ਉਸ ਦੀਆਂ ਗੁਲਾਬੀ ਗੱਲ੍ਹਾਂ ਤੇ ਇਕ ਹੰਝੂ ਲਟਕ ਆਇਆ ਸੀ।

'ਮੈਂ ਥੋੜ੍ਹਾ ਹੋਰ ਅੱਗੇ ਗਿਆ ਤਾਂ ਇਕ ਵਿਅਕਤੀ, ਨਹੀਂ...ਉਸਨੂੰ ਮੈਂ ਵਿਅਕਤੀ ਨਹੀਂ

"ਦਰਿੰਦਾ' ਕਹਾਂਗਾ। ਇਕ ਦਰਿੰਦਾ ਸ਼ਰਾਬ ਦੇ ਨਸ਼ੇ ਵਿਚ ਡੁਬਿਆ ਆਪਣੀ ਗਰਭਵਤੀ ਪਤਨੀ ਨੂੰ, ਸ਼ਰਾਬ ਪੀਣ ਲਈ ਹੋਰ ਪੈਸਿਆਂ ਖਾਤਰ ਬੇਦਰਦੀ ਨਾਲ ਮਾਰ ਰਿਹਾ ਸੀ। ਉਸਦੇ ਬੱਚੇ ਰੋਟੀ ਲਈ ਵਿਲਕ ਰਹੇ ਸਨ। ਪਰ ਉਨ੍ਹਾਂ ਨੂੰ ਤਾਂ ਸ਼ਰਾਬ ਚਾਹੀਦੀ ਸੀ। ਹੁਣ ..ਹੁਣ ਮੈਥੋਂ ਸਹਾਰ ਨਾ ਹੋਇਆ। ਮੈਂ ਉਸ ਦਰਿੰਦੇ ਨੂੰ ਉਥੇ ਹੀ ਸੁਲਾ ਦਿੱਤਾ। ਤਦੇ ਮੈਨੂੰ ਪੁਲਿਸ ਜੀਪ ਦੇ ਸਾਇਰਨ ਦੀ ਅਵਾਜ਼ ਸੁਣਾਈ ਦਿੱਤੀ। ਮੈਂ ਉਥੋਂ ਦੌੜ ਆਇਆ ਅਤੇ ਬੇਤਹਾਸ਼ਾ ਦੌੜਦਾ ਰਿਹਾ...। ਮੇਰੇ ਕਦਮ ਇਕ ਵੇਰਾਂ ਫੇਰ ਉਸ ਕਾਲੀ ਬਸਤੀ ਵਿਚ ਜਾ ਕੇ ਰੁਕੇ ਜਿੱਥੇ ਦੋ ਕੋਮਲ ਬੱਚੇ ਇਕ ਮਰੇ ਹੋਏ ਕੁੱਤੇ ਦੇ ਮੂੰਹੋਂ ਰੋਟੀ ਖੋਹ ਰਹੇ ਸਨ...।

'...ਬੱਸ...! ਬੱਸ ਕਰੋ ਸਾਵਨ! ਹੋਰ ਨਹੀਂ ਸੁਣਿਆ ਜਾਂਦਾ। ......!'

'ਤੁਸੀਂ ਕੀ ਸਮਝਦੇ ਹੋ...ਹੇ ਮਹਾਨ ਚੇਤਨਾ! ਮੈਂ ਵੀ ਉਸ ਦ੍ਰਿਸ਼ ਨੂੰ ਵੇਖ ਕੇ ਉਥੇ ਰੁਕਿਆ ਹੋਵਾਂਗਾ? ਮੈਂ ਫੈਸਲਾ ਕਰ ਲਿਆ ਕਿ ਹੁਣ ਇਸ ਦੁਨੀਆਂ ਵਿਚ ਹੋਰ ਨਹੀਂ ਰਹਿਣਾ...ਜਿੱਥੇ ਪਿਆਰ ਨਹੀਂ...ਭੁੱਖ ਹੈ...ਗ਼ਰੀਬੀ ਹੈ...ਮੈਂ ਆਪਣੇ ਆਪ ਨੂੰ ਖ਼ਤਮ ਕਰਨ ਦਾ ਫੈਸਲਾ ਕਰ ਲਿਆ। ਪਰ ਫੇਰ ਮੈਂ ਸਾਰੀ ਕਹਾਣੀ ਦੱਸਣ ਤੁਹਾਡੇ ਕੋਲ ਆ ਗਿਆ।

ਇੰਨਾ ਕਹਿ ਕੇ ਸਾਵਨ ਦਾ ਹੱਥ ਆਪਣੇ ਫਿਊਜ਼ ਪੁਆਂਇਟ ਤੇ ਚਲਿਆ ਗਿਆ। ਉਸਦੇ ਪੈਰ ਲੜਖੜਾ ਗਏ। ਚੇਤਨਾ ਨੇ ਦੌੜ ਕੇ ਉਸਨੂੰ ਸਾਂਭ ਲਿਆ। ਪਰ ਉਸਦੇ ਨੈਣਾਂ ਦੀ ਜੋਤੀ ਬੁਝ ਚੁੱਕੀ ਸੀ।

ਚੇਤਨਾ ਆਪਣੀ ਬਣਾਈ ਮਸ਼ੀਨ...ਨਹੀਂ! ਸ਼ਾਇਦ ਮੈਂ ਗ਼ਲਤ ਹਾਂ। ਉਹ ਮਸ਼ੀਨ ਨਹੀਂ ਕਿਸੇ ਮਨੁੱਖ ਤੋਂ ਵੀ ਵੱਧਕੇ ਸੀ...ਨੂੰ ਅਪਲਕ ਨਿਹਾਰਦੀ ਰਹੀ। ਉਸਦੇ ਦਿਲ ਵਿਚ ਦਰਦ ਦੀ ਇਕ ਲਹਿਰ ਉੱਠਦੀ ਚਲੀ ਗਈ। ਉਸ ਦੀਆਂ ਗੱਲ੍ਹਾਂ ਹੰਝੂਆਂ ਨਾਲ ਤਰ ਹੋ ਗਈਆਂ।

...ਤੇ ਦੂਰ ਕਿਤਿਓਂ ਕਿਸੇ ਬੱਚੇ ਦੇ ਰੋਣ ਦੀ ਅਵਾਜ਼ ਸੁਣਾਈ ਦਿੱਤੀ। ਸ਼ਾਇਦ ਠੰਢੀਆਂ ਹਵਾਵਾਂ ਦੇ ਪ੍ਰਦੇਸ਼ਾਂ ਤੋਂ ਆਉਣ ਵਾਲੀਆਂ ਚਿੜੀਆਂ ਇਸ ਵਾਰ ਉਸ ਲਈ ਫਲਾਂ ਦਾ ਤੋਹਫ਼ਾ ਨਹੀਂ ਲੈ ਕੇ ਆਈਆਂ ਸਨ।

# ਸੂਰਜ ਮੰਡਲ ਤੋਂ ਵਿਸ਼ਾਲ

ਮੰਗਲ ਗ੍ਰਹਿ ਦੀ ਲਾਲ ਧਰਤੀ ਏਸ ਵੇਲੇ ਦੂਰ ਗਗਨ ਦੀ ਛਾਂ ਵਿਚ ਛੁਪ ਰਹੇ ਸੂਰਜ ਦੀ ਹਲਕੀ ਗੁਲਾਬੀ ਅਤੇ ਲਾਲ ਰੋਸ਼ਨੀ ਨਾਲ, ਦਿਲਾਂ ਵਿਚ ਧੂਹ ਪਾ ਦੇਣ ਵਾਲੇ, ਵਿਚਿੱਤਰ ਜਿਹੇ ਰੰਗ ਨਾਲ ਚਮਕ ਰਹੀ ਸੀ। ਮੰਗਲ ਗ੍ਰਹਿ ਦੀ ਲਾਲ ਗੇਂਦ ਦੇ ਇਕ ਪਾਸੇ ਉੱਸਰੀਆਂ, ਹਰ ਤਰ੍ਹਾਂ ਨਾਲ ਆਧੁਨਿਕ ਸੱਭਿਅਤਾ ਦੀਆਂ ਪਹਿਰੇਦਾਰ, ਇਸਪਾਤ ਦੀਆਂ ਉੱਚੀਆਂ ਉੱਚੀਆਂ ਇਮਾਰਤਾਂ ਵਿਚ, ਪੀਲਾ ਪ੍ਰਕਾਸ਼ ਮੁਸਕਰਾਉਣ ਲੱਗ ਪਿਆ ਸੀ। ਛੁਪ ਰਿਹਾ ਸੂਰਜ, ਜਿਹੜਾ ਕਿ ਪ੍ਰਿਥਵੀ, ਮੰਗਲ ਤੇ ਸੂਰਜ ਮੰਡਲ ਦੀਆਂ ਹੋਰ ਭਾਰੀਆਂ ਅਤੇ ਹਲਕੀਆਂ ਵਸਤਾਂ ਦਾ ਜਨਮਦਾਤਾ ਸੀ, ਮੰਗਲ ਗ੍ਰਹਿ ਦੇ ਵਿਕਾਸ ਦਾ ਗਵਾਹ ਸੀ। ਇਸੇ ਦੀ ਹੋਂਦ ਵਿਚ ਪ੍ਰਿਥਵੀ ਦੇ ਮਿਹਨਤੀ ਲੋਕਾਂ ਨੇ ਮੰਗਲ ਗ੍ਰਹਿ ਤੇ ਪਸਰੇ ਨੀਲੇ ਕੋਹਰੇ ਦੇ ਬੱਦਲਾਂ ਨੂੰ ਹਟਾ ਕੇ ਆਧੁਨਿਕ ਨਾਲ ਜਗਮਗਾਉਂਦੀ ਸਭਿਅਤਾ ਦੀ ਜੋਤੀ ਜਲਾਈ ਸੀ, ਜਿਹੜੀ ਆਪਣੇ ਉੱਜਲ ਪ੍ਰਕਾਸ਼ ਨਾਲ ਮੰਗਲ ਗ੍ਰਹਿ ਦੀ ਲਾਲ ਧਰਤੀ ਨੂੰ ਨਹਿਲਾ ਰਹੀ ਸੀ।

ਰਣਤੇਜ ਆਪਣੇ ਮਕਾਨ ਦੀ ਬਾਲਕੋਨੀ ਵਿਚ ਖੜ੍ਹਾ, ਛੁਪ ਰਹੇ ਸੂਰਜ ਦੀ ਸੰਗਤਰੀ ਕਲੋਲ ਵੇਖ ਰਿਹਾ ਸੀ। ਛੁਪ ਰਹੇ ਸੂਰਜ ਨੂੰ ਵੇਖਦਿਆਂ ਸਮੇਂ ਉਸਦੇ ਦਿਮਾਗ਼ ਵਿਚ ਕੋਈ ਸੋਚ ਨਹੀਂ ਸੀ, ਪਰ ਜਿਵੇਂ ਹੀ ਸੂਰਜ ਗਗਨ ਦੇ ਵਿਸ਼ਾਲ ਖੰਭਾਂ 'ਚ ਸਮਾ ਗਿਆ, ਤਿਵੇਂ ਹੀ ਉਸਦੇ ਮਸਤਕ ਵਿਚ ਸੋਚਾਂ ਦੀ ਲਹਿਰ ਦੀ ਅੰਗੜਾਈ ਲੈਣੀ ਸ਼ੁਰੂ ਕਰ ਦਿੱਤੀ। ਪ੍ਰਿਥਵੀ ਤੋਂ ਮੰਗਲ ਗ੍ਰਹਿ ਤੇ ਆਇਆਂ ਉਸਨੂੰ ਹਾਲਾਂ ਦੋ ਹੀ ਦਿਨ ਹੋਏ ਗੁਜਰੇ ਸਨ। ਉਸਨੇ ਆਕਾਸ਼ ਵੱਲ ਨਜ਼ਰ ਸੁੱਟੀ—ਹਨੇਰਾ ਹੋ ਗਿਆ ਸੀ ਅਤੇ ਫ਼ੋਬੋਜ਼ ਤੇ ਦੀਮਸ (Phobos and Deimos) (ਮੰਗਲ ਤੇ ਚੰਦ੍ਰਮਾ) ਅਤਿਅੰਤ ਹੀ ਪਿਆਰੇ ਦਿਖਾਈ ਦੇ ਰਹੇ ਸਨ।

ਰਣਤੇਜ ਨੂੰ ਮੰਗਲ ਗ੍ਰਹਿ ਦੀ ਛੋਟੀ ਜਿਹੀ ਸੈਨਾ ਦਾ, ਪ੍ਰਿਥਵੀ ਤੋਂ ਕਮਾਂਡਰ ਨਿਯੁਕਤ ਕਰਕੇ ਇਥੇ ਭੇਜਿਆ ਗਿਆ ਸੀ, ਤਾਂ ਜੋ ਉਸਦੇ ਵਸਦੇ ਥੋੜ੍ਹੇ ਜਿਹੇ ਪਰਿਵਾਰਾਂ, ਜੋ ਕਿ ਵਿਸ਼ੇਸ਼ ਕਰਕੇ ਵਿਗਿਆਨਕ ਹੀ ਸਨ, ਦੀ ਰਖਿਆ ਕੀਤੀ ਜਾ ਸਕੇ। ਮੰਗਲ ਗ੍ਰਹਿ ਦੀ ਸੈਨਾ ਵਿਚ ਵੀ ਗਿਣੇ ਚੁਣੇ ਜਵਾਨ ਸਨ। ਪਰ ਉਹਨਾਂ ਕੋਲ ਆਧੁਨਿਕ ਦੇ ਚਾਨਣ ਵਿਚ ਨਹਾਏ ਅਨੇਕਾਂ ਹੀ ਉੱਚ ਕੋਟੀ ਦੇ ਹਥਿਆਰ ਤੇ ਸਪੇਸਕਰਾਫ਼ਟਸ ਸਨ। ਆਉਂਦਿਆਂ ਹੀ ਉਸਨੇ ਸੈਨਾ ਦਾ ਚਾਰਜ ਸੰਭਾਲ ਲਿਆ ਸੀ। ਮੰਗਲ ਗ੍ਰਹਿ ਤੇ ਵਸੀ ਅਤਿਅੰਤ ਹੀ ਸੁੰਦਰ ਨਗਰੀ ਵਿਚ ਉਸ ਲਈ ਇਕ ਫਲੈਟ ਪਹਿਲਾਂ ਹੀ ਰਾਖਵਾਂ ਸੀ। ਉਥੇ ਇਕ ਹੀ ਨਗਰ ਸੀ—ਜਿਸ ਦਾ ਨਾਂ ਸੀ "ਗੈਂਗਲੀਅਨ" (Ganglion)। ਗੈਂਗਲੀਅਨ (ਨਾੜੀ ਕੇਂਦਰ) ਵਿਚ ਗਿਣੇ ਚੁਣੇ ਕੁਲ ਸੌ ਮਕਾਨ ਸਨ। ਮੰਗਲ ਗ੍ਰਹਿ ਤੇ ਖੋਜ ਕਰ

ਰਹੇ ਵਿਗਿਆਨਕ ਆਪਣੇ ਪਰਿਵਾਰਾਂ ਸਮੇਤ ਇਥੇ ਰਹਿ ਰਹੇ ਸਨ । ਉਹਨਾਂ ਦੇ ਬੱਚਿਆਂ ਦੇ ਪੜ੍ਹਨ ਵਾਸਤੇ ਇਕ ਸਕੂਲ ਤੇ ਇਕ ਕਾਲਿਜ ਵੀ ਬਣਾਇਆ ਗਿਆ ਸੀ ਅਤੇ ਜ਼ਰੂਰੀ ਵਸਤਾਂ ਦੀ ਖਰੀਦੋ-ਫ਼ਰੋਖ਼ਤ ਕਰਨ ਲਈ ਇਕ ਬਾਜ਼ਾਰ ਵੀ ਸੀ ।

ਰਣਤੇਜ ਸੈਨਾ ਦੇ ਕੰਮ ਤੋਂ ਵਿਹਲਾ ਹੋ ਕੇ ਅੱਜ ਸ਼ਾਮ ਦੇ ਵੇਲੇ ਹੀ ਸ਼ਹਿਰ ਦੇ ਮੱਧ ਵਿਚ ਸਥਿਤ 'ਪ੍ਰਾਚੀਨ ਅਜਾਇਬ ਘਰ' ਵਿਚ ਗਿਆ ਸੀ । ਉਥੇ ਪੁਰਾਣੇ ਮੰਗਲ ਗ੍ਰਹਿ-ਜਿਹੜਾ ਕਿ ਬਾਹਰੋਂ ਸੱਖਣਾ ਸੀ, ਦੇ ਚਿੱਤਰ ਲੱਗੇ ਹੋਏ ਸਨ ਅਤੇ ਮੰਗਲ ਗ੍ਰਹਿ ਦੀ ਖੁਸ਼ਹਾਲੀ ਲਈ ਜਿਹਨਾਂ ਲੋਕਾਂ ਨੇ ਉੱਦਮ ਕੀਤਾ ਸੀ, ਉਹਨਾਂ ਦੀਆਂ ਤਸਵੀਰਾਂ ਅਤੇ ਕੰਮਾਂ ਦੀ ਪੂਰੀ ਫਿਲਮ ਦੀਆਂ ਰੀਲਾਂ ਉਥੇ ਮੌਜੂਦ ਸਨ । ਉਸਨੇ ਉਹ ਸਾਰੀਆਂ ਹੀ ਵੇਖੀਆਂ ਸਨ । ਅਜਾਇਬ ਘਰ ਵਿਚ ਪ੍ਰਵੇਸ਼ ਕਰਦਿਆਂ ਹੀ ਵਿਕਿੰਗ—1 ਅਤੇ 2 (Vicing I & II) ਅਤੇ ਮੈਰੀਨਰ—9 (Mariner—9) ਸਪੇਸਕਰਾਫ਼ਟ ਚਿੱਤਰਾਂ ਵਿਚ ਬੁਲੰਦ ਖੜੇ ਵਿਖਾਈ ਦਿੰਦੇ ਸਨ । ਉਹਨਾਂ ਨੇ ਹੀ ਪਹਿਲਾਂ ਪਹਿਲ ਮੰਗਲ ਗ੍ਰਹਿ ਦੀ ਜਾਣਕਾਰੀ ਪ੍ਰਿਥਵੀ ਵਾਸੀਆਂ ਨੂੰ ਦਿੱਤੀ ਸੀ । ਫੇਰ.. ਉਸਨੇ ਵੀਡੀਓ ਤੇ ਵੇਖਿਆ ਕਿ ਕਿਵੇਂ ਵੀਹਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿਚ ਮੰਗਲ ਗ੍ਰਹਿ ਤੇ ਜੀਵਨ ਦੀ ਇਕ ਨਨ੍ਹੀ ਜਿਹੀ ਚਿੰਗਾਰੀ ਵਸਾਉਣ ਦੇ ਯਤਨ ਆਰੰਭੇ ਗਏ ਸਨ । ਉਸ ਵੇਲੇ ਤਾਂ ਨੀਲਾ ਕੋਹਰਾ ਮੰਗਲ ਗ੍ਰਹਿ ਦੇ ਚਾਰ-ਚੁਫ਼ੇਰੇ ਆਪਣਾ ਰਾਜ ਜਮਾਈ ਬੈਠਾ ਸੀ । ਹਵਾ ਵਿਚ ਕਾਰਬਨ ਡਾਇਓਕਸਾਇਡ ਗੈਸ ਅਤੇ ਥੋੜ੍ਹੇ ਜਿਹੇ ਪਾਣੀ ਦੇ ਕਤਰੇ ਸਨ । ਪੱਥਰਾਂ ਵਿਚ ਉੱਗਣ ਵਾਲੀ ਕਾਈ (Lichens) ਵੀ ਕਦੇ ਕਦੇ ਦਿਖਾਈ ਦੇ ਜਾਂਦੀ ਸੀ । ਅਜਿਹੇ ਵਾਤਾਵਰਣ ਵਿਚ ਜੀਵਤ ਪ੍ਰਾਣੀ ਅਤੇ ਪੌਦੇ ਭਲਾ ਕਿਵੇਂ ਜੀਵਤ ਰਹਿ ਸਕਦੇ ਸਨ ? ਪਰ ਉਸ ਵੇਲੇ ਅਜਿਹੇ ਕਈ ਚਿੰਨ੍ਹ ਮਿਲਣੇ ਅਰੰਭ ਹੋ ਗਏ ਸਨ, ਜਿਨ੍ਹਾਂ ਤੋਂ ਗ੍ਰਹਿ ਤੇ ਜੀਵਤ ਪ੍ਰਾਣੀਆਂ ਦੀ ਹੋਂਦ ਤਖਣ ਦੀ ਆਸ ਭਵਿੱਖ ਵਿਚ ਰੱਖੀ ਜਾ ਸਕਦੀ ਸੀ । ਇਹ ਚਿੰਨ੍ਹ ਸਨ—ਉਥੋਂ ਦੇ ਵਾਯੂ ਮੰਡਲ ਵਿਚ ਹਲਕੇ ਪਾਣੀ ਦੇ ਕਤਰੇ ਅਤੇ ਬਹੁਤਾ ਤਾਂ ਮੰਗਲ ਮੰਗਲ ਦਾ ਪ੍ਰਿਥਵੀ ਵਾਂਗ ਦਿਖਣ ਵਾਲਾ ਅਕਾਰ ਸੀ ਅਤੇ ਕਈ ਹੋਰ ਗੱਲਾਂ ਵਿਚ ਉਸ ਨਾਲ ਸਮਾਨਤਾ ਸੀ ਜਿਵੇਂ ਮੰਗਲ 24 ਘੰਟੇ 27 ਮਿੰਟ ਵਿਚ ਆਪਣੀ ਧੁਰੀ ਦੁਆਲੇ ਇਕ ਚੱਕਰ ਲਾਉਂਦਾ ਹੈ, ਜਿਹੜਾ ਕਿ ਧਰਤੀ ਨਾਲੋਂ ਥੋੜ੍ਹਾ ਹੀ ਜ਼ਿਆਦਾ ਸੀ । ਇਸ ਨਾਲ ਉਥੇ ਵਸਣ ਵਾਲਿਆਂ ਨੂੰ ਧਰਤੀ ਵਰਗਾ ਮਹੌਲ ਸਿਰਜਣ ਵਿਚ ਸਫ਼ਲਤਾ ਮਿਲੀ ਸੀ ।

ਅਜਾਇਬ ਘਰ ਵਿਚ ਮੰਗਲ ਗ੍ਰਹਿ ਤੇ ਜੀਵਨ ਦੀ ਸਿਰਜਣਾ ਦੇ ਉਹ ਸਾਰੇ ਪਲ ਸਾਂਭੇ ਗਏ ਸਨ । ਹਾਲਾਂ ਕਿ ਮੰਗਲ ਗ੍ਰਹਿ ਦੇ ਸਾਰੇ ਵਾਯੂਮੰਡਲ ਨੂੰ ਦੂਸ਼ਿਤ ਗੈਸਾਂ ਤੋਂ ਮੁਕਤੀ ਨਹੀਂ ਮਿਲ ਸਕੀ ਸੀ, ਪਰ ਜਿਥੇ ਗੇਂਗਲੀਅਨ ਨਗਰ ਅਬਾਦ ਸੀ—ਉਸ ਦੇ ਆਸ-ਪਾਸ ਦੇ ਸੌ ਕਿ: ਮੀ: ਖੇਤਰ ਵਿਚ $CO_2$ ਤੇ ਹੋਰ ਗੈਸਾਂ, ਜਿਹੜੀਆਂ ਜੀਵਤ ਪ੍ਰਾਣੀਆਂ ਵਾਸਤੇ ਹਾਨੀਕਾਰਕ ਸਨ, ਦੀ ਮਾਤਰਾ ਬਹੁਤ ਹੱਦ ਤੱਕ ਘਟਾ ਦਿੱਤੀ ਗਈ ਸੀ ਅਤੇ ਉਸ ਖੇਤਰ ਵਿਚ ਜ਼ਿੰਦਗੀ ਦੀ ਜੁੰਬਸ਼ ਲਹਿਰ ਦੜਾਉਣ ਵਾਲੀ ਆਕਸੀਜਨ ਗੈਸ ਦੇ ਨਿਰਮਾਣ ਵਾਸਤੇ ਇਕ ਬਹੁਤ ਹੀ ਵਿਸ਼ਾਲ ਜਰਨੇਟਰ ਲਗਾਇਆ ਗਿਆ ਸੀ । ਉਸ ਸੰਜੀਵਨੀ ਜਰਨੇਟਰ ਦਾ ਨਿਰਮਾਣ ਪ੍ਰਿਥਵੀ ਦੇ ਵਿਗਿਆਨਕਾਂ ਨੇ ਰਾਤ ਦਿਨ ਇਕ ਕਰਕੇ ਕੀਤਾ ਸੀ । ਆਕਸੀਜਨ ਦੀ ਮਾਤਰਾ ਘੱਟ ਨਾ ਹੋਵੇ, ਇਸ ਲਈ ਪੰਜ ਹੋਰ ਜਰਨੇਟਰ ਤਿਆਰ ਸਨ । ਹਰ ਘਰ ਵਿਚ ਇਕ ਨਨ੍ਹਾ ਜਨਰੇਟਰ ਰਖਿਆ ਗਿਆ ਸੀ । ਉਥੇ ਪੁੱਜਣ ਵਾਲੇ

ਉੱਦਮੀ ਲੋਕਾਂ ਨੇ ਮੰਗਲ ਗ੍ਰਹਿ ਦੀ ਬੰਜਰ ਧਰਤੀ ਨੂੰ ਰਾਤ ਦਿਨ ਇਕ ਕਰਕੇ ਵਾਹਿਆ ਗੁਡਿਆ ਸੀ। ਬਨਸਪਤੀ ਦੀਆਂ ਕਰੂੰਬਲਾਂ ਉਗਾਉਣ ਲਈ ਅਨੇਕਾਂ ਫਰਟੀਲਾਈਜ਼ਰਜ ਅਤੇ ਰਸਾਇਣਾਂ ਨੂੰ ਜ਼ਮੀਨ ਵਿਚ ਮਿਲਾਇਆ ਸੀ। ਕਾਫੀ ਸਾਲਾਂ ਦੀ ਮਿਹਨਤ ਤੋਂ ਬਾਦ ਥੋੜ੍ਹੇ, ਜਿਹੇ ਹਿੱਸੇ ਵਿਚ ਬਹੁਤ ਸਾਰੇ ਦਰੱਖ਼ਤ ਪਣਪਣ ਲੱਗੇ ਸਨ। ਜਿਹੜੇ ਵਾਤਾਵਰਨ ਨੂੰ ਸੁਖਾਵਾਂ ਬਣਾਈ ਰੱਖਦੇ ਸਨ।

ਉਪਰ ਪ੍ਰਿਥਵੀ ਤੋਂ ਰੋਜ਼ਾਨਾ ਹੀ ਖਾਦ-ਸਮਗਰੀ ਅਤੇ ਹੋਰ ਜ਼ਰੂਰੀ ਵਸਤਾਂ ਲੈ ਕੇ ਪੁਲਾੜੀ ਯਾਨ ਮੰਗਲ ਗ੍ਰਹਿ ਲਈ ਰਵਾਨਾ ਹੁੰਦੇ ਸਨ ਅਤੇ ਪ੍ਰਿਥਵੀ ਦੇ ਕਰੋੜਾਂ ਲੋਕਾਂ ਦੀਆਂ ਸ਼ੁਭ ਕਾਮਨਾਵਾਂ ਨਾਲ, ਸੁੱਖੀ ਸਾਂਦੀ ਮੰਗਲ ਦੀ ਧਰਤੀ ਤੇ ਉਤਰਦੇ ਸਨ।

ਮੰਗਲ ਗ੍ਰਹਿ ਤੇ ਵਸਣ ਵਾਲੇ ਲੋਕਾਂ ਨੇ ਵੀ ਉਥੇ ਹੁਣ ਕੁਝ ਜ਼ਰੂਰੀ ਵਸਤਾਂ ਜਿਵੇਂ ਕਣਕ, ਦਾਲਾਂ ਆਦਿ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਪ੍ਰਿਥਵੀ ਦੇ ਉੱਚ-ਕੋਟੀ ਦੇ ਖੇਤੀ ਮਾਹਿਰਾਂ ਵਿਚ ਕੁਝ ਗਿਣੇ ਚੁਣੇ ਵਿਅਕਤੀ ਮੰਗਲ ਤੇ ਵਸ ਰਹੇ ਸਨ, ਜੋ ਖੇਤੀ ਦੇ ਕੰਮ ਦੀ ਦੇਖ-ਭਾਲ ਕਰਦੇ ਸਨ।

ਵਾਯੂ ਮੰਡਲ ਵਿਚ ਉਪਸਥਿਤ ਕੁਝ ਕਿਰਨਾਂ ਅਤੇ ਬਾਹਰੀ ਅੰਤਰਿਖਸ਼ 'ਚੋਂ ਆ ਰਹੀਆਂ ਕਾਸਮਿਕ ਰੈਜ਼ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਬਚਣ ਲਈ ਲੋਕਾਂ ਦੀਆਂ ਪਹਿਨਣ ਵਾਲੀਆਂ ਪੌਸ਼ਾਕਾਂ ਨੂੰ ਖਾਸ ਰਸਾਇਣਾਂ ਵਿਚ ਧੋਇਆ ਜਾਂਦਾ ਸੀ ਅਤੇ ਲੋਕ ਕੁਝ ਦਵਾਈਆਂ (Drugs) ਦਾ ਸੇਵਨ ਕਰਦੇ ਸਨ ਤਾਂ ਜੋ ਮਾਰੂ ਬਿਮਾਰੀਆਂ ਤੋਂ ਬਚਾਅ ਹੋ ਸਕੇ—ਜਿਹੜੀਆਂ ਇਹਨਾਂ ਵਿਕਿਰਨਾਂ ਤੋਂ ਉੱਪਜਦੀਆਂ ਸਨ।

ਰਣਤੇਜ ਇਹਨਾਂ ਸਾਰਿਆਂ ਖ਼ਿਆਲਾਂ ਵਿਚ ਗੁੰਮ ਹੋ ਗਿਆ ਸੀ। ਅਜਾਇਬਘਰ ਵਿਚ ਵੇਖੀਆਂ ਸਾਰੀਆਂ ਚੀਜ਼ਾਂ ਉਸ ਦੇ ਮਸਤਕ ਵਿਚ ਕਿਸੇ ਫ਼ਿਲਮ ਵਾਂਗ ਘੁੰਮ ਗਈਆਂ ਸਨ। ਹਰੇ ਪੀਲੇ ਪ੍ਰਕਾਸ਼ ਵਿਚ ਨਹਾ ਰਹੀ ਗੈਂਗਲੀਅਨ ਨਗਰੀ ਇਸ ਵੇਲੇ ਬੜੀ ਹੀ ਖ਼ੂਬਸੂਰਤ ਲੱਗ ਰਹੀ ਸੀ। ਉਸ ਨੂੰ ਪਰੀ-ਕਹਾਣੀਆਂ ਵਿਚਲਾ ਸੁਪਨ ਲੋਕ ਯਾਦ ਆ ਗਿਆ।

ਫੇਰ ਉਸ ਨੂੰ ਸੁਪਨ ਲੋਕ ਵਿਚ ਵਸਦੇ ਲੋਕਾਂ ਦੀ ਯਾਦ ਆ ਗਈ। ਇਹਨਾਂ ਦੋ ਦਿਨਾਂ ਵਿਚ ਉਹ ਲਗਭਗ ਸਾਰੇ ਹੀ ਗ੍ਰਹਿ ਵਾਸੀਆਂ ਨੂੰ ਮਿਲ ਚੁੱਕਾ ਸੀ। ਉਹ ਉਸ ਨੂੰ ਸਾਰੇ ਹੀ ਚੰਗੇ ਇਨਸਾਨ ਲੱਗੇ ਸਨ। ਉਹ ਸਾਰਿਆਂ ਨਾਲ ਇਕ ਸੱਚੀ ਤੇ ਸਨੇਹਮਈ ਅਪੱਣਤ ਨਾਲ, ਗਲਵਕੜੀ ਪਾ ਕੇ ਮਿਲਿਆ ਸੀ ਅਤੇ ਆਪਣੇ ਮੁਸਕਾਂਦੇ ਮੁੱਖੜੇ ਕਾਰਣ ਉਸ ਨੇ ਹਰ ਦਿਲ ਵਿਚ ਆਪਣੀ ਥਾਂ ਬਣਾ ਲਈ ਸੀ। ਸੈਨਾ ਦਾ ਕਮਾਂਡਰ ਹੋਣ ਕਰਕੇ ਵੀ ਉਸ ਨੇ ਹਰੇਕ ਵਾਸੀ ਦਾ ਹਾਲ ਚਾਲ ਪੁਛਿਆ ਸੀ। ਉਸ ਨੇ ਇਸ ਕੰਮ ਵਿਚ ਪ੍ਰਸੰਨਤਾ ਹੀ ਮਹਿਸੂਸ ਕੀਤੀ ਸੀ ਅਤੇ ਹਰ ਵਾਸੀ ਨੂੰ ਪ੍ਰਿਥਵੀ ਦਾ ਸੁਖਦ ਸਮਾਚਾਰ ਦੱਸਿਆ ਸੀ। ਛੇਤੀ ਹੀ ਉਸ ਨੇ ਹਰ ਵਾਸ਼ੀ ਦੇ ਫਲੈਟ ਦੇ ਫੋਨ ਨੰਬਰ ਚੇਤੇ ਕਰ ਲਏ ਸਨ ਤਾਂ ਜੋ ਹਰ ਰੋਜ਼ ਉਹਨਾਂ ਦਾ ਸੁੱਖ ਸਮਾਚਾਰ ਪੁਛਿਆ ਜਾ ਸਕੇ।

ਉਸ ਨੇ ਇਕ ਨਜ਼ਰ ਉਠਾ ਕੇ ਦੂਰ ਅਕਾਸ਼ ਵੱਲ ਵੇਖਿਆ। ਤਾਰੇ ਅਤੇ ਹੋਰ ਗ੍ਰਹਿ ਚਮਕ ਰਹੇ ਸਨ। ਉਸ ਨੂੰ ਆਪਣੇ ਮਾਤ ਗ੍ਰਹਿ ਪ੍ਰਿਥਵੀ ਦਾ ਚੇਤਾ ਆ ਗਿਆ, ਜਿਹੜਾ ਕਿ ਸੂਰਜ ਮੰਡਲ ਵਿਚ ਸਭ ਤੋਂ ਸੁੰਦਰ ਗ੍ਰਹਿ ਸੀ। ਉਸ ਦਾ ਦਿਲ ਮਿੱਠੇ ਦਰਦ ਨਾਲ ਧੜਕਣ ਲੱਗਾ। ਪ੍ਰਿਥਵੀ ਤੇ

ਵਸਦੀ ਉਸ ਨੂੰ ਆਪਣੇ ਸੁਪਨਿਆਂ ਦੀ ਸ਼ਹਿਜ਼ਾਦੀ ਵਲੀਨਾ ਦੀ ਯਾਦ ਆ ਗਈ। ਉਸ ਨੂੰ ਇੰਝ ਲੱਗਾ ਕਿ ਅਕਾਸ਼ ਦੇ ਵੱਡੇ-ਵੱਡੇ ਖੰਭਾਂ ਤੇ ਵਲੀਨਾ ਹੀ ਮੁਸਕਾ ਰਹੀ ਹੋਵੇ। ਫੇਰ ਵਲੀਨਾ ਦੇ ਖ਼ਿਆਲ ਗਗਨ ਦੇ ਖੰਭਾਂ ਵਿਚੋਂ ਨਿਕਲ ਕੇ ਉਸ ਦੇ ਸਰੀਰ ਦੇ ਰੋਮ-ਰੋਮ ਵਿਚ ਘਰ ਕਰ ਗਏ। ਉਸ ਦਾ ਦਿਲ ਕਰ ਰਿਹਾ ਸੀ ਕਿ ਉਹ ਉੜ ਕੇ ਪ੍ਰਿਥਵੀ ਤੇ ਆਪਣੀ 'ਜ਼ਿੰਦਗੀ' ਕੋਲ ਚਲਾ ਜਾਵੇ।

ਉਹ ਹਾਲੇ ਹੋਰ ਪਤਾ ਨਹੀਂ ਕਿੰਨੀ ਕੁ ਦੇਰ ਸੋਚਾਂ ਦੇ ਅਕਾਸ਼ ਵਿਚ ਘੁੰਮਦਾ ਰਹਿੰਦਾ ਜੇ ਉਸ ਦੀ ਜੇਬ 'ਚ ਪਿਆ 'ਟਰਾਂਸਮੀਟਰ' ਸਪਾਰਕ ਨਾ ਕਰਦਾ। ਉਸ ਨੇ ਜੇਬ ਵਿਚੋਂ 'ਟਰਾਂਸਮੀਟਰ' ਕਢਿਆ ਅਤੇ ਉਹ ਨੂੰ ਚਾਲੂ ਕਰਕੇ ਬੋਲਿਆ—'ਹੈਲੋ ! ਰਣਤੇਜ ਹੀਅਰ...।'

'ਹੈਲੋ, ਸਰ ਮੈਂ ਸਪੇਸ ਕੰਟਰੋਲ ਰੂਮ ਤੋਂ ਬੋਲ ਰਿਹਾ ਹਾਂ। ਪ੍ਰਿਥਵੀ ਤੋਂ ਮਿਸ ਵਲੀਨਾ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੀ ਹੈ...।'

ਰਣਤੇਜ ਦੇ ਮਸਤਕ ਵਿਚ ਜਿਵੇਂ ਘੰਟੀਆਂ ਵੱਜਣ ਲੱਗ ਪਈਆਂ। 'ਹੈਲੋ...!' ਸ਼ਹਿਦ ਵਿਚ ਭਿੱਜਿਆ ਸੁਰ ਸੁਣਾਈ ਦਿੱਤਾ, ਉਸ ਨੂੰ ਵਲੀਨਾ ਦਾ, ਪਰ ਉਹ ਸੁਰ ਅਜਿਹਾ ਸੀ ਜਿਵੇਂ ਕੋਈ ਬਹੁਤ ਡੂੰਘੇ ਖੂਹ ਦੇ ਅੰਦਰੋਂ ਬੋਲ ਰਿਹਾ ਹੋਵੇ।

ਰਣਤੇਜ ਦਾ ਦਿਲ ਵਲੀਨਾ ਦੀ ਸੁਰੀਲੀ ਤੇ ਛਣਕਦੀ ਅਵਾਜ਼ ਸੁਣ ਕੇ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ। ਉਸ ਨੂੰ ਹੋਸ਼ ਨਹੀਂ ਰਹੀ ਕਿ ਇੰਨੇ ਸਮੇਂ ਵਿਚ ਵਲੀਨਾ ਨਾਲ ਕੀ ਗੱਲਬਾਤ ਹੋਈ। ਬੱਸ ਉਸ ਨੂੰ ਤਾਂ ਇੰਨਾ ਚੇਤੇ ਸੀ ਕਿ ਵਲੀਨਾ ਨੇ ਦਸ ਦਿਨ ਬਾਅਦ ਮੰਗਲ ਗ੍ਰਹਿ ਤੇ ਉਸ ਦੇ ਕੋਲ, ਉਸ ਦੇ ਦੋਸਤ ਹਰਿੰਦਰ ਨਾਲ ਆਉਣਾ ਏ।

...ਤੇ ਉਸ ਨੂੰ ਫੇਰ ਪਤਾ ਨਹੀਂ ਲੱਗਾ ਕਿ ਸਮੇਂ ਦੇ ਪੰਛੀ ਕਿੰਝ ਖੰਭ ਫੜਫੜਾ ਕੇ ਉਡਾਰੀਆਂ ਲਾ ਗਏ। ਪ੍ਰਿਥਵੀ ਤੋਂ ਮੰਗਲ ਗ੍ਰਹਿ ਤੇ ਪੁੱਜਣ ਲਈ ਦਸ ਦਿਨ ਲਗਦੇ ਸਨ ਅਤੇ ਅੱਜ ਵਲੀਨਾ ਨੂੰ ਪ੍ਰਿਥਵੀ ਤੋਂ ਚਲਿਆਂ ਦਸ ਦਿਨ ਹੋ ਗਏ ਸਨ ਤੇ ਉਹ 'ਸਪੇਸਕਰਾਫ਼ਟ' ਦੇ ਆਉਣ ਦੀ ਉਡੀਕ ਕਰ ਰਿਹਾ ਸੀ।

ਇਹਨਾਂ ਦਸ ਦਿਨਾਂ ਵਿਚ ਉਸ ਨੇ ਗੈਂਗਨੀਅਨ ਨਗਰ ਦੀ ਸਾਰੀ ਵਿਵਸਥਾ ਚੈੱਕ ਕਰ ਲਈ ਸੀ। ਗ੍ਰਹਿ ਵਾਸੀ ਬੜੇ ਆਰਾਮ ਨਾਲ ਰਹਿ ਰਹੇ ਸਨ ਅਤੇ ਭਵਿੱਖ ਲਈ ਮੰਗਲ ਗ੍ਰਹਿ ਨੂੰ ਤਿਆਰ ਕਰ ਰਹੇ ਸਨ ਤਾਂ ਕਿ ਉਥੇ ਵੀ ਹੌਲੀ-ਹੌਲੀ ਪ੍ਰਿਥਵੀ ਜਿਹਾ ਵਾਤਾਵਰਣ ਸਿਰਜਿਆ ਜਾ ਸਕੇ। ਉਹ ਨਿੱਤ ਮੰਗਲ ਗ੍ਰਹਿ ਨੂੰ ਵਿਕਾਸ ਦੀ ਚਰਮ ਸੀਮਾ ਵੱਲ ਲਿਜਾ ਰਹੇ ਸਨ। ਮੰਗਲ ਗ੍ਰਹਿ ਤੇ ਵਸਣ ਵਾਲੇ ਸਾਰੇ ਵਿਅਕਤੀਆਂ ਨਾਲ ਰਣਤੇਜ ਨੇ ਜਾਣ ਪਹਿਚਾਣ ਕਰ ਲਈ ਸੀ ਅਤੇ ਉਹਨਾਂ ਦੀ ਸੁਰਖਿਆ ਵਾਸਤੇ ਹਰ ਤਰ੍ਹਾਂ ਦੀ ਕੁਰਬਾਨੀ ਦਾ ਵਚਨ ਦਿੱਤਾ ਸੀ। ਰਣਤੇਜ ਦੇ ਹੱਸੂ-ਹੱਸੂ ਕਰਦੇ ਸੂਹੇ ਮੁੱਖੜੇ ਨੇ ਹਰ ਇਕ ਦੇ ਦਿਲ ਦੀ ਜੂਹੇ ਜਗ੍ਹਾਂ ਬਣਾ ਲਈ ਸੀ ਅਤੇ ਆਪਣੇ ਵਿਲੱਖਣ ਗੁਣਾਂ ਕਰਕੇ ਉਹ ਸਾਰੇ ਵਾਸੀਆਂ ਵਿਚ ਹਰਮਨ ਪਿਆਰਾ ਹੋ ਗਿਆ ਸੀ। ਰੋਜ਼ਾਨਾ ਸਵੇਰੇ ਉਠ ਕੇ ਉਹ ਸਭ ਤੋਂ ਪਹਿਲਾਂ ਫੋਨ ਤੇ ਹਰੇਕ ਪਰਿਵਾਰ ਦੀ ਸੁੱਖ-ਸਾਂਦ ਪੁੱਛਦਾ ਸੀ। ਸ਼ਾਮ ਨੂੰ ਬਾਜ਼ਾਰ ਦੇ ਵਿਚ ਵਿਚਰਦਿਆਂ ਹਰ ਇਕ ਦੇ ਨਾਲ ਗੱਲਬਾਤ ਕਰਦਾ ਸੀ। ਲੋਕ ਵੀ ਉਸ ਨੂੰ ਸੱਚੀ ਤੇ ਸਨੇਹਮਈ ਮੁਸਕਾਨ ਨਾਲ ਮਿਲਦੇ।

ਸਪੇਸਕਰਾਫਟ ਦੀ ਉੱਚੀ ਆਵਾਜ਼ ਉਸ ਦੇ ਕੰਨਾਂ ਨਾਲ ਟਕਰਾਈ ਅਤੇ ਉਹ ਖ਼ਿਆਲਾਂ ਦੇ ਆਕਾਸ਼ ਤੋਂ ਵਰਤਮਾਨ ਦੀ ਸੋਹਲ ਧਰਤੀ ਤੇ ਉਤਰਿਆ । "ਮਾਰਸ ਸਪੇਸ ਸ਼ਿੱਪ" ਪਲੇਟਫਾਰਮ ਤੇ ਲੈਂਡ ਕਰ ਚੁੱਕਾ ਸੀ ਅਤੇ ਉਸ ਵਿਚੋਂ ਯਾਤਰੀ ਉਤਰ ਰਹੇ ਸਨ । ਵਲੀਨਾ ਅਤੇ ਹਰਿੰਦਰ ਨੂੰ ਵੇਖ ਕੇ ਉਸ ਨੇ ਆਪਣੀਆਂ ਦੋਵੇਂ ਬਾਹਵਾਂ ਉੱਚੀਆਂ ਕਰਕੇ ਹਵਾ ਵਿਚ ਲਹਿਰਾਈਆਂ ।

ਥੋੜ੍ਹੀ ਦੇਰ ਬਾਅਦ ਵਲੀਨਾ ਅਤੇ ਹਰਿੰਦਰ ਉਸ ਦੇ ਸਾਹਮਣੇ ਸਨ । ਦਿਲਾਂ ਦੇ ਭਾਵ ਕਾਬੂ ਵਿਚ ਨਾ ਰਹੇ ਅਤੇ ਦੋਵੇਂ ਪ੍ਰੇਮੀ ਇਕ ਦੂਸਰੇ ਦੀਆਂ ਬਾਹਵਾਂ ਦੇ ਸੀਮਤ ਘੇਰਿਆਂ ਵਿਚ ਸਮਾ ਗਏ ।

ਫੇਰ ਉਸ ਨੇ ਹਰਿੰਦਰ ਨਾਲ ਹੱਥ ਮਿਲਾਇਆ ਅਤੇ ਉਹ ਪਲੇਟ ਫ਼ਾਰਮ ਤੋਂ ਬਾਹਰ ਆ ਗਏ । ਸ਼ਾਮ ਪੈ ਗਈ ਸੀ ਅਤੇ ਗੈਂਗਲੀਅਨ ਨਗਰੀ ਪ੍ਰਕਾਸ਼ ਵਿਚ ਨਹਾਈ ਕਿਸੇ 'ਕਾਰਨੀਵਾਲ' ਵਾਂਗ ਵਿਖਾਈ ਦੇ ਰਹੀ ਸੀ, ਜਿਵੇਂ ਕਿਸੇ ਦੁਲਹਨ ਨੇ ਸਿਤਾਰਿਆਂ ਨਾਲ ਜੜਿਆ ਦੁਪੱਟਾ ਲਿਆ ਹੋਵੇ ।

ਉਹ ਮੰਗਲ ਗ੍ਰਹਿ ਦੀਆਂ ਸੜਕਾਂ ਤੇ ਦੌੜਨ ਵਾਲੀਆਂ 'ਬੁਲੇਟ ਕਾਰਾਂ' ਵਿਚੋਂ ਇਕ ਤੇ ਸਵਾਰ ਹੋ ਗਏ । ਕਾਰ ਸੜਕ ਤੇ ਦੌੜਨ ਲੱਗੀ—ਬੰਦੂਕ 'ਚੋਂ ਨਿਕਲੀ ਗੋਲੀ ਵਾਂਗ ।

ਪਰ ਉਹ ਤਿੰਨੇ ਜਣੇ ਆਪਣੀਆ ਗੱਲਾਂ ਵਿਚ ਰੁੱਝੇ ਹੋਏ ਸਨ । ਉਹਨਾਂ ਤਿੰਨਾਂ ਦਿਆਂ ਚਿਹਰਿਆਂ ਤੋਂ ਅਸੀਮ ਖ਼ੁਸ਼ੀ ਦੇ ਭਾਵ ਸਾਫ਼ ਝਲਕ ਰਹੇ ਸਨ । ਰਣਤੇਜ ਤਾਂ ਹੋਰ ਵੀ ਜ਼ਿਆਦਾ ਖੁਸ਼ ਸੀ ।

ਦੂਸਰੇ ਦਿਨ ਰਣਤੇਜ ਉਹਨਾਂ ਨੂੰ ਗੈਂਗਲੀਅਨ ਸ਼ਹਿਰ ਲਈ ਵਿਖਾਉਂਦਾ ਰਿਹਾ ਅਤੇ ਕਿੰਝ ਵੀਹਵੀਂ ਸਦੀ ਦੇ ਮਨੁੱਖਾਂ ਨੇ ਮੰਗਲਗ੍ਰਹਿ ਤੇ ਜੀਵਨ ਦੇ ਅਰੰਭ ਲਈ ਉਪਰਾਲੇ ਕੀਤੇ ਸੀ—ਇਹ ਦੱਸਦਾ ਰਿਹਾ । ਵਲੀਨਾ ਸਾਰੇ ਸ਼ਹਿਰ ਨੂੰ ਅੱਡੀਆਂ ਨਜ਼ਰਾਂ ਨਾਲ ਵੇਖ ਰਹੀ ਸੀ—ਜਿਹੜਾ ਉਸ ਤੋਂ ਵੀ ਸੁੰਦਰ ਹੋ ਨਿਬੜਿਆ ਸੀ ।

'ਸੱਚਮੁੱਚ...ਕਿਸੇ ਪਰੀ ਲੋਕ ਵਰਗਾ । ਇਸ ਸ਼ਹਿਰ ਦਾ ਨਕਸ਼ਾ ਬਣਾਉਣ ਵਾਲਾ ਸੱਚਮੁੱਚ ਮਹਾਨ ਹੋਵੇਗਾ ।'

ਫੇਰ ਰਣਤੇਜ ਉਹਨਾਂ ਨੂੰ ਲੈ ਕੇ ਗੈਂਗਲੀਅਨ ਸ਼ਹਿਰ ਤੋਂ ਦੋ ਕਿਲੋਮੀਟਰ ਬਾਹਰ 'ਵਾਈਟ ਸ਼ਾਵਰ' ਨਾਮਕ ਸੱਥਲ ਦਿਖਾਉਣ ਲੈ ਗਿਆ । 'ਵਾਈਟ ਸ਼ਾਵਰ' ਦੋ ਪਹਾੜੀਆਂ ਦੇ ਵਿਚਕਾਰ ਇਕ ਡੂੰਘੀ ਖਾਈ ਸੀ—ਜਿਹੜੀ ਕਿ ਅਤਿਅੰਤ ਧੁੰਦ ਦੇ ਨਾਲ ਭਰੀ ਪਈ ਸੀ ਅਤੇ ਜਿਸ ਵਿਚ ਸੁੱਕੀ ਬਰਫ਼ (Solid $CO_2$) ਦੇ ਅੰਸ਼ ਵੀ ਕੁਝ ਮਾਤਰਾ ਵਿਚ ਉਪਸਥਿੱਤ ਸਨ । ਉਹ ਦ੍ਰਿਸ਼ ਸੱਚਮੁੱਚ ਹੀ ਬਹੁਤ ਦਿਲ ਖਿੱਚਵਾਂ ਸੀ । ਸੁਪਨਿਆਂ ਤੋਂ ਵੀ ਪਾਰਲੇ ਪ੍ਰਦੇਸ਼ ਦਾ...।

ਅਜੇ ਵਾਈਟ ਸ਼ਾਵਰ ਦੀ ਪ੍ਰਸ਼ੰਸਾ ਵਿਚ ਉਹਨਾਂ ਦੇ ਮੂੰਹੋਂ ਸ਼ਬਦਾਂ ਦਾ ਛਣਕਾਟਾ ਨਿਕਲਣ ਹੀ ਵਾਲਾ ਸੀ ਕਿ ਰਣਤੇਜ ਦੀ ਜੇਬ ਵਿਚ ਪਿਆ ਟਰਾਂਸਮੀਟਰ ਤੜਪਣ ਲੱਗਾ ।

'ਹੈਲੋ, ਰਣਤੇਜ ਹੀਅਰ !'

'ਸਰ, ਮੈਂ ਕੰਟਰੋਲ ਰੂਮ ਵਿਚੋਂ ਜੈੱਕ ਬੋਲ ਰਿਹਾ ਹਾਂ। ਸਰ, ਮੰਗਲ ਗ੍ਰਹਿ ਵੱਲ ਇਕ ਚਮਕਦਾ

ਹੋਇਆ ਗੋਲਾ, ਜਿਸ ਦਾ ਵਿਆਸ 20,000 ਮੀਟਰ ਹੈ, ਬੜੀ ਤੇਜ਼ੀ ਨਾਲ ਵੱਧ ਰਿਹਾ ਹੈ। ਕੰਪਿਊਟਰਜ਼ ਉਸ ਵਾਰੇ ਜਾਣਕਾਰੀ ਜਾਣਕਾਰੀ ਲੈ ਰਹੇ ਹਨ। ਸਥਿਤੀ ਬਹੁਤ ਸੀਰੀਅਸ ਹੈ ਸਰ... ਤੁਸੀਂ ਛੇਤੀ ਪੁੱਜੋ।'

'ਮੈਂ ਹੁਣੇ ਆਂਦਾ ਹਾਂ।' ਰਣਤੇਜ ਚੀਖਿਆ।

ਉਸਨੇ ਸਾਰੀ ਗੱਲ, ਉਹਨਾਂ ਦੋਨਾਂ ਨੂੰ ਦੱਸੀ ਅਤੇ ਉਹ ਤੇਜ਼ੀ ਨਾਲ ਬੁਲੇਟਕਾਰ ਵਿਚ ਸਵਾਰ ਹੋ ਗਏ।

ਦੋ ਮਿੰਟਾਂ ਬਾਅਦ ਰਣਤੇਜ ਮੰਗਲ ਗ੍ਰਹਿ ਦੇ ਕੰਟਰੋਲ ਰੂਮ ਵਿਚ ਖੜ੍ਹਾ ਪ੍ਰਕਾਸ਼ੀ ਗੋਲੇ ਦਾ ਚਿੱਤਰ ਸਕਰੀਨ ਤੇ ਵੇਖ ਰਿਹਾ ਸੀ। ਥੋੜ੍ਹੀ ਬਾਅਦ ਕੰਪਿਊਟਰ ਨੇ ਆਪਣੀ ਜਾਣਕਾਰੀ ਸੁਣਾਈ— "ਸ੍ਰੀਮਾਨ, ਇਸ ਪ੍ਰਕਾਸ਼ੀ ਗੋਲੇ ਦਾ ਤਾਪਮਾਨ 1000 ਕੈਲਵਿਨ ਹੈ ਅਤੇ ਇਹ 10000 ਮੀਟਰ ਪ੍ਰਤੀ ਸਕਿੰਟ ਦੇ ਵੇਗ ਨਾਲ ਮੰਗਲ ਗ੍ਰਹਿ ਵੱਲ ਨੂੰ ਵੱਧ ਰਿਹਾ ਹੈ ਅਤੇ ਇਸ ਦਾ ਨਿਸ਼ਾਨਾ ਸਿੱਧਾ ਗੈਂਗਲੀਅਨ ਨਗਰੀ ਹੈ। ਇਸ ਵੇਲੇ ਇਹ ਸਾਥੋਂ 36000 ਕਿਲੋਮੀਟਰ ਦੂਰ ਹੈ ਅਤੇ ਜੇ ਇਸ ਨੂੰ ਨਾ ਰੋਕਿਆ ਗਿਆ ਤਾਂ ਇਹ ਇਕ ਘੰਟੇ ਬਾਅਦ ਗੈਂਗਲੀਅਨ ਨਗਰੀ ਨਾਲ ਟਕਰਾ ਜਾਵੇਗਾ...!'

'ਕੀ ਇਹ ਕਿਸੇ ਬਾਹਰੀ ਗ੍ਰਹਿ ਵਲੋਂ ਗੈਂਗਲੀਅਨ ਨਗਰੀ ਨੂੰ ਤਬਾਹ ਕਰਨ ਲਈ ਭੇਜਿਆ ਗਿਆ ਹੈ ?' ਰਣਤੇਜ ਨੇ ਪੁਛਿਆ।

'ਨਹੀਂ', ਇਹ ਇਕ ਕੁਦਰਤੀ ਆਫ਼ਤ ਹੈ। ਸਾਡੇ ਸੌਰਮੰਡਲ ਤੋਂ ਬਾਹਰ ਸਥਿੱਤ ਇਕ ਸਿਤਾਰੇ ਵਿਚ ਵਿਸਫੋਟ ਹੋਇਆ ਹੈ, ਜਿਹੜਾ ਆਪਣੇ ਅੰਤਿਮ ਚਰਣ ਤੇ ਸੀ। ਇਹ ਗੋਲਾ ਉਸ ਤੋਂ ਹੀ ਅੱਡ ਹੋ ਕੇ ਸਾਡੇ ਸੌਰ ਮੰਡਲ 'ਚ ਪ੍ਰਵੇਸ਼ ਕਰ ਗਿਆ ਸੀ। ਇਹ ਅਕਾਸ਼ੀ ਪਿੰਡ ਆਪਣੇ ਪੰਧ ਤੋਂ ਅਲੱਗ ਹੋ ਚੁੱਕਾ ਹੈ ਅਤੇ ਹੁਣ ਬੜੀ ਤੇਜ਼ੀ ਨਾਲ ਇਧਰ ਵੱਧ ਰਿਹਾ ਹੈ। ਤੁਹਾਨੂੰ ਤੁਰੰਤ ਕੁਝ ਕਰਨਾ ਚਾਹੀਦਾ ਹੈ। ਸਮਾਂ ਬਹੁਤ ਘੱਟ ਹੈ।

ਰਣਤੇਜ ਤੁਰੰਤ ਕੰਟਰੋਲ ਰੂਮ ਦੇ ਪਲੇਟ ਫ਼ਾਰਮ ਤੇ ਖੜੇ ਸਭ ਤੋਂ ਉੱਚ ਕੋਟੀ ਦੇ ਲੜਾਕੂ ਯਾਨ ਕੋਲ ਪੁਜਿਆ, ਬਾਕੀ ਵਿਅਕਤੀ ਵੀ ਉਸ ਨਾਲ ਉਥੇ ਪੁੱਜ ਗਏ।

'ਸਰ, ਤੁਸੀਂ ਨਾਂ ਜਾਵੋ, ਅਸੀਂ ਮਾਸਟਰ ਕੰਪਿਊਟਰ ਅਤੇ ਹੋਰ ਲੜਾਕੂ ਰੋਬਟ ਨੂੰ ਭੇਜ ਦਿੰਦੇ ਹਾਂ।' ਜੈੱਕ ਰਣਤੇਜ ਦੀ ਮੰਸ਼ਾ ਭਾਂਪ ਕੇ ਬੋਲਿਆ।

'ਨਹੀਂ ਜੈੱਕ, ਮੈਂ ਕੋਈ ਵੀ ਰਿਸਕ ਨਹੀਂ ਲੈ ਸਕਦਾ। ਇਸ ਵੇਲੇ ਕਿਸੇ ਮਸ਼ੀਨ ਦੀ ਨਹੀਂ ਇਨਸਾਨ ਦੀ ਲੋੜ ਹੈ। ਯਾਨ ਬਿਲਕੁਲ ਤਿਆਰ ਹੈ।'

'ਯੇਸ, ਸਰ......!'

ਰਣਤੇਜ ਨੇ ਇਕ ਨਜ਼ਰ ਵਲੀਨਾ ਵੱਲ ਵੇਖਿਆ। ਉਸਦੇ ਚਿਹਰੇ ਦੇ ਹਲਕੀ ਉਦਾਸੀ ਦੇ ਚਿਨ੍ਹ ਸਨ। ਉਸਨੇ ਜਬਰਨ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕੀ।

ਰਣਤੇਜ ਤੇਜ਼ੀ ਨਾਲ ਯਾਨ ਵਿਚ ਸਵਾਰ ਹੋ ਗਿਆ। ਥੋੜ੍ਹੀ ਦੇਰ ਬਾਅਦ ਯਾਨ ਚਾਲੂ ਹੋ ਚੁੱਕਿਆ ਸੀ। ਉਸਨੇ ਯਾਨ ਵਿਚ ਲੱਗੇ ਮਾਸਟਰ ਕੰਪਿਊਟਰ ਨੂੰ ਇਕ ਵੇਰਾਂ ਯਾਨ ਦਾ ਨਿਰੀਖਣ ਕਰਨ ਦਾ ਆਦੇਸ਼ ਦੇ ਦਿੱਤਾ। ਪੰਜ ਮਿੰਟ ਬਾਅਦ ਮਾਸਟਰ ਕੰਪਿਊਟਰ ਨੇ ਯਾਨ ਦੇ ਸਹੀ ਹੋਣ

ਬਾਰੇ ਦੱਸ ਦਿੱਤਾ। ਉਸਨੇ ਟੀ. ਵੀ. ਸਕਰੀਨ ਚਾਲੂ ਕਰ ਦਿੱਤੀ। ਉਸ ਉਤੇ ਉਸਨੂੰ ਆਕਾਸ਼ੀ ਪਿੰਡ ਦਾ ਚਿੱਤਰ ਤੈਰ ਰਿਹਾ ਨਜ਼ਰ ਆਇਆ। ਪ੍ਰਮਾਤਮਾ ਦਾ ਨਾਂ ਲੈ ਕੇ ਉਸਨੇ ਯਾਨ ਨੂੰ ਆਕਾਸ਼ ਵੱਲ ਉੜਾ ਦਿੱਤਾ। ਯਾਨ ਬੜੀ ਤੇਜ਼ੀ ਨਾਲ ਆਕਾਸ਼ੀ ਪਿੰਡ ਵੱਲ ਵਧ ਰਿਹਾ ਸੀ। ਪੰਜ ਮਿੰਟ ਬਾਅਦ......

ਉਹ ਉਸ ਆਕਾਸ਼ੀ ਪਿੰਡ ਤੋਂ ਕੇਵਲ ਪੰਜ ਸੌ ਕਿਲੋਮੀਟਰ ਦੂਰ ਸੀ। ਹੁਣ ਉਸਨੇ ਯਾਨ ਨੂੰ ਆਕਾਸ਼ ਵੱਲ ਸਥਿਰ ਕਰ ਦਿੱਤਾ ਅਤੇ ਇਕ ਸਕਿੰਟ ਦੀ ਵੀ ਦੇਰ ਨਾ ਕਰਦਿਆਂ ਇਕ ਨਾਬ (Knob) ਨੂੰ ਦਬਾ ਦਿੱਤਾ। ਯਾਨ ਦੇ ਬਾਹਰ ਲੱਗੀ ਇਕ ਤੋਪ ਦਾ ਮੂੰਹ ਖੁੱਲ੍ਹਿਆ ਅਤੇ ਉਸਨੇ ਆਕਾਸ਼ੀ ਪਿੰਡ ਦਾ ਨਿਸ਼ਾਨਾ ਸਾਧ ਦਿੱਤਾ। ਬਹੁਤ ਜ਼ਿਆਦਾ ਹਾਈ ਪਾਵਰ ਵਾਲੀ ਲੇਜ਼ਰ ਬੀਮ (Laser beam) ਤੋਪ ਦੇ ਮੂੰਹੋਂ ਨਿਕਲੀ ਅਤੇ ਉਸ ਆਕਾਸ਼ੀ ਪਿੰਡ ਨਾਲ ਜਾ ਟਕਰਾਈ। ਥੋੜ੍ਹੀ ਦੇਰ ਬਾਅਦ ਬਿਜਲੀ ਜਿਹੀ ਚਮਕੀ, ਪਰ ਉਸ ਅਕਾਸ਼ੀ ਪਿੰਡ ਨੂੰ ਸ਼ਾਇਦ ਕੋਈ ਫਰਕ ਨਾ ਪਿਆ।

'ਕੰਪਿਊਟਰ, ਕੋਈ ਇਫੈਕਟ ਪਿਆ ?'

'ਸਰ, ਉਸਦੇ ਆਕਾਰ ਵਿਚ ਤਾਂ ਕੋਈ ਤਬਦੀਲੀ ਨਹੀਂ ਆਈ। ਪਰ ਉਸ ਦਾ ਵੇਗ ਪੰਜ ਮੀਟਰ ਪ੍ਰਤਿ ਸਕਿੰਟ ਘੱਟ ਜ਼ਰੂਰ ਗਿਆ ਹੈ ਤੁਹਾਨੂੰ ਲਗਾਤਾਰ ਪੰਜ ਛੇ ਅਟੈਕ ਕਰਨੇ ਚਾਹੀਦੇ ਹਨ।'

ਰਣਤੇਜ ਨੇ ਉਵੇਂ ਹੀ ਕੀਤਾ। ਕੁਝ ਚਿਰ ਬਿਜਲੀ ਜਿਹੀ ਕੜਕਦੀ ਰਹੀ, ਪਰ ਰਣਤੇਜ ਨੇ ਵੇਖਿਆ ਕਿ ਆਕਾਸ਼ੀ ਪਿੰਡ ਦੇ ਆਕਾਰ ਵਿਚ ਕੋਈ ਫ਼ਰਕ ਨਹੀਂ ਪਿਆ ਤੇ ਨਾ ਹੀ ਉਸਦਾ ਰਸਤਾ ਬਦਲਿਆ।

ਉਸ ਦੀਆਂ ਅੱਖਾਂ ਵਿਚ ਆਕਾਸ਼ੀ ਪਿੰਡ ਨੂੰ ਵੇਖ ਕੇ ਰੋਹ ਦੇ ਭਾਵ ਉਭਰ ਆਏ। ਉਸਨੇ ਫੇਰ ਇਕ ਹੋਰ ਤੋਪ ਚਾਲੂ ਕਰ ਲਈ ਅਤੇ ਆਕਾਸ਼ੀ ਪਿੰਡ ਤੇ ਲਗਾਤਾਰ ਪੰਦਰਾਂ ਅਟੈਕ ਕੀਤੇ।

ਪਰ......

ਅਫਸੋਸ ਕਿ ਉਸ ਤਬਾਹੀ ਦੇ ਗੋਲੇ ਦੀ ਤਬਾਹੀ ਨਾ ਹੋ ਸਕੀ ਅਤੇ ਹੁਣ ਉਹ ਨਿਰੰਤਰ ਮੰਗਲ ਵੱਲ ਨੂੰ ਵੱਧ ਰਿਹਾ ਸੀ। ਰਣਤੇਜ ਦੀਆਂ ਅੱਖਾਂ ਰੋਹ ਨਾਲ ਲਾਲ ਹੋ ਗਈਆਂ। ਉਸਨੇ ਸੋਚਿਆ ਕਿ ਜੇ ਉਹ ਇੰਝ ਹੀ ਅਟੈਕ ਕਰਦਾ ਗਿਆ ਤਾਂ ਉਸ ਗੋਲੇ ਤੇ ਕੋਈ ਅਸਰ ਨਹੀਂ ਹੋਣਾ।

ਉਧਰ ਸਮੇਂ ਦਾ ਰਵਾ (Crystal) ਮਹੌਲ ਦੀ ਗਰਮੀ ਨਾਲ ਪਿੱਘਲਦਾ ਜਾ ਰਿਹਾ ਸੀ।

ਫੇਰ ਅਚਾਨਕ......

ਰਣਤੇਜ ਦੇ ਮਨ ਵਿਚ ਇਕ ਬਹੁਤ ਹੀ ਭਿਆਨਕ ਵਿਚਾਰ ਨੇ ਜਨਮ ਲਿਆ।

ਉਸਨੇ ਯਾਨ ਨੂੰ ਚਾਲੂ ਕਰਕੇ, ਪ੍ਰਕਾਸ਼ ਦੀ ਗਤੀ ਜਿੰਨਾ ਤੇਜ਼ ਕਰ ਦਿੱਤਾ। ਪਲਕ ਝਪਕਦਿਆਂ ਹੀ ਯਾਨ ਕਲਪਨਾ ਜਿੰਨੀ ਗਤੀ ਨਾਲ ਉਸ ਆਕਾਸ਼ੀ ਪਿੰਡ ਨਾਲ ਜਾ ਟਕਰਾਇਆ।

ਅੰਤਰਿਖਸ਼ ਵਿਚ ਇਕ ਤੂਫਾਨ ਜਿਹਾ ਮਚ ਗਿਆ। ਯਾਨ ਦੀ ਟੱਕਰ ਨਾਲ ਕਾਫ਼ੀ ਮਾਤਰਾ ਵਿਚ ਤਾਪ ਉਤਪੰਨ ਹੋਇਆ, ਜਿਸਦੇ ਨਾਲ ਯਾਨ ਬਿਲਕੁਲ ਤਬਾਹ ਹੋ ਗਿਆ ਸੀ।

ਤੇ ਰਣਤੇਜ……

ਉਹ ਤਾਂ ਉਸੇ ਤਾਪ ਦੀ ਭੇਂਟ ਚੜ੍ਹ ਗਿਆ ।

ਉਧਰ ਕੰਟਰੋਲ ਰੂਮ 'ਚ ਜਦ ਵਲੀਨਾ, ਹਰਿੰਦਰ, ਜੈੱਕ ਤੇ ਹੋਰ ਲੋਕਾਂ ਨੇ ਇਹ ਦ੍ਰਿਸ਼ ਵੇਖਿਆ ਤਾਂ ਪਲ ਲਈ ਉਹਨਾਂ ਦੇ ਦਿਲ ਜਿਵੇਂ ਧੜਕਣੋਂ ਰੁਕ ਹੀ ਗਏ ਸੀ ।

ਇਕ ਪਲ ਤਾਂ ਉਹਨਾਂ ਨੂੰ ਪਤਾ ਹੀ ਨਾ ਚਲਿਆ ਕਿ ਕੀ ਵਾਪਰ ਗਿਆ ਹੈ । ਵਲੀਨਾ ਤਾਂ ਬੇਹੋਸ਼ ਹੋ ਕੇ ਹੀ ਡਿੱਗ ਪਈ । ਹਰਿੰਦਰ ਉਸਨੂੰ ਜ਼ਮੀਨ ਤੋਂ ਚੁੱਕਣ ਲਈ ਦੌੜਿਆ ।

ਇਸ ਕਸ਼ਮਕਸ਼ ਨੂੰ ਹੁੰਦਿਆਂ ਪੰਤਾਲੀ ਮਿੰਟ ਹੋ ਗਏ ਸਨ ।

ਪਰ ਉਸ ਆਕਾਸ਼ੀ ਪਿੰਡ ਦਾ ਰਸਤਾ ਬਦਲ ਚੁੱਕਾ ਸੀ । ਰਣਤੇਜ ਨੇ ਆਪਣੀ ਜਾਨ ਦੀ ਬਾਜ਼ੀ ਲਗਾ ਦਿੱਤੀ ਸੀ……ਮੰਗਲ ਵਾਸੀਆਂ ਦੀ ਰੱਖਿਆ ਵਾਸਤੇ ।

ਪਰ ਦਿਲ ਵਿਚ ਉਸਦੇ ਸਨਮਾਨ ਦੀ ਅਥਾਹ ਭਾਵਨਾ ਸੀ ।

ਇਹ ਗੱਲ ਉਦੋਂ ਦੀ ਸੀ, ਜਦੋਂ ਬਸੰਤ ਰੁੱਤ ਹੁੰਦੀ ਹੈ, ਜਦੋਂ ਫੁੱਲ ਬੂਟੇ ਆਪਣੇ ਪੂਰੇ ਜੋਬਨ ਤੇ ਹੁੰਦੇ ਹਨ ।

ਤੇ ਹੁਣ ਇਕ ਸਾਲ ਗੁਜ਼ਰ ਚੁੱਕਾ ਸੀ । ਸਰਦੀਆਂ ਤੋਂ ਬਾਅਦ ਬਸੰਤ ਆਈ, ਪਰ ਪ੍ਰਿਥਵੀ ਤੇ ਵਲੀਨਾ ਦਾ ਮਨ ਬਾਹਰੋਂ ਸੱਖਣਾ ਸੀ, ਉਸਨੂੰ ਅਜੇ ਰਣਤੇਜ ਨਹੀਂ ਭੁੱਲਿਆ ਸੀ ।

ਅੱਜ ਉਸਦੀ ਪਹਿਲੀ ਬਰਸੀ ਸੀ । ਬਲੀਨਾ, ਹਰਿੰਦਰ ਨਾਲ ਮੰਗਲ ਗ੍ਰਹਿ ਤੇ ਪੁੱਜੀ ਸੀ ।

ਰਣਤੇਜ ਦੀ ਮੜ੍ਹੀ ਤੇ ਨਜ਼ਰ ਪੈਂਦਿਆ ਹੀ ਵਲੀਨਾ ਦੇ ਅਥਰੂਆਂ ਦਾ ਸੈਲਾਬ ਵਹਿ ਤੁਰਿਆ ਕਾਫੀ ਚਿਰ ਬਾਅਦ ਉਸ ਤੋਂ ਆਪਣੇ ਆਪ ਤੇ ਕਾਬੂ ਪਾਇਆ ਗਿਆ ।

ਉਸਨੇ ਇਕ ਨਜ਼ਰ ਮੜ੍ਹੀ ਵਲ ਵੇਖਿਆ । ਉਸ ਵਿਚ ਜਿਵੇਂ ਰਣਤੇਜ ਦਾ ਹਮੇਸ਼ਾ ਹੱਸਦਾ ਰਹਿਣ ਵਾਲਾ ਚਿਹਰਾ ਇਸ ਵੇਲੇ ਵੀ ਮੁਸਕਰਾ ਰਿਹਾ ਸੀ । ਫੇਰ ਉਸਨੂੰ ਲੱਗਿਆ ਕਿ ਰਣਤੇਜ ਦਾ ਮੁਸਕਰਾਉਂਦਾ ਚਿਹਰਾ ਪਲ ਪ੍ਰਤੀ ਪਲ ਵਿਸ਼ਾਲ ਹੋਈ ਜਾ ਰਿਹਾ ਅਤੇ ਉਹ ਇੰਨਾ ਵਿਸ਼ਾਲ ਹੋ ਗਿਆ ਕਿ ਸਾਰੇ ਸੂਰਜ ਮੰਡਲ ਵਿਚ ਫੈਲ ਗਿਆ ਅਤੇ ਫੇਰ……

ਸੂਰਜ ਮੰਡਲ ਤੋਂ ਵੀ ਵਿਸ਼ਾਲ ਹੋ ਗਿਆ ।

# ਹਨੇਰੇ ਦਾ ਸੌਦਾਗਰ

ਚਾਰੇ ਪਾਸੇ ਅੰਧਕਾਰ ਫੈਲਿਆ ਹੋਇਆ ਸੀ। ਸੁਬੀਰਾ ਗ੍ਰਹਿ ਤੇ ਸੂਰਜ ਦਾ ਬਲਦਾ ਹੋਇਆ ਅਗਨਕੁੰਡ ਥੋੜ੍ਹੇ ਅੰਤਰਾਲ ਲਈ (ਜਿਵੇਂ) ਸ਼ਾਂਤ ਹੋ ਗਿਆ ਸੀ। ਗ੍ਰਹਿ ਸੁਬੀਰਾ ਮਸਤਾਨੀ ਚਾਲ ਨਾਲ ਆਪਣੇ ਸੂਰਜ ਦੁਆਲੇ ਘੁੰਮ ਰਿਹਾ ਸੀ। ਜਿਵੇਂ ਜਿਵੇਂ ਰਾਤ ਦਾ ਅੰਧਕਾਰ ਗਹਿਰਾ ਹੁੰਦਾ ਗਿਆ ਤਿਵੇਂ ਤਿਵੇਂ ਵਾਤਾਵਰਣ ਦੀ ਖਾਮੋਸ਼ੀ ਆਪਣੀ ਜਵਾਨੀ 'ਚ ਕਦਮ ਰੱਖਦੀ ਗਈ। ਪਰ ਛੇਤੀ ਹੀ ਭਰ ਜਵਾਨ ਹੋ ਰਹੀ ਖਾਮੋਸ਼ੀ ਨੂੰ ਬਲਾਤਕਰ ਦਾ ਸ਼ਿਕਾਰ ਹੋਣਾ ਪਿਆ।

ਉਹ ਇਕ ਗੁਫ਼ਾ ਸੀ, ਅਸਮਾਨ ਨੂੰ ਛੂਹ ਰਹੇ ਪਹਾੜਾਂ ਦੇ ਵਿਚਕਾਰ, ਚਾਰੇ ਪਾਸੇ ਕਾਲੇ ਕਾਲੇ ਦਰੱਖ਼ਤਾ ਦੇ ਝੁੰਡ ਫੈਲੇ ਹੋਏ ਸਨ, ਜਿਥੋਂ 'ਇਹ' ਅਵਾਜ਼ ਆਈ ਸੀ......ਜਿਸਨੇ ਖ਼ਾਮੋਸ਼ੀ ਦੇ ਦਾਮਨ 'ਚ ਕੰਡੇ ਭਰ ਦਿੱਤੇ ਸਨ। ਚਾਰ-ਪੰਜ ਬੰਦਿਆਂ ਦੀ ਤਿੱਖੀ ਅਵਾਜ਼ ਨੇ ਹੀ ਖ਼ਾਮੋਸ਼ੀ ਨੂੰ ਤੋੜਿਆ ਸੀ। ਹਾਲਾਂਕਿ ਪਹਿਲਾਂ-ਪਹਿਲ ਉਹਨਾਂ ਦੀ ਅਵਾਜ਼ ਕਾਫੀ ਉੱਚੀ ਸੀ। ਪਰ ਜਿਵੇਂ ਜਿਵੇਂ ਉਹਨਾਂ ਦੀ ਗੱਲਬਾਤ ਸਿਖਰ ਵੱਲ ਵਧਦੀ ਗਈ ਤਿਵੇਂ ਤਿਵੇਂ ਉਹਨਾਂ ਦੀ ਅਵਾਜ਼ ਹੌਲੀ ਹੁੰਦੀ ਗਈ। ਉਹ ਚਾਰੇ-ਪੰਜੇ ਜਣੇ (ਜਿਨ੍ਹਾਂ ਸਹੀ ਗਿਣਤੀ ਹਨੇਰਾ ਹੋਣ ਕਰਕੇ ਪਤਾ ਨਹੀਂ ਲੱਗ ਸਕੀ ਸੀ।), ਪੱਥਰਾਂ ਦੀ ਬਣੀ ਇਕ ਚੌੜੀ ਮੇਜ਼ ਦੇ ਗਿਰਦ ਬੈਠੇ ਸਨ।

ਅਜੇ ਉਹ ਆਪਣੀ ਗੱਲਬਾਤ ਵਿਚ ਮਸਰੂਫ਼ ਹੀ ਸਨ ਜਾਂ ਸ਼ਾਇਦ ਉਹਨਾਂ ਦੀ ਗੱਲਬਾਤ ਕਿਸੇ ਲਖ਼ਸ਼ ਤੇ ਅੱਪੜ ਗਈ ਸੀ। ਗੁਫ਼ਾ ਦੇ ਇਕ ਪਾਸੇ, ਜਿਥੋਂ ਕਿ ਗੁਫ਼ਾ ਕਾਫ਼ੀ ਚੌੜੀ ਸੀ, ਨੀਲੀ ਰੌਸ਼ਨੀ ਦਾ ਝਲਕਾਰਾ ਵਜਿਆ ਤਾਂ ਅੰਧਿਕਾਰ ਦੇ ਸਰੋਵਰ ਵਿਚ ਡੁੱਬੀ ਕਾਇਨਾਤ ਰੌਸ਼ਨੀ ਦੇ ਆਗਮਨ ਨਾਲ ਸਿਰਫ਼ ਇਕ 'ਆਹ' ਭਰ ਕੇ ਰਹਿ ਗਈ।

'ਮਕਰੰਦ, ਤੂੰ ਜਾਣਦਾ ਏਂ ਕਿ ਅਸੀਂ ਹਨੇਰੇ ਦੇ ਸੌਦਾਗਰ ਹਾਂ, ਸਾਨੂੰ ਰੌਸ਼ਨੀ ਪਸੰਦ ਨਹੀਂ। ਫਿਰ ਵੀ ਇਸ ਨੀਲੀ ਰੌਸ਼ਨੀ ਨੇ ਸਾਡੇ ਨੈਣਾਂ 'ਚ ਆਪਣੀਆਂ ਕਿਰਨਾਂ ਨਾਲ ਜਲਣ ਪੈਦਾ ਕੀਤੀ ਏ।'

'ਮਹਾਮਹਿਮ! ਇਹ ਨੀਲੀ ਰੌਸ਼ਨੀ ਸਿਆਰੋ ਦੇ ਆਉਣ ਦਾ ਚਿੰਨ੍ਹ ਏ। ਜਿਸਨੂੰ ਤੁਸੀਂ ਹੁਣੇ ਹੁਣੇ ਯਾਦ ਕੀਤਾ ਏ।' ਜਿਸਦਾ ਨਾਂ ਮਕਰੰਦ ਸੀ, ਉਸਦੇ ਮੂੰਹੋਂ ਆਵਾਜ਼ ਦੀਆਂ ਤਰੰਗਾਂ ਨਿਕਲ ਕੇ ਗੁਫ਼ਾ ਦੀ ਦੀਵਾਰ ਨਾਲ ਟਕਰਾ ਗਈਆਂ।

ਉਸੇ ਸਮੇਂ ਕਮਰੇ 'ਚ ਇਕ ਪਰਛਾਵਾਂ ਜਿਹਾ ਉਭਰਿਆ ਅਤੇ ਅਤੇ ਕੁਝ ਹੀ ਸਕਿੰਟਾਂ ਬਾਅਦ ਇਕ ਉੱਚੇ ਲੰਮੇ ਵਿਅਕਤੀ 'ਚ ਵਟ ਗਿਆ।

'ਸਿਆਰੋ, ਮਹਾਮਹਿਮ ਦੀ ਹਜ਼ੂਰੀ 'ਚ ਹਾਜ਼ਰ ਏ।' ਆਉਣ ਵਾਲੇ ਦੇ ਮੂੰਹੋਂ ਇਹ ਸ਼ਬਦ ਨਿਕਲੇ।

'ਹਨੇਰਿਆਂ ਦੇ ਸੌਦਾਗਰ, ਸਿਆਰੋ ਦਾ ਸਵਾਗਤ ਏ।' ਉਹ ਵਿਅਕਤੀ ਜਿਹੜਾ ਸ਼ਾਇਦ ਉਹਨਾਂ ਦਾ ਸਰਦਾਰ ਸੀ, ਬੋਲਿਆ।

'ਸਿਆਰੋ ਵਾਸਤੇ ਕੀ ਹੁਕਮ ਹੈ, ਮਹਾਮਹਿਮ !'

'ਸਿਆਰੋ ! ਸਾਡੇ ਸੌਰ ਮੰਡਲ ਤੋਂ ਦਸ ਲੱਖ ਪ੍ਰਕਾਸ਼ ਵਰ੍ਹੇ ਦੂਰ ਪ੍ਰਿਥਵੀ ਨਾਮਕ ਇਕ ਗ੍ਰਹਿ ਹੈ, ਜਿਹੜਾ ਵਿਗਿਆਨ ਦੇ ਖੇਤਰ ਵਿਚ ਨਿੱਤ ਨਵੀਆਂ ਪੁਲਾਂਘਾਂ ਪੁੱਟ ਰਿਹਾ ਏ ਅਤੇ ਉਹ ਦਿਨ ਦੂਰ ਨਹੀਂ ਹੈ ਜਦੋਂ ਪ੍ਰਿਥਵੀ ਗ੍ਰਹਿ ਦਾ ਵਿਗਿਆਨ ਚਰਮ ਸੀਮਾ ਤੋਂ ਵੀ ਅਗਾਂਹ ਵੱਧ ਜਾਵੇਗਾ ਅਤੇ ਪ੍ਰਿਥਵੀ ਪੂਰੇ ਬ੍ਰਹਿਮੰਡ ਵਿਚ ਸਾਥੋਂ ਵੀ ਵਡੇਰੀ ਤਾਕਤ ਬਣ ਉਭਰੇਗਾ। ਇਸ ਲਈ ਅਸੀਂ ਫੈਸਲਾ ਕੀਤਾ ਹੈ ਕਿ ਪ੍ਰਿਥਵੀ ਦੇ ਵਿਗਿਆਨ ਦਾ ਵਿਕਾਸ ਚਰਮ ਸੀਮਾਂ ਤਕ ਪਹੁੰਚਣ ਤੋਂ ਪਹਿਲਾਂ ਹੀ ਰੋਕ ਦਿੱਤਾ ਜਾਵੇ। ਤਾਂ ਜੋ ਅਗਾਂਹ ਭਵਿੱਖ ਵਿਚ ਪ੍ਰਿਥਵੀ ਸਾਥੋਂ ਵਡੇਰੀ ਤਾਕਤ ਨਾ ਬਣ ਸਕੇ। ਜੇ ਕੁਝ ਹੋਰ ਜਾਣਕਾਰੀ ਪ੍ਰਿਥਵੀ ਬਾਰੇ ਚਾਹੀਦੀ ਹੈ ਤਾਂ ਕੰਟਰੋਲ ਰੂਮ ਵਿਚੋਂ ਲੈ ਲਵੀਂ।'

'ਜੀ ਨਹੀਂ ਸ੍ਰੀਮਾਨ, ਇਕ ਅੰਤਰਿਖ਼ਸ਼ ਵਿਗਿਆਨੀ ਹੋਣ ਦੇ ਨਾਤੇ ਮੇਰੇ ਕੋਲ ਬ੍ਰਹਿਮੰਡ ਦੇ ਸਾਰੇ ਗ੍ਰਹਿਆਂ ਦਾ ਰਿਕਾਰਡ ਮੌਜੂਦ ਹੈ।'

'ਸਿਆਰੋ, ਤੂੰ ਵਿਗਿਆਨ ਦੀਆਂ ਅਥਾਹ ਸ਼ਕਤੀਆਂ ਦਾ ਮਾਲਿਕ ਏਂ, ਇਸ ਲਈ ਇਸ ਕੰਮ ਲਈ ਅਸੀਂ ਤੇਰੀ ਚੋਣ ਕੀਤੀ ਏ। ਸਾਨੂੰ ਉਮੀਦ ਹੈ ਕਿ ਤੂੰ ਇਸ ਮਿਸ਼ਨ ਤੋਂ ਕਾਮਯਾਬ ਹੋ ਕੇ ਹੀ ਵਾਪਿਸ ਪਿਆਰੇ ਸੁਬੀਰਾ ਗ੍ਰਹਿ ਤੇ ਆਵੇਂਗਾ।

'ਇਹ ਮੇਰੀ ਖੁਸ਼-ਕਿਸਮਤੀ ਹੈ ਕਿ ਤੁਸੀਂ ਮੈਨੂੰ ਇਸ ਕੰਮ ਲਈ ਯੋਗ ਸਮਝਿਆ। ਮੈਂ ਆਪਦੀ ਇਸ ਆਸ ਨੂੰ ਜ਼ਰੂਰ ਪੂਰਾ ਕਰਾਂਗਾ।' ਇੰਨਾ ਕਹਿ ਕੇ ਸਿਆਰੋ ਉਥੋਂ ਟਰਾਂਸਮਿਟ ਹੋ ਕੇ ਆਪਣੀ ਪ੍ਰਯੋਗਸ਼ਾਲਾ ਵਿਚ ਆ ਗਿਆ।

ਉਸਦੀ ਪ੍ਰਯੋਗਸ਼ਾਲਾ ਕਾਫ਼ੀ ਵਿਸ਼ਾਲ ਸੀ, ਜਿਹੜੀ ਇਕ ਪਹਾੜੀ ਦੀ ਗੋਦ ਵਿਚ ਬਣੀ ਹੋਈ ਸੀ। ਸਿਆਰੋ ਨੇ ਆਪਣੇ ਨਿੱਜੀ ਕਮਰੇ 'ਚੋਂ ਕੁਝ ਜ਼ਰੂਰੀ ਵਸਤਾਂ ਲਈਆਂ ਅਤੇ ਆਪਣੀ ਪ੍ਰਯੋਗਸ਼ਾਲਾ ਦੇ ਖ਼ਾਸ ਕਮਰੇ ਵਿਚ ਆ ਗਿਆ, ਜਿਵੇਂ ਇਕ ਪਲੇਟਫ਼ਾਰਮ ਲੱਗਾ ਹੋਇਆ ਸੀ। ਉਸਨੇ 'ਮਾਸਟਰ ਕੰਪਿਊਟਰ' ਨੂੰ ਕੁਝ ਖ਼ਾਸ ਆਦੇਸ਼ ਦਿੱਤੇ ਅਤੇ ਪਲੇਟਫ਼ਾਰਮ 'ਤੇ ਆ ਗਿਆ।

ਥੋੜੇ ਚਿਰ ਬਾਅਦ......

ਪਲੇਟਫ਼ਾਰਮ ਤੇ ਰੋਸ਼ਨੀ ਦਾ ਇਕ ਤੇਜ਼ ਪ੍ਰਕਾਸ਼ ਪੁੰਜ ਚਮਕਿਆ ਅਤੇ ਸਿਆਰੋ ਦਾ ਜਿਸਮ ਇਕ ਪਰਛਾਵੇਂ ਜਿਹੇ ਵਿਚ ਵਟਦਾ ਚਲਿਆ ਗਿਆ। ਫੇਰ ਉਹ ਪਰਛਾਵਾਂ ਅਸਗਾਹ, ਅਨੰਤ ਪੁਲਾੜ ਵਿਚੋਂ ਵਲ-ਵਲੇਵੇਂ ਖਾਂਦਾ ਹੋਇਆ ਕੁਝ ਹੀ ਮਿੰਟਾਂ ਵਿਚ ਪ੍ਰਿਥਵੀ ਦੇ ਇਕ ਮਹਾਂਨਗਰ 'ਚ ਆ ਕੇ ਫੈਲ ਗਿਆ......

× × ×

'ਸੀਮਾ, ਮੈਂ ਸਰ ਜੋਹਨ ਦੇ ਪੁੱਤਰ ਸਾਈਕੀ ਨੂੰ ਮਿਲਣ ਹੋਟਲ 'ਗਰੀਨ ਪੈਲੇਸ' ਚੱਲੀ ਹਾਂ। ਮੇਰੇ ਆਉਣ ਤੱਕ ਤੂੰ ਇਸ ਕੇਸ ਦੀ ਫ਼ਾਈਲ ਤਿਆਰ ਕਰ ਲਵੀਂ।'

'ਓ. ਕੇ. ਵਰੀਨਾ।'

ਉਹ ਲੜਕੀ ਜਿਸਦਾ ਨਾਂ ਵਰੀਨ ਸੀ ਹਵਾ ਵਾਂਗ ਕਮਰੇ 'ਚੋਂ ਬਾਹਰ ਨਿਕਲ ਗਈ। ਬਾਹਰ ਆ ਕੇ ਉਸਨੇ ਆਪਣੀ ਕਾਰ ਸਟਾਰਟ ਕੀਤੀ ਅਤੇ ਉਸਨੂੰ ਸ਼ਹਿਰ ਦੀਆਂ ਸੜਕਾਂ ਤੇ ਦੌੜਾ ਦਿੱਤਾ। ਉਹ ਕੁੜੀ...ਜਿਸਦੀ ਮੰਜ਼ਿਲ 'ਗਰੀਨ ਪੈਲੇਸ' ਸੀ, ਅਸਲ ਵਿਚ ਇਕ ਦਲੇਰ ਕੁੜੀ ਸੀ, ਜਿਸ ਨੇ ਇਕ ਡਿਟੈਕਟਿਵ ਦਾ ਪੇਸ਼ਾ ਅਪਣਾਇਆ ਹੋਇਆ ਸੀ। ਅੱਜ ਤੱਕ ਮੌਤ ਉਸ ਨੂੰ ਕਈ ਰੂਪਾਂ ਵਿਚ ਮਿਲ ਚੁੱਕੀ ਸੀ ਪਰ ਉਹ ਛਲਾਵੀ ਹਰ ਵਾਰ ਮੌਤ ਨੂੰ ਧੋਖਾ ਦੇ ਜਾਂਦਾ ਸੀ।

ਉਹ ਕੁੜੀ—ਜਿਸਦਾ ਨਾਂ ਵਰੀਨਾ ਸੀ ਅਤੇ ਜਿਸਦੀ ਮੰਜ਼ਿਲ 'ਗਰੀਨ ਪੈਲੇਸ' ਨਾਮਕ ਕੋਈ ਹੋਟਲ ਸੀ, ਅੰਤਾਂ ਦੀ ਖ਼ੂਬਸੂਰਤ ਅਤੇ ਬਿਜਲੀ ਵਾਂਗ ਤੇਜ਼ ਸੀ......

ਵਰੀਨਾ...ਜਿਹੜੀ ਬਿਜਲੀ ਵਾਂਗ ਤੇਜ਼ ਸੀ, ਜਦ ਮਿਸਟਰ ਸਾਈਕੀ ਨੂੰ ਮਿਲ ਕੇ ਕੈਬਿਨ ਵਿਚੋਂ ਬਾਹਰ ਨਿਕਲੀ ਤਾਂ ਹੜਬੜ੍ਹਾਟ ਅਤੇ ਕਾਹਲੀ ਵਿਚ ਉਥੇ ਵਿਚਰ ਰਹੇ ਸਿਆਰੋ ਨਾਲ ਟਕਰਾ ਗਈ। ਸਿਆਰੋ ਦਾ ਧਿਆਨ ਵੀ ਕਿਧਰੇ ਹੋਰ ਹੀ ਸੀ। ਉਂਝ ਵੀ ਉਹ ਸਫਰ ਅਤੇ ਹੰਗਾਮਿਆਂ ਕਾਰਣ ਕਾਫ਼ੀ ਥੱਕ ਜਿਹਾ ਗਿਆ ਸੀ।

ਉਸ ਵੇਲੇ......

ਜਿਸ ਵੇਲੇ ਵਰੀਨਾ ਸਿਆਰੋ ਨਾਲ ਟਕਰਾਈ ਸੀ, ਉਸਦੇ ਸਾਰੇ ਸਰੀਰ ਵਿਚ ਜਿਵੇਂ ਤੂਫ਼ਾਨ ਆ ਗਿਆ ਹੋਵੇ। ਉਸਦਾ ਸਾਰਾ ਸਰੀਰ ਇਕ ਅਜੀਬ ਜਿਹੇ ਤੂਫ਼ਾਨੀ ਵੇਗ ਨਾਲ ਕੰਬ ਉੱਠਿਆ ਅਤੇ ਉਹ ਉਸ ਤੂਫ਼ਾਨੀ ਵੇਗ ਦਾ ਤਾਬ ਨਾ ਝੱਲਦੀ ਹੋਈ ਬੇਹੋਸ਼ ਹੋ ਗਈ।

ਸਿਆਰੋ ਨੇ ਡਿਗਦੀ ਵਰੀਨਾ ਨੂੰ ਆਪਣੀਆਂ ਮਜ਼ਬੂਤ ਬਾਹਵਾਂ ਵਿਚ ਸਾਂਭ ਲਿਆ ਅਤੇ ਉਸਨੂੰ ਹੋਟਲ ਵਿਚ, ਆਪਣੇ ਕਮਰੇ ਵਿਚ ਲੈ ਆਇਆ। ਹੋਟਲ ਦੇ ਹਾਲ ਵਿਚ ਉਸ ਵੇਲੇ ਬਹੁਤੀ ਭੀੜ ਨਹੀਂ ਸੀ, (ਵੈਸੇ ਵੀ ਮਹਾਂਨਗਰਾਂ ਦੇ ਹੋਟਲਾਂ ਵਿਚ ਜੀਵਨ ਰਾਤ ਨੂੰ ਸ਼ੁਰੂ ਹੁੰਦਾ ਹੈ।) ਇਸ ਲਈ ਸਿਆਰੋ ਨੂੰ ਕਿਸੇ ਵੀ ਨਾ ਵੇਖਿਆ, ਜਦੋਂ ਉਸਨੇ ਵਰੀਨਾ ਨੂੰ ਆਪਣੇ ਕਮਰੇ ਵਿਚ ਲਿਆਂਦਾ। ਉਹ ਜਾਣ ਗਿਆ ਸੀ ਕਿ ਵਰੀਨਾ ਉਸ ਦੀ ਅਮਾਨਵੀ, ਸੁਪਰ ਨੈਚੁੱਰਲ ਪਾਵਰ ਕਰਕੇ ਬੇਹੋਸ਼ ਹੋਈ ਸੀ।

ਸਿਆਰੋ ਨੇ ਵਰੀਨਾ ਨੂੰ ਬਿਸਤਰ ਤੇ ਲਿਟਾ ਦਿੱਤਾ। ਫੇਰ ਉਹ ਬਾਥਰੂਮ ਵਿਚੋਂ ਇਕ ਜੱਗ 'ਚ ਪਾਣੀ ਭਰਕੇ ਲੈ ਆਇਆ ਅਤੇ ਪਾਣੀ ਦੇ ਕੁਝ ਛਿੱਟੇ ਵਰੀਨਾ ਦੇ ਮੂੰਹ ਤੇ ਮਾਰੇ। ਵਰੀਨਾ ਨੇ ਕਰਾਹ ਕੇ ਅੱਖਾਂ ਖੋਲ੍ਹੀਆਂ।

'ਆਹ...ਮੈਂ ਕਿੱਥੇ ਹਾਂ ?'

'ਮੈਡਮ, ਤੁਸੀਂ ਐਸ ਵੇਲੇ ਹੋਟਲ ਦੇ ਇਕ ਕਮਰੇ 'ਚ ਹੋ। ਤੁਸੀਂ ਮੇਰੇ ਨਾਲ ਟਕਰਾ ਕੇ, ਜ਼ਮੀਨ ਤੇ ਡਿਗ ਕੇ ਬੇਹੋਸ਼ ਹੋ ਗਏ ਸੀ। ਮੈਂ ਤੁਹਾਨੂੰ ਆਪਣੇ ਕਮਰੇ 'ਚ ਲੈ ਆਇਆ। ਮੈਂ ਸਮਝਿਆ ਸ਼ਾਇਦ ਡਾਕਟਰ ਦੀ ਜ਼ਰੂਰਤ ਆ ਪਵੇ।'

'ਉਹ ! ...ਸ਼ਾਇਦ ਚੱਕਰ ਆ ਗਿਆ ਸੀ।'

ਵਰੀਨਾ ਬਿਸਤਰੇ ਤੋਂ ਉੱਠ ਖੜ੍ਹੀ ਹੋਈ। ਹੁਣ ਉਹ ਆਪਣੇ ਆਪ ਨੂੰ ਬਿਲਕੁਲ ਠੀਕ ਅਹਿਸੂਸ ਕਰ ਰਹੀ ਸੀ।

'ਮਦਦ ਲਈ ਤੁਹਾਡਾ ਸ਼ੁਕਰੀਆ। ਕੀ ਮੈਂ ਤੁਹਾਡਾ ਨਾਮ ਜਾਣ ਸਕਦੀ ਹਾਂ ?'

'ਸਿਆਰੋ ਹੈ ਮੇਰਾ ਨਾਮ...ਪਰਦੇਸੀ ਹਾਂ...।'

'ਬੜੀ ਖੁਸ਼ੀ ਹੋਈ ਤੁਹਾਡੇ ਨਾਲ ਮਿਲ ਕੇ।' ਵਰੀਨਾ ਨੇ ਆਪਣਾ ਹੱਥ ਅੱਗੇ ਵਧਾ ਦਿੱਤਾ।

'ਮੈਨੂੰ ਵਰੀਨਾ ਕਹਿੰਦੇ ਹਨ।'

ਸਿਆਰੋ ਨੇ ਵਰੀਨਾ ਦਾ ਹੱਥ ਆਪਣੇ ਹੱਥ ਵਿਚ ਘੁੱਟ ਲਿਆ। ਇਕ ਵੇਰਾਂ ਫੇਰ ਕੰਬਣੀ ਜਿਹੀ ਛਿੜ ਗਈ ਵਰੀਨਾ ਦੇ ਸਾਰੇ ਬਦਨ ਵਿਚ। ਪਰ ਇਸ ਵਾਰ ਉਹ ਬੇਹੋਸ਼ ਨਹੀਂ ਹੋਈ। ਇਸ ਤੋਂ ਬਾਅਦ ਵਰੀਨਾ ਵਾਪਸ ਆਪਣੇ ਆਫ਼ਿਸ ਆ ਗਈ।

'ਕੇਸ ਦੀ ਫ਼ਾਈਲ ਤਿਆਰ ਹੋ ਗਈ।' ਉਸਨੇ ਆਪਣੀ ਸਹਾਇਕ ਸੀਮਾ ਨੂੰ ਪੁੱਛਿਆ।

'ਹਾਂ...ਵਰੀਨਾ।'

'ਵੇਖ, ਮੇਰੀ ਤਬੀਅਤ ਕੁਝ ਠੀਕ ਨਹੀਂ। ਮੈਂ ਅਰਾਮ ਕਰਨ ਜਾ ਰਹੀ ਹਾਂ। ਜੇ ਕੋਈ ਜ਼ਰੂਰੀ ਫ਼ੋਨ ਹੋਵੇ ਤਾਂ ਹੀ ਮੈਨੂੰ ਜਗਾਈਂ, ਨਹੀਂ ਤਾਂ ਸੁੱਤੀ ਰਹਿਣ ਦਵੀਂ।'

ਵਰੀਨਾ ਆਪਣੇ ਬੈਡਰੂਮ ਵਿਚ ਆਂ ਕੇ ਬਿਸਤਰੇ ਤੇ ਢੇਰੀ ਹੋ ਗਈ (ਇਕਦਮ !)। ਉਸਦੇ ਦਿਲੋ-ਦਿਮਾਗ਼ ਸਿਆਰੋ ਦਾ ਅਮਾਨਵੀ ਵਿਅਕਤੀਤੱਵ ਹੀ ਛਾਇਆ ਹੋਇਆ ਸੀ। ਅਜੇ ਵੀ ਕੰਬਣੀ ਦੀ ਇਕ ਲੀਹ ਉਸਦੇ ਜਿਸਮ ਦੇ ਕਿਸੇ ਕੋਨੇ ਵਿਚ ਉੱਠੀ ਚਲੀ ਜਾ ਰਹੀ ਸੀ। ਉਸਦਾ ਮਨ ਸੌਣ ਨੂੰ ਕਰਦਾ ਸੀ ਪਰ ਨੀਂਦ ਦਾ ਦੂਰ ਦੂਰ ਤੱਕ ਨਾਂ-ਨਿਸ਼ਾਨ ਨਹੀਂ ਸੀ। ਉਸਦੀ ਸੋਚ ਦੂਰ ਕਿਤੇ ਰੇਤ ਦੇ ਗਹਿਰੇ ਸਮੁੰਦਰਾਂ 'ਚ ਭਟਕ ਰਹੀ ਸੀ ਪਰ ਥੋੜ੍ਹੀ ਦੇਰ ਬਾਅਦ 'ਫਿਰ ਉਸਦੇ ਮਨ ਦੇ ਅਕਾਸ਼ ਤੇ ਸਿਆਰੋ ਦਾ ਅਕਸ ਉੱਭਰ ਆਉਂਦਾ ਸੀ। ਉਹ ਵਾਰ ਵਾਰ ਬਿਸਤਰ ਤੇ ਕਰਵਟਾਂ ਬਦਲ ਰਹੀ ਸੀ। ਉਸਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਉਹ ਸਿਆਰੋ ਦੇ ਬਗੈਰ ਨਹੀਂ ਰਹਿ ਸਕੇਗੀ (ਸ਼ਾਇਦ !)।

ਅਗਲੇ ਦਿਨ ਸਵੇਰੀ ਹੀ 'ਉਹ' ਤਿਆਰ ਹੋ ਕੇ 'ਗਰੀਨ ਪੈਲੇਸ' ਪੁੱਜ ਗਈ। ਸਿਆਰੋ ਉਸ ਵਕਤ ਬਰੇਕਫ਼ਾਸਟ ਕਰ ਰਿਹਾ ਸੀ। ਉਸ ਦਾ ਚਿਹਰਾ ਵਰੀਨਾ ਨੂੰ ਵੇਖਦਿਆਂ ਹੀ ਮਹਿਕ ਉੱਠਿਆ।

'ਆਓ...ਵਰੀਨਾ...ਇੱਟ 'ਸ ਏ ਪਲੈਜ਼ੈਂਟ ਸਰਪਰਾਈਜ਼...।'

'ਹੈਲੋ...!' ਵਰੀਨਾ ਮੁਸਕਰਾਹਟ ਬਖੇਰਦਿਆਂ ਬੋਲੀ।

'ਹੈਲੋ...ਸਿਆਰੋ।'

ਉਸ ਦਿਨ ਉਹ ਦੋਵੇਂ ਸਾਰਾ ਦਿਨ ਘੁੰਮਦੇ ਫਿਰਦੇ ਰਹੇ। ਸਿਆਰੋ ਕਿਉਂਕਿ ਉਸ ਸ਼ਹਿਰ ਵਿਚ ਅਜਨਬੀ ਸੀ, ਇਸ ਲਈ ਵਰੀਨਾ ਉਸਨੂੰ ਸ਼ਹਿਰ ਮੁੱਖ-ਮੁੱਖ ਵੇਖਣ ਯੋਗ ਸਥਾਨ ਵਿਖਾ ਰਹੀ ਸੀ। ਇੰਨੇ ਸਮੇਂ ਵਿਚ ਉਹ ਦੋਵੇਂ ਇਕ ਦੂਸਰੇ ਪ੍ਰਤੀ ਆਪਣਾ ਪ੍ਰੇਮ ਪ੍ਰਦਰਸ਼ਿਤ ਕਰ ਚੁੱਕੇ ਸੀ।

ਹਾਲਾਂਕਿ ਸਿਆਰੋ ਨੂੰ ਵਰੀਨਾਂ ਨਾਲ ਕੋਈ ਪਿਆਰ—ਵਿਆਰ ਨਹੀਂ ਸੀ ਹੋਇਆ । ਪਰ ਕਿਉਂਕਿ ਉਸ ਸ਼ਹਿਰ ਵਿਚ ਉਸਨੂੰ ਇਕ ਵਿਅਕਤੀ ਦੀ ਜ਼ਰੂਰਤ ਸੀ । ਇਸ ਲਈ ਉਸਨੇ ਵਰੀਨਾ ਨਾਲ ਇਹ ਨਾਟਕ ਖੇਡਣਾ ਉੱਚਿਤ ਸਮਝਿਆ ।

ਵਰੀਨਾ ਨੇ ਸੀਮਾ ਨੂੰ ਫ਼ੋਨ ਕਰਕੇ ਆਖ ਦਿੱਤਾ ਸੀ ਕਿ ਉਹ ਰਾਤ ਨੂੰ ਨਹੀਂ ਆਵੇਗੀ । ਸੀਮਾ ਲਈ ਇਹ ਸੋਚ ਦਾ ਕਾਰਣ ਹੀ ਸੀ ਕਿ ਅਚਾਨਕ ਵਰੀਨਾ ਜਿਹਾ ਤੇਜ਼-ਕੱਰਾਰ ਕੁੜੀ ਨੂੰ ਇਕਦਮ ਕੀ ਹੋ ਗਿਆ ?

× × ×

ਸਮਾਂ......

ਰਾਤ ਦੇ ਦੋ ਵੱਜ ਕੇ ਪੰਜ ਮਿੰਟ ਤੇ ਛੱਤੀ ਸਕਿੰਟ । ਵਰੀਨਾ ਅਤੇ ਸਿਆਰੋ ਗੂੜ੍ਹੀ ਨੀਂਦੇ ਸੁੱਤੇ ਪਏ ਸੀ । ਅਚਾਨਕ......

ਸਿਆਰੋ ਦੇ ਦਿਮਾਗ਼ ਵਿਚ ਹਲਚਲ ਜਿਹੀ ਹੋਈ...ਉੱਠੋ...ਸਿਆਰੋ...ਜਾਗੋ । ਇਹ ਵਕਤ ਸੌਣ ਦਾ ਨਹੀਂ ਹੈ...ਉੱਠੋ ਅਤੇ ਆਪਣਾ ਮਿਸ਼ਨ ਆਰੰਭ ਕਰ ਦੇਵੋ...।

ਸਿਆਰੋ ਤ੍ਰਭਕ ਕੇ ਉੱਠ ਬੈਠਾ । ਉਹ ਇਸ ਅਵਾਜ਼ ਨੂੰ ਪਹਿਚਾਣਦਾ ਸੀ । ਇਹ ਅਵਾਜ਼ ਸੁਬੀਰਾ ਗ੍ਰਹਿ ਦੇ ਕੰਟਰੋਲ ਰੂਮ ਦੇ ਕੰਟਰੋਲਰ ਦੀ ਸੀ । ਜਿਹੜਾ ਉਸ ਦੀਆਂ ਗਤੀਵਿਧੀਆਂ ਤੇ ਨਜ਼ਰ ਰੱਖ ਰਿਹਾ ਸੀ ।

ਸਿਆਰੋ ਨੇ ਕੋਲ ਪਿਆ ਆਪਣਾ ਸੂਟ ਪਾਇਆ ਅਤੇ ਬਿਸਤਰ ਤੋਂ ਉੱਠ ਖੜ੍ਹਾ ਹੋਇਆ । ਇਕਦਮ ਉਸਦੇ ਦਿਮਾਗ਼ ਵਿਚ ਪਿਛਲੇ ਦਿਨ ਦਾ ਵੇਖਿਆ 'ਵਿਗਿਆਨ ਭਵਨ' ਉੱਭਰ ਆਇਆ । ਝੱਟ ਹੀ ਉਸ ਦੇ ਦਿਮਾਗ਼ ਵਿਚ ਇਕ ਖ਼ਤਰਨਾਕ ਵਿਚਾਰ ਨੇ ਜਨਮ ਲਿਆ । ਉਸ ਦੇ ਬੁੱਲ੍ਹਾਂ ਤੇ ਇਕ ਜ਼ਹਿਰੀਲੀ ਮੁਸਕਾਨ ਨ੍ਰਿਤ ਕਰਨ ਲੱਗੀ । ਉਸ ਦੇ ਮਨ ਦਾ ਸ਼ੈਤਾਨ ਜਾਗ ਉਠਿਆ ਸੀ ।

ਉਹ ਦਰਵਾਜ਼ਾ ਖੋਲ੍ਹ ਕੇ ਬਾਹਰ ਜਾਣ ਲੱਗਾ ਤਾ—

'ਡਾਰਲਿੰਗ, ਕਿੱਧਰ ਜਾ ਰਹੇ ਹੋ ?'

ਅਚਾਨਕ ਜਿਵੇਂ ਸਿਆਰੋ ਦੇ ਸਿਰ ਤੇ ਅਸਮਾਨ ਡਿਗ ਆਇਆ ਹੋਵੇ । ਉਸ ਦੇ ਸੱਥੇ ਦੀਆਂ ਤਿਊੜੀਆਂ ਹੋਰ ਗਹਿਰੀਆਂ ਹੋ ਗਈਆਂ । ਉਸ ਨੇ ਦਬੀ ਕੋਸ਼ਿਸ਼ ਕਰਕੇ ਆਪਣੀ ਅਵਾਜ਼ ਨਰਮ ਬਣਾਉਂਦਿਆਂ ਆਖਿਆ—

'ਬੱਸ ਥੋੜ੍ਹੀ ਦੇਰ 'ਚ ਹੀ ਆਇਆ ।'

ਇਹ ਕਹਿ ਕੇ ਉਹ ਕਮਰੇ 'ਚੋਂ ਬਾਹਰ ਆ ਗਿਆ । ਥੋੜ੍ਹੀ ਦੇਰ ਪਹਿਲਾਂ ਉਹ ਕਾਫ਼ੀ ਡਰ ਗਿਆ ਸੀ । ਪਰ ਹੁਣ ਉਸ ਨੂੰ ਆਪਣੇ ਆਪ ਤੇ ਹੀ ਗੁੱਸਾ ਆ ਰਿਹਾ ਸੀ ।

ਪਲਕ ਝਪਕਦਿਆਂ ਹੀ ਉਹ ਟਰਾਂਸਮਿਟ ਹੋ ਕੇ 'ਵਿਗਿਆਨ ਭਵਨ' ਦੇ ਕੋਲ ਪੁੱਜ ਗਿਆ । ਉਹ ਵਿਗਿਆਨ ਭਵਨ ਦੇ ਪਿਛਲੇ ਪਾਸੇ, ਦਰੱਖ਼ਤਾਂ ਦੇ ਕੋਲ ਆ ਗਿਆ । ਉਸ ਨੂੰ ਇਕ ਦਰੱਖ਼ਤ ਦੇ ਉਹਲੇ ਖੜੇ ਹੋ ਕੇ ਆਪਣੇ ਸੂਟ 'ਚੋਂ ਇਕ ਛੋਟੀ ਜਿਹੀ ਗੰਨ ਕੱਢੀ ਅਤੇ ਉਸ ਦਾ

ਰੁੱਖ ਵਿਗਿਆਨ ਭਵਨ ਵੱਲ ਨੂੰ ਕਰਕੇ ਟਰੈਗਰ ਦਬਾ ਦਿੱਤਾ। ਗੰਨ ਵਿਚੋਂ ਅਗਨ ਕਿਰਨਾਂ ਨਿਕਲ ਕੇ ਵਿਗਿਆਨ ਭਵਨ ਨਾਲ ਜਾ ਟਕਰਾਈਆਂ ਅਤੇ ਵਿਗਿਆਨ ਭਵਨ ਦੀ ਦਸ ਮੰਜ਼ਿਲਾ ਇਮਾਰਤ 'ਧੂੰ-ਧੂੰ' ਕਰਕੇ ਜਲ ਉੱਠੀ।

......ਫੇਰ ਥੋੜ੍ਹੀ ਹੀ ਦੇਰ ਬਾਅਦ ਉਹ ਆਪਣੇ ਕਮਰੇ 'ਚ ਸੀ। ਜਿਵੇਂ ਕੁਝ ਹੋਇਆ ਹੀ ਨਾ ਹੋਵੇ।

'ਕਿੱਥੇ ਗਏ ਸੀ?' ਵਰੀਨਾ ਨੇ ਅੰਗੜਾਈ ਲੈਂਦਿਆਂ ਪੁੱਛਿਆ।

'ਬੱਸ ਥੋੜ੍ਹੀ ਦੇਰ ਬਾਹਰ ਘੁੰਮਣ ਗਿਆ ਸੀ ਹਨੀ। ਨੀਂਦ ਨਹੀਂ ਆ ਰਹੀ ਸੀ।'

ਪਰ ਵਰੀਨਾ ਨੂੰ ਸਿਆਰੋ ਦੀ ਗੱਲ ਤੇ ਬਿਲਕੁਲ ਵੀ ਯਕੀਨ ਨਹੀਂ ਆਇਆ। ਉਸ ਦਾ ਡਿਟੈਕਟਿਵ ਨੇਚਰ ਸਿਆਰੋ ਦੀ ਗੱਲ ਸਵੀਕਾਰ ਨਹੀਂ ਕਰ ਰਿਹਾ ਸੀ ਅਤੇ ਉਸ ਵੇਲੇ ਵਰੀਨਾ ਦੇ ਮਸਤਕ 'ਚ ਪਹਿਲੀ ਵਾਰ ਸਿਆਰੋ ਪ੍ਰਤੀ ਸ਼ੱਕ ਦਾ ਕੀੜਾ ਉਪਜਿਆ।

ਹਾਲਾਂਕਿ ਵਰੀਨਾ ਸਿਆਰੋ ਦੇ ਪ੍ਰਤੀ ਕੋਈ ਵੀ ਸ਼ੱਕ ਨਹੀਂ ਕਰਨਾ ਚਾਹੁੰਦੀ ਸੀ। ਉਹ ਸਿਆਰੋ ਨਾਲ ਬਿਤਾਏ ਪਲਾਂ ਵਿਚ ਆਪਣੇ ਡਿਟੈਕਟਿਵ ਦੇ ਧੰਦੇ ਨੂੰ ਸ਼ਾਮਲ ਨਹੀਂ ਹੋਣ ਦੇਣਾ ਚਾਹੁੰਦੀ ਸੀ। ਪਰ ਉਸ ਦਾ ਜਾਸੂਸੀ ਮਨ ਉਸ ਨੂੰ ਸਿਆਰੋ ਦੇ ਪ੍ਰਤੀ ਕੁਝ ਸੋਚਣ ਲਈ ਮਜ਼ਬੂਰ ਕਰ ਰਿਹਾ ਸੀ। ਜੇ ਕੋਈ ਆਮ ਯੁਵਤੀ ਸਿਆਰੋ ਦੇ ਸੰਪਰਕ 'ਚ ਆਈ ਹੁੰਦੀ ਤਾਂ ਉਸ ਨੂੰ ਸਿਆਰੋ ਦੀ ਰਾਤ ਵਾਲੀ ਗਤੀਵਿਧੀ ਰਹੱਸਮਈ ਨਹੀਂ ਲੱਗਣੀ ਸੀ। ਪਰ ਵਰੀਨਾ ਕਿਉਂਕਿ ਕੋਈ ਆਮ ਯੁਵਤੀ ਨਹੀਂ ਸੀ, ਇਸ ਲਈ ਸਿਆਰੋ ਦੀ ਰਾਤ ਵਾਲੀ ਹਰਕਤ ਉਸ ਲਈ ਸ਼ੱਕੀ ਸੀ। ਉਸ ਦੀ ਸਿਆਰੋ ਨਾਲ ਜਾਨ ਪਹਿਚਾਣ ਹੋਇਆਂ ਅਜੇ ਇਕ ਹੀ ਤਾਂ ਦਿਨ ਹੋਇਆ ਸੀ। ਪਰ ਉਹ ਸਿਆਰੋ ਬਾਰੇ ਕੁਝ ਵੀ ਨਾ ਜਾਣਦਿਆਂ ਹੋਇਆਂ, ਕਾਫ਼ੀ ਕੁਝ ਜਾਣਦੀ ਸੀ।

ਉਸ ਦੇ ਲਈ ਸਿਆਰੋ ਕਿਸੇ ਪ੍ਰਦੇਸੀ ਮੁਲਕ ਦਾ ਵਸਨੀਕ ਸੀ ਜਿਹੜਾ ਸੈਰ ਸਪਾਟੇ ਲਈ ਇੱਥੇ ਆਇਆ ਸੀ। ਪਰ ਵਰੀਨਾ ਨੇ ਸਿਆਰੋ ਦੇ ਵਿਚ ਉਹ ਸ਼ਕਤੀ ਪਹਿਚਾਣੀ ਸੀ, ਜਿਹੜੀ ਕਿਸੇ ਪ੍ਰਿਥਵੀ ਦੇ ਮਨੁੱਖ 'ਚ ਨਹੀਂ ਹੋ ਸਕਦੀ ਸੀ। ਜਦ ਵਰੀਨਾ ਸਿਆਰੋ ਨਾਲ ਟਕਰਾ ਕੇ ਡਿੱਗੀ ਸੀ ਤਾਂ ਉਸ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਇਹ ਜਿਹੜਾ ਝਟਕਾ ਉਸ ਨੂੰ ਲੱਗਾ ਹੈ, ਉਹ ਇਸ ਵਿਅਕਤੀ ਦੇ ਕਿਸੇ ਅੰਦਰੂਨੀ ਸ਼ਕਤੀ ਕਾਰਨ ਹੀ ਲੱਗਾ ਹੈ। ਪਹਿਲਾਂ ਉਸ ਨੂੰ ਕਦੇ ਵੀ ਅਜਿਹਾ ਝਟਕਾ ਲੱਗਾ ਸੀ ਤੇ ਨਾ ਹੀ ਕੋਈ ਚੱਕਰ-ਵੱਕਰ ਆਇਆ ਸੀ। ਇਸ ਲਈ ਉਸ ਨੇ ਸਿਆਰੋ ਨੂੰ ਜਾਨਣ ਵਾਸਤੇ ਉਸ ਨਾਲ ਜਾਣ ਪਹਿਚਾਣ ਵਧਾਉਣ ਦਾ ਇਰਾਦਾ ਕੀਤਾ ਸੀ। ਵੈਸੇ ਵੀ ਉਹ ਸਿਆਰੋ ਦੀ ਅਮਾਨਵੀ ਸ਼ਖਸੀਅਤ ਵੱਲ ਖਿੱਚੀ ਗਈ ਸੀ।

ਇਸ ਵੇਲੇ, ਉਹ ਸਿਆਰੋ ਦੇ ਕੋਲ ਹੀ ਬੈਠੀ ਸੀ। ਹੁਣੇ ਹੀ ਉਹ ਬਰੇਕਫ਼ਾਸਟ ਕਰਕੇ ਹਟੇ ਸਨ। ਅਤੇ ਅੱਜ ਉਹਨਾਂ ਕਿੱਥੇ-ਕਿੱਥੇ ਘੁੰਮਣ ਜਾਣਾ ਹੈ? ਇਸ ਬਾਰੇ ਸਲਾਹ ਮਸ਼ਵਰਾ ਕਰ ਰਹੇ ਸਨ। ਸਵੇਰੇ ਬਰੇਕਫ਼ਾਸਟ ਨਾਲ ਵਰੀਨਾ ਨੇ ਅਖ਼ਬਾਰ ਵੀ ਵੇਖਿਆ ਸੀ ਅਤੇ ਉਸ ਨੇ ਇਹ ਖ਼ਬਰ ਵੀ ਪੜ੍ਹੀ ਸੀ ਕਿ ਰਾਤੀਂ ਵਿਗਿਆਨ ਭਵਨ ਦੀ ਸ਼ਕਤੀਸ਼ਾਲੀ ਇਮਾਰਤ ਕਿਸੇ ਅਦਿੱਖ ਸ਼ਕਤੀ ਨੇ ਪਲਾਂ ਵਿਚ ਹੀ ਉਡਾ ਦਿੱਤੀ। ਜਿਸ ਦੇ ਫਲਸਵਰੂਪ ਉੱਥੇ ਰਾਤ ਨੂੰ ਕੰਮ ਕਰ ਰਹੇ

ਪੰਜਾਹ ਵਿਗਿਆਨਕ ਮੌਤ ਨੂੰ ਗਲਵੱਕੜੀ ਪਾ ਗਏ। ਪ੍ਰਿਥਵੀ ਦੇ ਵਿਗਿਆਨ ਲਈ ਇਹ ਇਕ ਨਾ ਪੂਰਾ ਹੋਣ ਵਾਲਾ ਬਹੁਤ ਵੱਡਾ ਘਾਟਾ ਹੈ।

ਵਰੀਨਾ ਨੇ ਵਿਗਿਆਨ ਭਵਨ ਦੇ ਨਸ਼ਟ ਹੋਣ ਦਾ ਸਮਾਂ ਵੇਖਿਆ ਤਾਂ ਚਕਿਤ ਰਹਿ ਗਈ। ਉਹ ਸਮਾਂ ਉਹੀ ਸੀ, ਜਦੋਂ ਕੁ ਸਿਆਰੋ ਉਸ ਕੋਲੋਂ ਗਿਆ ਸੀ। ਰਾਤ ਨੂੰ ਸਿਆਰੋ ਤਕਰੀਬਨ ਦੋ ਵੱਜ ਕੇ ਪੰਜ ਮਿੰਟ ਤੇ ਗਿਆ ਸੀ ਅਤੇ ਵਿਗਿਆਨ ਭਵਨ ਦੇ ਨਸ਼ਟ ਹੋਣ ਦਾ ਸਮਾਂ ਦੋ ਵੱਜ ਕੇ ਦਸ ਮਿੰਟ ਸੀ। ਪਰ ਹੋਟਲ ਤੋਂ ਵਿਗਿਆਨ ਭਵਨ ਦਾ ਵੀਹ ਕਿਲੋਮੀਟਰ ਦਾ ਰਸਤਾ ਕਾਰ ਜਾਂ ਹੋਰ ਕਿਸੇ ਤੇਜ਼ ਵਾਹਨ ਨਾਲ ਪੰਜ ਮਿੰਟਾਂ ਵਿਚ ਤਹਿ ਨਹੀਂ ਕੀਤਾ ਜਾ ਸਕਦਾ ਸੀ ਅਤੇ ਫੇਰ ਐਨੀ ਛੇਤੀ ਤਬਾਹੀ ਮਚਾਉਣੀ ਮੁਸ਼ਕਿਲ ਹੀ ਸੀ।

ਅਤੇ ਵਰੀਨਾ ਨੂੰ ਸਿਆਰੋ ਤੇ ਸ਼ੱਕ ਕਰਨਾ ਨਿਰਮੂਲ ਹੀ ਲੱਗਾ। ਪਰ ਉਸ ਦਾ ਅੰਦਰੂਨੀ ਮਨ ਇਹ ਸਵੀਕਾਰ ਕਰਨ ਲਈ ਤਿਆਰ ਨਹੀਂ ਸੀ। ਇਸ ਲਈ ਵਰੀਨਾ ਨੇ ਸਿਆਰੋ ਤੇ ਨਜ਼ਰ ਰੱਖਣ ਦਾ ਮਨ ਬਣਾ ਲਿਆ। ਇਸ ਵਿਚਕਾਰ ਉਸ ਨੇ ਰਿਮੋਟ ਕੰਟਰੋਲ ਵਰਗੀਆਂ ਹੋਰ ਸੰਭਾਵਨਾਵਾਂ ਤੇ ਵੀ ਵਿਚਾਰ ਕੀਤਾ। ਪਰ ਉਸ ਲਈ ਵਿਗਿਆਨ ਭਵਨ ਵਿਚ ਪਹਿਲਾਂ ਹੀ ਐਕਸਪਲੋਜ਼ਿਵਜ਼ ਮੌਜੂਦ ਹੋਣੇ ਜ਼ਰੂਰੀ ਸਨ ਜਿਹੜੇ ਕਿ ਉੱਥੇ ਰੱਖਣੇ ਅਸੰਭਵ ਹੀ ਸਨ। ਕਿਉਂਕਿ ਕੋਈ ਵੀ ਆਮ ਆਦਮੀ ਵਿਗਿਆਨ ਭਵਨ ਦੇ ਅੰਦਰ ਨਹੀਂ ਜਾ ਸਕਦਾ ਸੀ। ਖ਼ੈਰ......

ਉਸ ਦਿਨ ਵਰੀਨਾ ਸਿਆਰੋ ਨਾਲ ਸਾਰਾ ਦਿਨ ਫੇਰ ਘੁੰਮਦੀ ਰਹੀ। ਉਸ ਨੇ ਸੀਮਾ ਨੂੰ ਫ਼ੋਨ ਕਰਕੇ ਆਪਣੇ ਨਾ ਆਉਣ ਬਾਰੇ ਵੀ ਦੱਸ ਦਿੱਤਾ ਸੀ।

ਜਦ ਉਸ ਨੇ ਸ਼ਹਿਰ ਤੋਂ ਥੋੜ੍ਹਾ ਬਾਹਰ ਪ੍ਰੋ: ਸੂਰਜ ਦੀ ਪ੍ਰਯੋਗਸ਼ਾਲਾ ਬਾਹਰੋਂ ਸਿਆਰੋ ਨੂੰ ਵਿਖਾਈ ਤਾਂ ਉਹ ਸਿਆਰੋ ਦੀ ਪ੍ਰਯੋਗਸ਼ਾਲਾ ਵਿਚ ਦਿਲਚਸਪੀ ਵੇਖ ਕੇ ਹੈਰਾਨ ਰਹਿ ਗਈ। ਸਿਆਰੋ ਉਸ ਕੋਲੋਂ ਪ੍ਰੋ: ਸੂਰਜ ਅਤੇ ਪ੍ਰਯੋਗਸ਼ਾਲਾ ਬਾਰੇ ਬੜੀ ਦੇਰ ਸਵਾਲ ਪੁੱਛਦਾ ਰਿਹਾ।

ਪ੍ਰੋ: ਸੂਰਜ ਇਕ ਜੀਨੀਅਸ ਵਿਗਿਆਨਕ ਸੀ ਅਤੇ ਉਹਨਾਂ ਦਿਨਾਂ ਵਿਚ ਉਹ ਇਕ ਅਜਿਹਾ ਸਪੇਸਸ਼ਿੱਪ ਤਿਆਰ ਕਰ ਰਿਹਾ ਸੀ, ਜਿਸ ਨਾਲ ਆਪਣੇ ਸੌਰਮੰਡਲ ਤੋਂ ਬਾਹਰ ਜਾ ਕੇ ਹੋਰ ਗ੍ਰਹਿਆਂ ਤੇ ਖੋਜ ਕਰਨੀ ਕਾਫ਼ੀ ਅਸਾਨ ਹੋ ਜਾਣੀ ਸੀ ਅਤੇ ਉਹ ਸਪੇਸਸ਼ਿੱਪ ਅੰਤਰਿਖਸ਼ ਵਿਚ ਮਾਰੂ ਖ਼ਤਰਿਆਂ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਸੀ।

'ਦੁਸ਼ਮਣ ਦੇਸ਼ ਦੇ ਜਾਸੂਸ ਇਸ ਪ੍ਰਯੋਗਸ਼ਾਲਾ ਨੂੰ ਤਬਾਹ ਵੀ ਕਰ ਸਕਦੇ ਹਨ। ਇਸ ਵਾਸਤੇ ਇੱਥੇ ਕੋਈ ਸੁਰੱਖਿਆ ਪ੍ਰਬੰਧ ਵੀ ਹੈ?' ਸਿਆਰੋ ਦੇ ਇਸ ਪ੍ਰਸ਼ਨ ਤੇ ਵਰੀਨਾ ਹੋਰ ਵੀ ਹੈਰਾਨ ਹੋਈ ਸੀ।

'ਇੱਥੋਂ ਦੀ ਸੁਰੱਖਿਆ ਸਰਕਾਰ ਨੇ ਸਾਡੇ ਦੇਸ਼ ਦੀ ਜਾਸੂਸੀ ਸੰਸਥਾ ਨੂੰ ਸੌਂਪੀ ਹੋਈ ਹੈ ਅਤੇ ਕੋਈ ਵੀ ਵਿਅਕਤੀ ਅਸਾਨੀ ਨਾਲ ਇਸ ਪ੍ਰਯੋਗਸ਼ਾਲਾ ਦੇ ਅੰਦਰ ਨਹੀਂ ਘੁੰਮ ਸਕਦਾ।'

ਜਦ ਸਿਆਰੋ ਨੇ ਵਰੀਨਾ ਨੂੰ ਕੁਰੇਦ-ਕੁਰੇਦ ਕੇ ਪ੍ਰਯੋਗਸ਼ਾਲਾ ਦੀ ਸੁਰੱਖਿਆ ਬਾਰੇ ਹੋਰ ਜ਼ਿਆਦਾ ਪੁੱਛਣਾ ਚਾਹਿਆ ਤਾਂ ਵਰੀਨਾ ਬੜੀ ਸਫ਼ਾਈ ਨਾਲ ਗੱਲ ਟਾਲ ਗਈ। ਵੈਸੇ ਉਸ ਨੂੰ ਇਸ ਤੋਂ ਵੱਧ ਹੋਰ ਪਤਾ ਵੀ ਨਹੀਂ ਸੀ।

ਪਰ ਵਰੀਨਾ ਹੁਣ ਆਪਣੇ ਤਰਕਸ਼ 'ਚੋਂ ਤੀਰ ਛੱਡ ਚੁੱਕੀ ਸੀ। ਜੇ ਸਿਆਰੋ ਸੱਚਮੁੱਚ ਕਿਸੇ ਦੁਸ਼ਮਣ ਦੇਸ਼ ਦਾ ਜਾਸੂਸ ਹੋਇਆ ਜਾਂ ਕੋਈ ਹੋਰ ਬੁਰਾ ਆਦਮੀ ਜਿਹੜਾ ਉਸ ਦੇ ਦੇਸ਼ ਦੀ ਤਬਾਹੀ ਚਾਹੁੰਦਾ ਹੋਵੇ, ਤਾਂ ਉਹ ਨਿਸਚੇ ਹੀ ਇਸ ਪ੍ਰਯੋਗਸ਼ਾਲਾ 'ਚ ਘੁੰਮਣ ਦਾ ਜਾਂ ਇਸ ਨੂੰ ਤਬਾਹ ਕਰਨ ਦਾ ਯਤਨ ਕਰੇਗਾ।

ਉਸ ਰਾਤ ਵੀ ਵਰੀਨਾ ਸਿਆਰੋ ਦੇ ਕੋਲ ਹੋਟਲ ਵਿਚ ਹੀ ਸੀ। ਵਰੀਨਾ ਬੜੀ ਬੇਤਾਬੀ ਨਾਲ 'ਅੱਧੀ ਰਾਤ' ਹੋਣ ਦੀ ਉਡੀਕ ਕਰ ਰਹੀ ਸੀ। ਉਂਝ ਉਹ ਸੌਣ ਦਾ ਨਾਟਕ ਕਰ ਰਹੀ ਸੀ ਪਰ ਅਸਲ ਵਿਚ ਉਹ ਪੂਰੀ ਤਰ੍ਹਾਂ ਜਾਗਰਿਤ ਅਵਸਥਾ ਵਿਚ ਸੀ। ਉਹ ਸਮਾਂ ਨਜਦੀਕ ਆ ਰਿਹਾ ਸੀ ਜਦੋਂ ਉਸ ਦੇ ਸ਼ੱਕ ਦਾ ਇਮਤਿਹਾਨ ਹੋਣਾ ਸੀ। ਅਤੇ ਆਖਿਰਕਾਰ ਉਹ ਸਮਾਂ ਆ ਹੀ ਗਿਆ—ਜਿਸ ਦਾ ਵਰੀਨਾ ਨੂੰ ਇੰਤਜ਼ਾਰ ਸੀ......

ਹਲਕੀ ਜਿਹੀ ਆਹਟ ਨਾਲ ਉਸ ਨੇ ਅੱਖਾਂ ਖੋਹਲੀਆਂ। ਲੰਬੀ ਪਈ ਨੇ ਹੀ ਉਸ ਨੇ ਹਨੇਰੇ ਵਿਚ ਵੇਖਣ ਦੀ ਕੋਸ਼ਿਸ਼ ਕੀਤੀ। ਸਿਆਰੋ ਹੌਲੀ-ਹੌਲੀ ਕਮਰੇ 'ਚੋਂ ਬਾਹਰ ਜਾ ਰਿਹਾ ਸੀ। ਕੱਲ੍ਹ ਰਾਤ ਵਾਂਗ ਉਸ ਨੇ ਸਿਆਰੋ ਨੂੰ ਪਿੱਛਿਓਂ ਆਵਾਜ਼ ਨਹੀਂ ਦਿੱਤੀ।

ਫੇਰ ਉਹ ਥੋੜ੍ਹੀ ਦੇਰ ਆਹਟ ਸੁਣਨ ਦੀ ਕੋਸ਼ਿਸ਼ ਕਰਦੀ ਰਹੀ। ਜਦ ਉਸ ਨੂੰ ਯਕੀਨ ਹੋ ਗਿਆ ਕਿ ਸਿਆਰੋ ਦੋ ਚਾਰ ਕਦਮ ਅਗਾਂਹ ਚਲਿਆ ਗਿਆ ਹੋਵੇਗਾ।

ਉਹ ਮਸ਼ੀਨੀ ਗਤੀ ਨਾਲ ਉੱਠੀ ਅਤੇ ਕਮਰੇ 'ਚੋਂ ਬਾਹਰ ਆ ਗਈ। ਉਸ ਨੇ ਰਾਹਦਾਰੀ ਵਿਚ ਨਜ਼ਰ ਸੁੱਟੀ ਤਾਂ ਵੇਖਿਆ ਸਿਆਰੋ ਅਜੇ ਥੋੜ੍ਹੀ ਦੂਰ ਹੀ ਜਾ ਰਿਹਾ ਸੀ। ਉਹ ਸਾਵਧਾਨੀ ਨਾਲ ਉਸ ਦਾ ਪਿੱਛਾ ਕਰਨ ਲੱਗੀ। ਸਿਆਰੋ ਆਪਣੇ ਆਲੇ ਦੁਆਲੇ ਤੋਂ ਬੇਖ਼ਬਰ ਬੱਸ ਟੁਰੀ ਜਾ ਰਿਹਾ ਸੀ ਅਤੇ ਥੋੜ੍ਹੀ ਦੂਰ ਜਾਣ ਤੋਂ ਬਾਅਦ ਉਹ ਲਿਫ਼ਟ ਵਿਚ ਸਵਾਰ ਹੋ ਗਿਆ।

ਹੁਣ ਵਰੀਨਾ ਦੇ ਸਾਹਮਣੇ ਮੁਸ਼ਕਿਲ ਆ ਗਈ। ਇਕ ਦਮ ਉਹ ਪੌੜੀਆਂ ਵੱਲ ਹੋਈ ਅਤੇ ਤੇਜ਼ੀ ਨਾਲ ਹੇਠਾਂ ਉੱਤਰਨ ਲੱਗੀ। ਸਿਆਰੋ ਨੇ ਨਿਸ਼ਚੇ ਹੀ ਹੋਟਲ ਦੇ ਗਰਾਊਂਡ ਫ਼ਲੋਰ ਤੇ ਜਾਣਾ ਸੀ।

ਲਿਫ਼ਟ ਵਰੀਨਾ ਤੋਂ ਪਹਿਲਾਂ ਹੀ ਹੇਠਾਂ ਪੁੱਜ ਗਈ ਸੀ। ਜਦ ਵਰੀਨਾ ਹੇਠਾਂ ਪੁੱਜੀ ਤਾਂ ਉਸ ਨੂੰ ਆਸ ਪਾਸ ਸਿਆਰੋ ਕਿਤੇ ਵੀ ਨਜ਼ਰ ਨਾ ਆਇਆ। ਉਹ ਤੇਜ਼ੀ ਨਾਲ ਨੱਸ ਕੇ ਹੋਟਲ ਦੇ ਪ੍ਰਵੇਸ਼-ਦੁਆਰ ਦੇ ਸਾਹਮਣੇ ਬਣੇ ਪੋਰਚ ਵਿਚ ਆਈ ਤਾਂ ਉੱਥੇ ਕਿਸੇ ਵੀ ਕਾਰ ਦੇ ਜਾਣ ਦੇ ਚਿੰਨ੍ਹ ਨਹੀਂ ਸਨ। ਫੇਰ ਵਰੀਨਾ ਨੇ ਸੋਚਿਆ ਸ਼ਾਇਦ ਉਸ ਨੇ ਬਾਹਰੋਂ ਸੜਕ ਤੋਂ ਟੈਕਸੀ ਫੜ ਲਈ ਹੋਵੇਗੀ ਜਾਂ ਉਸ ਦੇ ਹੋਰ ਸਾਥੀ ਪਹਿਲਾਂ ਹੀ ਉੱਥੇ ਮੌਜੂਦ ਹੋਣ।

ਇਕ ਦਮ ਉਸਦੇ ਮਨ ਵਿਚ ਇਕ ਖ਼ਿਆਲ ਆਇਆ। ਉਹ ਜਲਦੀ ਨਾਲ ਟੈਲੀਫ਼ੋਨ ਬੂਥ ਵੱਲ ਨੂੰ ਲਪਕੀ। ਉਹ ਪ੍ਰੋ: ਸੂਰਜ ਦੀ ਪ੍ਰਯੋਗਸ਼ਾਲਾ ਨੂੰ ਫ਼ੋਨ ਕਰਨਾ ਚਾਹੁੰਦੀ ਸੀ। ਫ਼ੋਨ ਕਰਨ ਤੋਂ ਪਹਿਲਾਂ ਇਕ ਵਾਰ ਉਸ ਨੇ ਇਹ ਵੀ ਸੋਚਿਆ ਕਿ ਸ਼ਾਇਦ ਉਸ ਦਾ ਸ਼ੱਕ ਨਿਰਮੂਲ ਹੀ ਹੋਵੇ। ਪਰ ਫੇਰ ਉਸ ਨੇ ਪ੍ਰੋ: ਸੂਰਜ ਦੀ ਪ੍ਰਯੋਗਸ਼ਾਲਾ ਦਾ ਸਿਕਿਊਰਿਟੀ ਡਿਵੀਜ਼ਨ ਨੂੰ ਸਾਵਧਾਨ ਕਰ ਹੀ ਦਿੱਤਾ।

ਅਤੇ ਫੇਰ ਉਹ ਤੁਰੰਤ ਹੀ ਹੋਟਲ ਦੇ ਬਾਹਰ ਖੜੀ ਆਪਣੀ ਕਾਰ ਵਿਚ ਸਵਾਰ ਹੋ ਕੇ ਪ੍ਰਯੋਗਸ਼ਾਲਾ ਵੱਲ ਨੂੰ ਟੁਰ ਪਈ।

ਉੱਧਰ......!

ਸਿਆਰੋ......ਪ੍ਰਯੋਗਸ਼ਾਲਾ ਤੋਂ ਥੋੜ੍ਹੀ ਦੂਰ ਟਰਾਂਸਮਿਟ ਹੋ ਚੁੱਕਾ ਸੀ। ਉਹ ਹੌਲੀ ਹੌਲੀ ਕਦਮ ਪੁੱਟਦਾ ਪ੍ਰਯੋਗਸ਼ਾਲਾ ਵੱਲ ਨੂੰ ਵਧ ਰਿਹਾ ਸੀ। ਉਸ ਵੇਲੇ ਉਸ ਦੀਆਂ ਅੱਖਾਂ ਵਿਚ ਜਿਵੇਂ ਜਵਾਲਾਮੁਖੀ ਉੱਬਲ ਰਿਹਾ ਸੀ। ਉਸ ਦੇ ਮਨ ਦਾ ਸ਼ੈਤਾਨ ਜਾਗ ਚੁੱਕਾ ਸੀ।

ਪ੍ਰਯੋਗਸ਼ਾਲਾ ਦੀ ਸਕਿਉਰਿਟੀ ਡਿਵੀਜ਼ਨ ਦੇ ਜਾਸੂਸ ਸਿਆਰੋ ਨੂੰ ਪ੍ਰਯੋਗਸ਼ਾਲਾ ਦੇ ਗਿਰਦ ਮੰਡਰਾਉਂਦਾ ਵੇਖ ਕੇ ਬਾਹਰ ਆ ਗਏ। ਉਹ ਗਿਣਤੀ ਵਿਚ ਸੱਤ ਸਨ ਅਤੇ ਸੱਤੇ ਮੰਨੇ-ਪ੍ਰਮੰਨੇ ਤੇ ਹੁੰਦੇ ਹੋਏ ਜਾਸੂਸ ਸਨ। ਜਿਹਨਾਂ ਨੇ ਕਈ ਵੇਰਾਂ ਮੌਤ ਨੂੰ ਧੋਖਾ ਦਿੱਤਾ ਸੀ। ਉਹਨਾਂ ਦੇ ਗਰੁੱਪ ਦਾ ਨਾਂ 'ਛਲਾਵੇ' ਸੀ। ਸਿਆਰੋ ਨੂੰ ਚਾਰੇ ਪਾਸਿਓਂ ਘੇਰ ਲਿਆ ਉਹਨਾਂ ਅਤੇ ਉਸ ਉੱਤੇ ਪ੍ਰਸ਼ਨਾਂ ਦੀ ਧੜਾਧੜ ਬੌਛਾਰ ਕਰ ਦਿੱਤੀ।

ਪਰ ਸਿਆਰੋ ਉਸ ਵੇਲੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਮੂਡ ਵਿਚ ਨਹੀਂ ਸੀ। ਉਸ ਨੇ ਸੱਤਾਂ ਨੂੰ ਮਿੰਟਾਂ ਵਿਚ ਹੀ ਆਪਣੀ ਬਿਜਲਈ ਸਰੀਰਕ ਸ਼ਕਤੀ ਦੇ ਜ਼ੋਰ ਨਾਲ ਮੌਤ ਦੇ ਅਸਗਾਹ ਪੈਂਡਿਆਂ ਦੇ ਪਾਂਧੀ ਬਣਾ ਦਿੱਤਾ।

ਉਹ ਸੱਤੇ ਛਲਾਵੇ ਆਪਣੇ ਅੰਤਿਮ ਵਕਤ ਇਹ ਵੀ ਨਾ ਜਾਣ ਸਕੇ ਕਿ ਮੌਤ ਨੇ ਉਹਨਾਂ ਨੂੰ ਕਿਹੜੇ ਰੂਪ ਵਿਚ ਘੇਰ ਲਿਆ ਏ ?

ਫੇਰ ਉਸਨੇ ਆਪਣੇ ਲਿਬਾਸ ਵਿਚੋਂ ਖ਼ਤਰਨਾਕ ਇਨਫਰਾਸੋਨਿਕ ਵੇਵਜ਼ ਉਗਲਣ ਵਾਲਾ ਯੰਤਰ ਕੱਢਿਆ। ਉਹ ਯੰਤਰ ਅਸਲ ਵਿੱਚ ਗੰਨ ਟਾਈਪ ਸੀ। ਝੱਟ ਹੀ ਸਿਆਰੋ ਨੇ ਟ੍ਰੈਗੱਰ ਦਬਾ ਦਿੱਤਾ ਅਤੇ ਪਲਾਂ ਵਿਚ ਹੀ 'ਉਹ ਪ੍ਰਯੋਗਸ਼ਾਲਾ' ਜ਼ਮੀਨ ਨਾਲ ਗਲਵੱਕੜੀ ਪਾ ਗਈ। ਆਸਪਾਸ ਦਾ ਵਾਤਾਵਰਣ ਵੀ ਫੜਫੜਾ ਉੱਠਿਆ।

ਸਿਆਰੋ ਨੇ ਇਕ ਲੰਬਾ ਸਾਹ ਲਿਆ ਅਤੇ ਕੁੱਝ ਸੋਚ ਕੇ ਉਸ ਜਗ੍ਹਾ ਜਾ ਖੜਾ ਹੋਇਆ— ਜਿਥੇ ਗਹਿਰਾ ਹਨੇਰਾ ਸੀ।

ਉਸ ਵੇਲੇ ਵਰੀਨਾ ਆਪਣੀ ਕਾਰ ਵਿੱਚ ਉਥੇ ਪੁੱਜ ਗਈ। ਪ੍ਰਯੋਗਸ਼ਾਲਾ ਦੀ ਤਬਾਹੀ ਵੇਖ ਕੇ ਉਸਦਾ ਦਿਲ 'ਜਲ ਬਿਨ ਮੱਛਲੀ' ਵਾਂਗ ਤੜਪ ਉੱਠਿਆ। ਉਹ ਸਹਿਮੀ ਜਿਹੀ ਕਾਰ 'ਚੋਂ ਉੱਤਰੀ ਅਤੇ ਇਕ ਨਜ਼ਰ ਤਬਾਹ ਹੋ ਚੁੱਕੀ ਇਮਾਰਤ ਵਲ ਵੇਖਿਆ। ਪਲ ਲਈ ਤਬਾਹੀ ਵੇਖ ਕੇ ਜਿਵੇਂ ਉਸਦਾ ਸਰੀਰ ਬਰਫ ਵਾਂਗ ਜੰਮ ਗਿਆ।

ਉਹ ਉਦਾਸ ਜਿਹੀ ਕਾਰ 'ਚ ਬੈਠ ਗਈ ਅਤੇ ਹੋਟਲ ਵੱਲ ਨੂੰ ਚੱਲ ਪਈ। ਉਸਨੇ ਸ਼ਾਇਦ ਕੁੱਝ ਸੋਚ ਲਿਆ ਸੀ ਅਤੇ ਹੁਣ ਉਸਦਾ ਚਿਹਰਾ ਕੁੱਝ ਸੰਜਿਤ ਸੀ। ਉਸਨੇ ਸਿਆਰੋ ਨਾਲ ਨਿਪਟਣ ਦਾ ਫੈਸਲਾ ਕਰ ਲਿਆ ਸੀ। ਤਦੇ ਉਸਨੂੰ ਆਪਣੇ ਸੱਜੇ ਮੋਢੇ ਤੇ ਮਜ਼ਬੂਤ ਪਕੜ ਦਾ ਅਹਿਸਾਸ ਹੋਇਆ।

ਉਸਨੇ ਦਰਪਣ ਵਿੱਚ ਵੇਖਿਆ ਤਾਂ ਇੱਕ ਪਲ ਲਈ ਤਾਂ ਉਹ ਤਾਰ ਵਾਂਗ, ਕੰਬ ਕੇ ਰਹਿ

ਗਈ। ਕਾਰ ਦੀ ਪਿਛਲੀ ਸੀਟ ਤੇ ਸਿਆਰੋ ਬੈਠਾ ਸੀ। ਉਸ ਦੀਆਂ ਅੱਖਾਂ ਵਿੱਚ ਹਿੰਸਕ ਭਾਵ ਸਨ। ਉਸਨੇ ਵਰੀਨਾ ਨੂੰ ਕਾਰ ਰੋਕਣ ਲਈ ਆਦੇਸ਼ ਦਿੱਤਾ। ਵਰੀਨਾ ਨੇ ਚੁੱਪਚਾਪ ਕਾਰ ਰੋਕ ਦਿੱਤੀ ਅਤੇ ਸਿਆਰੋ ਨੇ ਉਸਨੂੰ ਕਾਰ ਤੋਂ ਬਾਹਰ ਨਿਕਲਣ ਲਈ ਆਖਿਆ।

ਸਿਆਰੋ ਵਰੀਨਾ ਨੂੰ ਉਸੇ ਵੇਲੇ ਮੌਤ ਦੀ ਨੀਂਦਰ ਸੁਲਾ ਦੇਣਾ ਚਾਹੁੰਦਾ ਸੀ ਕਿਉਂਕਿ ਉਹ ਸਿਆਰੋ ਬਾਰੇ ਕਾਫੀ ਕੁੱਝ ਜਾਣ ਗਈ ਸੀ।

ਵਰੀਨਾ ਸਹਿਮੀ ਜਿਹੀ ਸਿਆਰੋ ਦੇ ਸਾਹਮਣੇ ਖੜ੍ਹੀ ਸੀ। ਹੋਰ ਇਸ ਵੇਲੇ ਉਹ ਕਰ ਵੀ ਕੀ ਸਕਦੀ ਸੀ? ਕਾਹਲੀ ਵਿਚ ਉਹ ਆਪਣਾ ਪਿਸਟਲ ਵੀ ਹੋਟਲ ਭੁੱਲ ਆਈ ਸੀ।

ਫੇਰ......ਸਿਆਰੋ ਨੇ ਜਿਵੇਂ ਹੀ ਵਰੀਨਾ ਨੂੰ ਮਾਰਨ ਲਈ ਆਪਣਾ ਵਿਨਾਸ਼ਕਾਰੀ ਹੱਥ ਚੁੱਕਿਆ......

......!......!......!

ਤਾਂ ਉਸਦਾ ਹੱਥ ਹਵਾ ਵਿੱਚ ਸਥਿਰ ਹੋ ਕੇ ਰਹਿ ਗਿਆ।

ਉਸਦੇ ਮਸਤਕ 'ਚ ਰੋਸ਼ਨੀ ਦਾ ਝਲਕਾਰਾ ਫੁੱਟ ਉੱਠਿਆ ਅਤੇ ਅਤੀਤ ਦੀਆਂ ਕਈ ਧੁੰਦਲੀਆਂ ਯਾਦਾਂ ਫੈਲ ਗਈਆਂ......

ਉਸਨੂੰ 'ਜੈਸਲ' ਦੀ ਯਾਦ ਆ ਗਈ...ਜਿਹੜੀ ਉਸਦੀ ਸਹਿਪਾਠਣ ਹੁੰਦੀ ਸੀ। ਜਦੋਂ ਉਹ ਆਪਣੇ ਸੁਬੀਰਾ ਗ੍ਰਹਿ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਹੁੰਦਾ ਸੀ। ਜੈਸਲ ਤੇ ਸਿਆਰੋ ਇੱਕ ਦੂਸਰੇ ਨੂੰ ਅੰਤ ਦਾ ਚਾਹੁੰਦੇ ਸਨ। ਉਹਨਾਂ ਇੱਕ ਦੂਸਰੇ ਨਾਲ ਸਦਾ ਦੇ ਬੰਧਨਾਂ ਵਿੱਚ ਬੱਝ ਜਾਣਾ ਸੀ ਪਰ ਅਫਸੋਸ ਕਿ ਜੈਸਲ ਜੋਬਨ ਰੁੱਤੇ ਹੀ ਮੌਤ ਦੇ ਜਾਮ ਪੀ ਗਈ...

ਅਤੇ ਅੱਜ ਵਰੀਨਾ ਨੂੰ ਵੇਖਦਿਆਂ ਹੀ ਉਸਨੂੰ ਜੈਸਲ ਦੀ ਅਕ੍ਰਿਤੀ ਨਜ਼ਰ ਆਈ। ਉਸਨੇ ਆਪਣੇ ਦਿਮਾਗ ਨੂੰ ਝਟਕਾ ਜਿਹਾ ਦਿੱਤਾ ਅਤੇ ਆਪਣਾ ਹੱਥ ਹੇਠਾਂ ਉਤਾਰਿਆ।

ਉਸਦੇ ਦਿਮਾਗ ਤੇ ਸਵਾਰ ਹੋਇਆ ਸ਼ੈਤਾਨ ਹੁਣ ਉੱਤਰ ਚੁੱਕਾ ਸੀ।

ਉਸਨੇ ਬੜੇ ਹੀ ਪਿਆਰ ਭਰੇ ਢੰਗ ਨਾਲ ਵਰੀਨਾ ਦਾ ਹੱਥ ਫੜਿਆ ਅਤੇ ਚੁੰਮ ਲਿਆ।

ਫੇਰ ਉਹ (ਜਿਵੇਂ) ਪਿਆਰ ਵਿੱਚ ਪਾਗਲ ਹੋ ਗਿਆ। ਉਸਨੇ ਵਰੀਨਾ ਦਾ ਹੱਥ ਫੜਿਆ ਅਤੇ ਹਨੇਰੇ 'ਚ ਇਕ ਪਾਸੇ ਨੂੰ ਟੁਰਨ ਲੱਗਾ।

ਉਸਦੇ ਮਸਤਕ 'ਚ ਲਗਾਤਾਰ ਆਵਾਜ਼ਾਂ ਗੂੰਜ ਰਹੀਆਂ ਸਨ। 'ਸਿਆਰੋ...!' ਕੀ ਤੂੰ ਮੇਰੀ ਆਵਾਜ਼ ਸੁਣ ਰਿਹੈਂ। ਆਪਣੇ ਮਿਸ਼ਨ ਤੋਂ ਭਟਕ ਨਾ...! ਇਸ ਯੁਵਤੀ ਨੂੰ ਹਰ ਹਾਲਤ ਵਿੱਚ ਮਰਨਾ ਹੀ ਪੈਣਾ ਏ...ਸਿਆਰੋ...ਕੀ ਤੂੰ ਮੇਰੀ ਆਵਾਜ਼ ਸੁਣ ਰਿਹੈ?'

ਪਰ ਸਿਆਰੋ ਇਹਨਾਂ ਆਵਾਜ਼ਾਂ ਨੂੰ ਅਣਸੁਣੀਆਂ ਕਰਦਾ ਟੁਰੀ ਜਾ ਰਿਹਾ ਸੀ।

'ਕਿਥੇ ਜਾ ਰਿਹੈਂ?' ਵਰੀਨਾ ਨੇ ਪੁੱਛਿਆ।

'......?'

ਸਿਆਰੋ ਬੜੀ ਦੇਰ ਤੱਕ ਟੁਰਦਾ ਰਿਹਾ ਅਤੇ ਕਾਫੀ ਦੇਰ ਬਾਅਦ ਉਹ ਇਕ ਨਦੀ ਕੋਲ ਜਾ ਕੇ ਰੁਕਿਆ। ਉਹ ਨਦੀ ਦੇ ਕਿਨਾਰੇ ਬੈਠ ਗਏ।

'ਸਿਆਰੋ' ਤੂੰ ਮੈਨੂੰ ਇਥੇ ਕਾਤੇ ਲੈ ਆਇਐਂ ? ਵਰੀਨਾ ਨੇ ਰੁੱਖੀ ਜਿਹੀ ਆਵਾਜ਼ ਵਿਚ ਪੁੱਛਿਆ।

'ਵਰੀਨਾ...ਮੇਰੀ ਗੱਲ ਧਿਆਨ ਨਾਲ ਸੁਣ। ਮੇਰੇ ਕੋਲ ਬਹੁਤਾ ਵਕਤ ਨਹੀਂ। ਇਹ ਠੀਕ ਹੈ ਕਿ ਮੈਂ ਇਥੇ ਤਬਾਹੀ ਮਚਾਉਣ ਆਇਆ ਸੀ ਅਤੇ ਮੈਂ ਇਸ ਸ਼ਹਿਰ ਵਿੱਚ ਕਾਫੀ ਤਬਾਹੀ ਮਚਾ ਵੀ ਚੁੱਕਾ ਹਾਂ। ਪਰ ਮੈਂ ਇਹ ਸਾਰੀ ਤਬਾਹੀ ਕਿਸੇ ਦੇ ਦਬਾਅ ਹੇਠਾਂ ਮਚਾਈ ਸੀ ਅਤੇ ਹੁਣ ਮੇਰੀਆਂ ਅੱਖਾਂ ਖੁਲ੍ਹ ਗਈਆਂ ਨੇ। ਅਤੇ ਮੈਂ ਅੱਗੇ ਤੋਂ ਆਪਣੇ ਮਹਾਮਹਿਮ ਦੀ ਕੋਈ ਵੀ ਗੱਲ ਨਾ ਮੰਨਣ ਦਾ ਫੈਸਲਾ ਕਰ ਲਿਆ ਏ!'

'ਮੈਂ ਕੁੱਝ ਸਮਝ ਨਹੀਂ ਰਹੀ! ਤੂੰ ਕਿਹੜੇ ਦੇਸ਼ ਦਾਂ ਵਸਨੀਕ ਏਂ ?'

'ਮੈਂ ਪ੍ਰਿਥਵੀ ਦਾ ਵਾਸੀ ਨਹੀਂ ਹਾਂ।'

'ਤਾਂ ਫੇਰ ਤੂੰ ਕਿਸੇ ਬਾਹਰੀ ਦੁਨੀਆਂ ਤੋਂ ਆਇਆ ਏਂ ?'

'ਹਾਂ! ਅਤੇ ਮੈਂ ਇਥੇ ਪ੍ਰਿਥਵੀ ਦੀ ਨਿਤ ਵਧ ਰਹੀ ਤਰੱਕੀ ਰੋਕਣ ਆਇਆ ਸੀ। ਪਰ ਮੈਂ ਹੁਣ ਕੁੱਝ ਨਹੀਂ ਕਰਾਂਗਾ।'

'ਕਿਉਂ ਹੁਣ ਕੀ ਵਾਪਰ ਗਿਐ ?' ਵਰੀਨਾ ਨੇ ਵਿਅੰਗ ਕੱਸਿਆ।

'ਸਿਰਫ ਤੇਰੀ ਖ਼ਾਤਰ...।' ਸਿਆਰੋ ਬੋਲਿਆ। ਵਰੀਨਾ ਜ਼ੋਰ ਦੇਣੀ ਹੱਸੀ।

'ਯਕੀਨ ਜਾਣੀ ਵਰੀਨਾ, ਤੇਰੇ ਮੁੱਖੜੇ ਦੀ ਜਗਮਗਾਉਂਦੀ ਚਾਂਦਨੀ ਨੇ ਮੇਰੀਆਂ ਰਾਹਾਂ ਆ ਮੱਲੀਆਂ ਨੇ। ਮੈਂ ਬ੍ਰਹਿਮੰਡ ਦੇ ਜਨਮਦਾਤੇ ਦੀ ਸੁਗੰਧ ਖਾ ਕੇ ਤੇਰੇ ਤੋਂ ਆਪਣੇ ਕੀਤੇ ਦੀ ਮੁਆਫ਼ੀ ਮੰਗ ਰਿਹਾ ਹਾਂ।' ਸਿਆਰੋ ਦੀਆਂ ਅੱਖਾਂ ਵਿੱਚ ਉਸ ਵੇਲੇ ਅਥਾਹ ਤਰਲਤਾ ਸੀ।

ਵਰੀਨਾ ਨੇ ਅਨੁਭਵ ਕੀਤਾ ਕਿ ਉਹ ਸ਼ਾਇਦ ਠੀਕ ਹੀ ਆਖ ਰਿਹਾ ਹੈ।

ਉਸੇ ਵੇਲੇ—

ਸਿਆਰੋ ਦੇ ਦਿਮਾਗ ਵਿੱਚ ਧੁਨੀ ਦਾ ਕੰਪਨ ਹੋਇਆ—

'ਸਿਆਰੋ!...ਤੂੰ ਅਸਫਲ ਹੋ ਚੁੱਕਾ ਏਂ। ਅਸੀਂ ਤੈਨੂੰ ਸੁਬੀਰਾ ਗ੍ਰਹਿ ਤੇ ਵਾਪਿਸ ਬੁਲਾ ਰਹੇ ਹਾਂ।

ਸਿਆਰੋ ਤੜਪ ਕੇ ਰਹਿ ਗਿਆ।

'ਅੱਛਾ ਵਰੀਨਾ ਮੈਂ ਜਾ ਰਿਹਾ ਹਾਂ। ਮੈਨੂੰ ਚੇਤੇ ਰੱਖੀਂ ਚਾਹੇ ਬੁਰਾ ਆਦਮੀ ਸਮਝ ਕੇ ਹੀ...!'

ਵਰੀਨਾ ਕੁੱਝ ਨਾ ਬੋਲ ਸਕੀ......

ਉਹ ਤਾਂ ਬੱਸ ਗਾਇਬ ਹੋ ਰਹੇ ਸਿਆਰੋ ਨੂੰ ਇਕ ਟੱਕ ਨਿਹਾਰਦੀ ਰਹੀ, ਜਿਹੜਾ ਹੁਣ ਅੰਤਰਿਖਸ਼ ਦੇ ਗਹਿਨ ਹਨ੍ਹੇਰੇ 'ਚ ਗੁਆਚ ਚੁੱਕਾ ਸੀ।

ਤੇ ਵਿਚਾਰੀ ਅੱਜ ਤੱਕ ਨਾ ਜਾਣ ਸਕੀ ਕਿ ਅਸਲ ਵਿਚ ਸਿਆਰੋ ਕਿਥੋਂ ਆਇਆ ਸੀ...!

# ਖ਼ਾਨਾਬਦੋਸ਼

ਜਿਵੇਂ ਸਦੀਆਂ ਬੀਤ ਗਈਆਂ। ਜੁਗਾੜਿਆਂ ਦੇ ਰੱਬ ਨੇ ਇੱਕ ਲੰਬਾ ਚੱਕਰ ਕੱਢ ਕੇ ਪਲਟੀ ਖਾਧੀ। ਸਾਗਰਾਂ ਦੇ ਸੀਨਿਆਂ ਤੇ ਲਿਟਦੀਆਂ ਛੱਲਾਂ ਦੇ ਦਿਲ ਧੜਕੇ। ਬ੍ਰਹਿਮੰਡ ਦੇ ਅਤਿਅੰਤ ਵਿਸ਼ਾਲ, ਅਨੰਤ, ਅਥਾਹ—ਉੱਜਵਲ ਖੰਭਾਂ ਵਿਚ ਕੰਬਣੀ ਦੀ ਲੀਹ ਉੱਠੀ। ਸੁਪਨਿਆਂ ਦੇ ਦੇਸ਼ਾਂ ਦੇ ਰਾਹੀ, ਸਿਤਾਰੇ, ਜਦ ਹੌਲੀ ਹੌਲੀ ਰਾਤ ਦੀ ਕਾਲੀ ਚੁਨਰੀ ਤੇ ਮੋਤੀਆਂ ਵਾਂਗ ਚਮਕਣ ਲਗੇ, ਤਾਂ ਮੈਂ ਆਪਣੇ ਪੱਥਰ ਬਣ ਚੁਕੇ ਸਰੀਰ ਨੂੰ ਉਠਾਉਣਾ ਚਾਹਿਆ। ਪਰ ਮੈਥੋਂ ਹਿਲਿਆ ਨਹੀਂ ਜਾ ਰਿਹਾ ਸੀ। ਮੇਰੇ ਸਰੀਰ ਦਾ ਭਾਰ (ਜਿਵੇਂ) ਕਾਫੀ ਹੱਦ ਤਕ ਵਧ ਚੁੱਕਾ ਸੀ। ਵਰਤਮਾਨ ਦੇ ਕਠੋਰ ਸਿਕੰਜੇ 'ਚੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸਾਂ ਮੈਂ। ਪਰ ਸ਼ਾਇਦ ਵਰਤਮਾਨ ਮੈਨੂੰ ਛੱਡਣਾ ਨਹੀਂ ਚਾਹ ਰਿਹਾ ਸੀ। ਮੈਂ ਆਪਣੇ ਮਸਤਕ ਨੂੰ ਜਾਗ੍ਰਿਤ ਕੀਤਾ ਅਤੇ ਆਪਣੇ ਸਰੀਰ 'ਚ ਤਾਕਤ ਭਰ ਕੇ, ਪੂਰੀ ਸ਼ਕਤੀ ਨਾਲ ਉੱਠਣ ਦੀ ਕੋਸ਼ਿਸ਼ ਕੀਤੀ। ਫੇਰ ਹੌਲੀ ਹੌਲੀ ਮੈਂ ਆਪਣੇ ਵਰਤਮਾਨ ਨੂੰ ਛੱਡ ਕੇ ਭਵਿੱਖ ਦੀ ਦੁਨੀਆਂ ਵਿੱਚ ਜਾਗਿਆ। ਵਰਤਮਾਨ (ਜਿਵੇਂ) ਮੇਰਾ ਅਤੀਤ ਬਣ ਚੁੱਕਾ ਸੀ ਅਤੇ ਹੁਣ ਭਵਿੱਖ ਹੀ ਮੇਰਾ ਵਰਤਮਾਨ ਸੀ। ਹੁਣ ਮੈਂ ਆਪਣੇ ਸਮੇਂ ਦੀ ਦੁਨੀਆਂ ਤੋਂ ਹਜ਼ਾਰ ਸਾਲ ਬਾਅਦ ਦੀ ਦੁਨੀਆਂ ਵਿਚ ਸਾਂ। ਮੈਂ ਹੌਲੀ ਹੌਲੀ ਆਪਣੇ ਦਿਮਾਗ ਨੂੰ ਪੂਰੀ ਤਰ੍ਹਾਂ ਨਿਯੰਤਰਣ ਵਿੱਚ ਕੀਤਾ ਅਤੇ ਆਪਣੇ ਆਸ-ਪਾਸ ਨਜ਼ਰ ਦੌੜਾਈ। ਮੈਂ ਇਕ ਇਕਾਂਤ ਜਗ੍ਹਾ ਵਿੱਚ ਸਾਂ। ਸ਼ਹਿਰ ਸ਼ਾਇਦ ਇਥੋਂ ਦੂਰ ਸੀ।

ਆਪਣੀ ਸਮਾਯਾਤਰਾ ਬਾਰੇ ਸੋਚਦਿਆਂ ਮੈਂ ਉੱਠਿਆ ਅਤੇ ਲਾਲ ਬੰਜਰ ਜ਼ਮੀਨ ਤੇ ਆਪਣੇ ਪੈਰ ਧਰ ਦਿੱਤੇ। ਮੈਂ ਇੱਕ ਨਿਸ਼ਚਿਤ ਦਿਸ਼ਾ ਮਿੱਥ ਕੇ ਉੱਧਰ ਨੂੰ ਵਧ ਟੁਰਿਆ। ਮੇਰੇ ਮਸਤਕ 'ਚ ਅਜੇ ਖਾਮੋਸ਼ੀ ਹੀ ਸੀ। ਪਰ ਜਿਉਂ ਹੀ ਮੈਂ ਥੋੜੇ ਜਿਹੇ ਕਦਮ ਪੁੱਟੇ ਤਾਂ ਮੇਰੇ ਮਸਤਕ ਵਿੱਚ ਪ੍ਰਿਥਵੀ ਤੇ ਸਥਿਤ ਮੇਰੇ ਕੰਟਰੋਲ ਰੂਮ ਵਿਚੋਂ ਮਾਸਟਰ ਕੰਪਿਊਟਰ ਦੀ ਆਵਾਜ਼ ਸੁਣਾਈ ਦਿੱਤੀ :

'ਪਾਰਿਜਾਤ, ਤੇਰੀ ਨਵੀਂ ਜ਼ਿੰਦਗੀ ਸੁਖਾਵੀਂ ਬੀਤੇ। ਇਸ ਦੁਆ ਦੇ ਨਾਲ ਹੀ ਮੈਂ ਤੇਰੇ ਨਾਲੋਂ ਸੰਬੰਧ ਤੋੜ ਰਿਹਾ ਹਾਂ। ਫੇਰ ਮੈਂ ਜਦ ਚਾਹਾਂਗਾ ਤੇਰੇ ਨਾਲ ਸੰਬੰਧ ਸਥਾਪਿਤ ਕਰ ਲਵਾਂਗਾ। ਅੱਛਾ...ਅਲਵਿਦਾ...!'

'ਅਲਵਿਦਾ!' ਮੇਰੇ ਮੂੰਹੋਂ ਆਪ ਮੁਹਾਰੇ ਸੁਰ ਨਿਕਲੇ।

ਮੈਂ ਹੌਲੀ ਹੌਲੀ ਲਾਲ ਬੰਜਰ ਜ਼ਮੀਨ ਤੇ ਟੁਰਦਾ ਜਾ ਰਿਹਾ ਸਾਂ। ਮੈਨੂੰ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਅਜੇ ਕਿੱਡੀ ਕੁ ਦੂਰ ਹੈ? ਬੱਸ ਮੈਂ ਤਾਂ ਟੁਰੀ ਜਾ ਰਿਹਾ ਸੀ।

ਮੈਂ ਅਜੇ ਥੋੜ੍ਹੇ ਹੀ ਕਦਮ ਹੋਰ ਅਗਾਂਹ ਚਲਿਆ ਸੀ ਕਿ ਯਕਾਯਕ ਮੇਰੇ ਤੇ ਚਾਰ ਆਦਮੀਆਂ ਨੇ ਹਮਲਾ ਕਰ ਦਿੱਤਾ। ਉਹਨਾਂ ਨੇ ਅਤਿ ਆਧੁਨਿਕ ਢੰਗ ਨਾਲ ਬਣੀਆਂ ਵਿਗਿਆਨਕ ਪੁਸ਼ਾਕਾਂ ਪਾਈਆਂ ਹੋਈਆਂ ਸਨ। ਉਹਨਾਂ ਦਾ ਹਮਲਾ ਐਨਾ ਅਚਾਨਕ ਸੀ ਕਿ ਮੈਂ ਕੁੱਝ ਵੀ ਨਾ ਕਰ ਸਕਿਆ। ਮੈਂ ਉਹਨਾਂ ਦੇ ਹਮਲੇ ਦੀ ਮਾਰ ਨਾਲ ਜ਼ਮੀਨ ਤੇ ਡਿਗ ਪਿਆ। ਉਹਨਾ ਵਿਚੋਂ ਇਕ ਜਣੇ ਨੇ ਮੇਰੇ ਤੇ ਗੰਨ ਤਾਣ ਦਿੱਤੀ ਅਤੇ ਅਜੀਬ ਜਿਹੀ ਭਾਸ਼ਾ ਵਿਚ ਕੁੱਝ ਬੋਲਿਆ, ਜਿਹੜੀ ਕਿ ਮੈਂ ਸਮਝ ਨਾ ਸਕਿਆ। ਪਰ ਨਿਸ਼ਚੈ ਹੀ ਉਹ ਮੈਨੂੰ ਦਿਤੀ ਗਈ ਧਮਕੀ ਸੀ। ਉਹ ਚਾਰੇ ਜਣੇ ਮੈਨੂੰ ਆਪਣੇ ਨਾਲ ਲੈ ਕੇ ਕਿਸੇ ਅਣਦੱਸੀ ਥਾਂ ਵੱਲ ਟੁਰ ਪਏ। (ਜੇ ਉਹ ਮੈਨੂੰ ਦੱਸ ਵੀ ਦਿੰਦੇ ਮੈਂ ਤਾਂ ਵੀ ਨਹੀਂ ਸਮਝ ਸਕਣਾ ਸੀ ਕਿਉਂਕਿ ਅਜੇ ਤੱਕ ਮੈਂ ਇਸ ਧਰਤੀ ਅਤੇ ਉਹਨਾਂ ਲੋਕਾਂ ਦੀ ਭਾਸ਼ਾ ਤੋਂ ਅਣਜਾਣ ਸਾਂ।)

ਥੋੜ੍ਹੀ ਦੇਰ ਟੁਰਨ ਤੋਂ ਬਾਅਦ ਅਸੀਂ ਇਕ ਛੋਟੀ ਜਿਹੀ ਪਹਾੜੀ ਦੇ ਲਾਗੇ ਪੁੱਜੇ ਅਤੇ ਮੇਰੀ ਸੋਚ ਦੇ ਮੁਤਾਬਿਕ ਉਸ ਪਹਾੜੀ 'ਚ ਇਕ ਗੁਫਾ ਸੀ। ਉਹ ਚਾਰੇ ਜਣੇ ਮੈਨੂੰ ਉਸ ਗੁਫਾ ਦੇ ਅੰਦਰ ਲੈ ਗਏ। ਫੇਰ ਇਕ ਜਣੇ ਨੇ ਆਪਣੀ ਪੋਸ਼ਾਕ 'ਚੋਂ ਰਿਮੋਟ ਕੰਟਰੋਲਰ ਕੱਢਿਆ ਅਤੇ ਇਕ ਬਟਨ ਪਰੈੱਸ ਕੀਤਾ। ਗੁਫਾ ਦੀ ਦਿਵਾਰ ਇੱਕ ਪਾਸੇ ਨੂੰ ਹਟ ਗਈ। ਫੇਰ ਅਸੀਂ ਗੁਫ਼ਾ ਦੇ ਅੰਦਰ ਉਤਰਦੇ ਗਏ ਅਤੇ ਉਦੋਂ ਮੈਂ ਹੈਰਾਨ ਰਹਿ ਗਿਆ ਜਦੋਂ ਜ਼ਮੀਨ ਦੇ ਅੰਦਰ ਇੱਕ ਅਤਿਅੰਤ ਸੁੰਦਰ ਇਮਾਰਤ ਬਣੀ ਵੇਖੀ। ਉਹ ਆਪਣੀ ਹੀ ਤਰ੍ਹਾਂ ਦਾ ਇੱਕ ਵਿਲੱਖਣ ਸੰਸਾਰ ਸੀ। ਇਕ ਅਤਿਅੰਤ ਮਹਿਲਨੁਮਾ ਇਮਾਰਤ ਮੇਰੇ ਸਨਮੁੱਖ ਸੀ ਅਤੇ ਮੈਂ ਟੱਡੀਆਂ ਨਜ਼ਰਾਂ ਨਾਲ ਉਸਨੂੰ ਨਿਹਾਰ ਰਿਹਾ ਸੀ। ਉਸ ਪਰੀ ਮਹਿਲ ਦਾ ਰੰਗ ਹਲਕਾ ਬਦਾਮੀ ਸੀ, ਜਿਹੜਾ ਕਿ ਬਹੁਤ ਹੀ ਪਿਆਰਾ ਲੱਗ ਰਿਹਾ ਸੀ।

ਥੋੜ੍ਹੀ ਦੇਰ ਬਾਅਦ ਉਹ ਚਾਰੇ ਮੈਨੂੰ ਪਰੀ ਪਹਿਲ 'ਚ ਰਹਿ ਰਹੀ ਪਰੀ ਦੇ ਸਾਹਮਣੇ ਲੈ ਗਏ।

ਮੈਂ ਇਕ ਅਤਿਅੰਤ ਹੀ ਖ਼ੂਬਸੂਰਤ ਔਰਤ ਦੇ ਸਾਹਮਣੇ ਖੜ੍ਹਾ ਸੀ। ਉਹ ਔਰਤ ਨਿਸ਼ਚੈ ਹੀ ਪ੍ਰਿਥਵੀ ਦੀ ਕਿਸੇ ਵੀ ਔਰਤ ਤੋਂ ਸੋਹਣੀ ਸੀ।

'ਰਾਜਕੁਮਾਰੀ ਅਮਰੀ, ਅਸੀਂ ਇਸ ਵਿਅਕਤੀ ਨੂੰ ਪਕੜ ਕੇ ਲਿਆਏ ਹਾਂ। ਇਹ ਸਾਡੇ ਠਿਕਾਣੇ ਤੋਂ ਥੋੜ੍ਹੀ ਹੀ ਦੂਰ ਘੁੰਮ ਰਿਹਾ ਸੀ, ਜਿਵੇਂ ਕੋਈ ਸੂਹ ਲੈ ਰਿਹਾ ਹੋਵੇ। ਅਸੀਂ ਇਸ ਨੂੰ ਸ਼ਹਿਜ਼ਾਦਾ ਕਣਕ ਦਾ ਜਾਸੂਸ ਸਮਝ ਕੇ ਪਕੜ ਲਿਆਏ ਹਾਂ।'

ਉਨ੍ਹੀ ਦੇਰ ਤੱਕ ਮੈਂ ਆਪਣੇ ਮਸਤਕ ਰਾਹੀਂ ਮਾਸਟਰ ਕੰਪਿਊਟਰ ਨੂੰ ਆਪਣੀ ਭਾਸ਼ਾ ਦੀ ਸਮੱਸਿਆ ਬਾਰੇ ਦੱਸ ਚੁੱਕਾ ਸਾਂ। ਉਸਨੇ ਮੇਰੇ ਮਸਤਕ 'ਚ ਲੱਗੇ ਮਾਈਕਰੋ-ਕੈਪਸੂਲ ਨੂੰ ਇਨ੍ਹਾਂ ਗੁਹਿਵਾਸੀਆਂ ਦੀ ਭਾਸ਼ਾ ਸਮਝਣ ਦੇ ਯੋਗ ਬਣਾ ਦਿੱਤਾ ਸੀ।

ਮੈਂ ਉਸ ਵਿਅਕਤੀ ਵਲੋਂ, ਕਹੇ ਉਪਰੋਕਤ ਸ਼ਬਦ ਹੁਣ ਸਮਝ ਸਕਦਾ ਸਾਂ ਅਤੇ ਉਸ ਵੇਲੇ ਮੇਰੀ ਨਜ਼ਰ ਰਾਜਕੁਮਾਰੀ ਅਮਰੀ ਦੇ ਮੁੱਖੜੇ ਤੇ ਸੀ। ਜਦੋਂ ਉਸ ਵਿਅਕਤੀ ਨੇ 'ਸ਼ਹਿਜ਼ਾਦਾ ਕਣਕ' ਦਾ ਨਾਂ ਲਿਆ ਤਾਂ ਮੈਂ ਵੇਖਿਆ ਕਿ ਰਾਜਕੁਮਾਰੀ ਦਾ ਹੁਸੀਨ ਮੁਖੜਾ ਹੋਰ ਲਾਲ ਹੋ ਗਿਆ ਹੈ ਅਤੇ ਉਸਨੇ ਆਪਣੀਆਂ ਅੱਖਾਂ ਵਿਚ ਨਫ਼ਰਤ ਦੇ ਭਾਵ ਭਰਦਿਆਂ ਮੇਰੇ ਵਲ ਨੂੰ ਵੇਖਿਆ। ਮੈਂ ਉਸਦੀਆਂ ਅੱਖਾਂ ਨਾਲ ਆਪਣੀਆਂ ਅੱਖਾਂ ਨਾ ਮਿਲਾ ਸਕਿਆ। ਜਿਵੇਂ ਹੀ ਉਸ-

ਦੀਆਂ ਅੱਖਾਂ ਮੇਰੀਆਂ ਅੱਖਾਂ ਨਾਲ ਮਿਲੀਆਂ ਤਾਂ ਉਸ ਦੀਆਂ ਅੱਖਾਂ ਵਿਚ ਪਸਰੇ ਹੋਏ ਰੋਹ ਨੂੰ ਵੇਖ ਕੇ ਮੇਰੀਆਂ ਅੱਖਾਂ ਵਿਚ ਜਲਣ ਜਿਹੀ ਹੋਣ ਲੱਗ ਪਈ। ਮੈਂ ਆਪਣੀਆਂ ਉਂਗਲਾਂ ਨਾਲ ਅੱਖਾਂ ਮਲਣੀਆਂ ਚਾਹੀਆਂ ਪਰ ਮੇਰੇ ਹੱਥ ਬੱਝੇ ਹੋਏ ਸਨ।

"ਬੰਨ੍ਹ ਦਿਉ ਇਸਨੂੰ.........!' ਉਸਦੇ ਖ਼ੂਬਸੂਰਤ ਬੁੱਲ੍ਹਾਂ ਚੋਂ ਤਪਦੇ ਲਫ਼ਜ ਨਿਕਲੇ।

ਮੈਨੂੰ ਬੰਨ੍ਹ ਦਿੱਤਾ ਗਿਆ, ਦੀਵਾਰ ਦੇ ਨਾਲ ਅਤੇ ਰਾਜਕੁਮਾਰੀ ਮੇਰੇ ਕੋਲ ਆ ਗਈ। ਉਸਨੇ ਮੇਰੀਆਂ ਅੱਖਾਂ 'ਚ ਆਪਣੀਆਂ ਭਖਦੀਆਂ ਅੱਖਾਂ ਨਾਲ ਵੇਖਿਆ—

'ਕੀ ਕਰ ਰਿਹਾ ਸੀ ਤੂੰ ਇਸ ਇਲਾਕੇ ਵਿਚ.........?'

'ਅਮਰੀ.........! ਜੋ ਤੂੰ ਸਮਝ ਰਹੀ ਏਂ ਮੈਂ ਉਹ ਨਹੀਂ। ਤਦੇ ਇਕ ਧੱਕਾ ਜਿਹਾ ਲੱਗਾ ਮੇਰੇ ਸਰੀਰ ਨੂੰ, ਅਤੇ ਮੈਂ ਤੜਪ ਕੇ ਰਹਿ ਗਿਆ। ਮੈਂ ਨਜ਼ਰ ਉਠਾਕੇ ਉਸ ਵਿਅਕਤੀ ਵੱਲ ਵੇਖਿਆ, ਜਿਹੜਾ ਰਾਜਕੁਮਾਰੀ ਨਾਲ ਗੱਲ ਕਰ ਰਿਹਾ ਸੀ। ਉਸਦੇ ਹੱਥ ਵਿਚ ਇਨਫ਼ਰਾਸੋਨਿਕ ਵੇਵਜ਼ ਦਾ ਯੰਤਰ ਸੀ, ਅਤੇ ਮੇਰੇ ਸਰੀਰ ਤੇ ਇਨਫ਼ਰਾਸੋਨਿਕ ਵੇਵਜ਼ ਦਾ ਬਹੁਤ ਹੀ ਹਲਕਾ ਅਟੈਕ ਹੋਇਆ ਸੀ, ਪਰ ਉਸ ਅਟੈਕ ਨੇ ਹੀ ਮੈਨੂੰ ਝੰਜੋੜ ਕੇ ਰੱਖ ਦਿੱਤਾ ਸੀ।

'ਤੇਰੀ ਹਿੰਮਤ ਕਿਵੇਂ ਹੋਈ ਰਾਜਕੁਮਾਰੀ ਦਾ ਨਾਂ ਲੈਣ ਦੀ......ਗੁਸਤਾਖ਼!' ਉਸਦੇ ਮੂੰਹੋਂ ਤਪਦੇ ਸ਼ਬਦ ਨਿਕਲੇ।

ਫੇਰ ਤਕਰੀਬਨ 960 ਸਕਿੰਟ ਰਾਜਕੁਮਾਰੀ ਮੈਥੋਂ ਕਿਸੇ ਸ਼ਹਿਜ਼ਾਦੇ ਕਣਕ ਬਾਰੇ ਪੁੱਛਦੀ ਰਹੀ ਅਤੇ ਮੈਨੂੰ ਉਸਦਾ ਜਾਸੂਸ ਹੋਣ ਬਾਰੇ ਕਬੂਲ ਕਰਨ ਲਈ ਆਖਦੀ ਰਹੀ। ਪਰ ਜੋ ਮੈਂ ਨਹੀਂ ਸੀ.........ਮੈਂ ਕਿਵੇਂ ਮੰਨ ਸਕਦਾ ਸੀ?

ਆਖ਼ਿਰਕਾਰ ਉਸਨੂੰ ਵੀ ਸੋਚਣਾ ਪਿਆ। 'ਇਸਨੂੰ ਤਹਿਖਾਨੇ 'ਚ ਸੁੱਟ ਦਿਉ।' ਸ਼ਾਮ ਨੂੰ ਜਦ ਡਾਕਟਰ ਅਵੰਤੀ ਆਵਣਗੇ ਤਾਂ ਇਸਦਾ ਅਤੀਤ ਵੇਖਾਂਗੇ.........।'

'ਜੋ ਹੁਕਮ.........ਰਾਜਕੁਮਾਰੀ।'

ਮੈਨੂੰ ਉਸ ਪਰੀ ਮਹੱਲ ਦੇ ਤਹਿਖ਼ਾਨੇ ਵਿਚ ਸੁੱਟ ਦਿੱਤਾ ਸੀ। ਮੇਰੀ ਆਸ ਦੇ ਉਲਟ ਤਹਿਖ਼ਾਨਾ ਬਹੁਤ ਹੀ ਖ਼ੂਬਸੂਰਤ ਜਗ੍ਹਾ ਸੀ। ਉਥੇ ਛੇ ਕੈਦੀ ਪਹਿਲਾਂ ਤੋਂ ਹੀ ਹੋਰ ਸਨ।

ਮੈਂ ਤਹਿਖ਼ਾਨੇ ਦੇ ਇਕ ਨੁੱਕਰੇ ਪਈ ਇਕ ਆਰਾਮ ਕੁਰਸੀ ਤੇ ਬੈਠ ਗਿਆ। ਪਹਿਲਾਂ ਤਾਂ ਉਹਨਾਂ ਛੇਆਂ ਚੋਂ ਕਿਸੇ ਨੇ ਵੀ ਮੇਰੇ ਨਾਲ ਗੱਲਬਾਤ ਨਾ ਕੀਤੀ। ਪਰ ਫੇਰ ਉਹ ਆਪਣੀ ਉਤ-ਸੁਕਤਾ ਦਬਾ ਨਾ ਸਕੇ ਅਤੇ ਫੇਰ ਮੇਰੇ ਨਾਲ ਗੱਲਬਾਤ ਕਰਨ ਲੱਗੇ। ਮੈਂ ਉਹਨਾਂ ਨੂੰ ਦੱਸਿਆ ਕਿ ਉਹ ਕਿਵੇਂ ਮੈਨੂੰ ਸ਼ਹਿਜ਼ਾਦਾ ਕਣਕ ਦਾ ਜਸੂਸ ਸਮਝ ਕੇ ਫੜ ਲਿਆਏ ਹਨ। ਪਰ ਮੈਂ ਤਾਂ ਨਾ ਹੀ ਕਣਕ ਨਾ ਹੀ ਅਮਰੀ ਨੂੰ ਜਾਣਦਾ ਹਾਂ।

ਉਹ ਬੜੇ ਹੈਰਾਨ ਹੋਏ। ਉਹਨਾਂ ਮੈਨੂੰ ਦੱਸਿਆ ਕਿ ਉਹ ਤਾਂ ਕਣਕ ਦੇ ਹੀ ਜਸੂਸ ਹਨ ਅਤੇ ਇਹ ਸੁਣਕੇ ਵੀ ਬੜੇ ਹੈਰਾਨ ਹੋਏ ਕਿ ਮੈਂ ਅਮਰੀ ਅਤੇ ਕਣਕ ਨੂੰ ਨਹੀਂ ਜਾਣਦਾ।

'ਤਾਂ ਫੇਰ ਤੂੰ ਗੁਆਂਢੀ ਰਾਜ ਸੀਮਾਂਤ ਤੋਂ ਆਇਆਂ ਏ।' ਉਹਨਾਂ ਚੋਂ ਇਕ ਬੋਲਿਆ।

'ਹਾਂ.........!' ਮੈਂ ਇਹੀ ਕਹਿਣਾ ਉਚਿਤ ਸਮਝਿਆ । ਫੇਰ ਮੈਂ ਉਹਨਾਂ ਨੂੰ ਕਣਕ ਅਤੇ ਅਮਰੀ ਬਾਰੇ ਪੁੱਛਣ ਲੱਗ ਪਿਆ । ਉਹ ਵੀ ਸ਼ਾਇਦ ਕਾਫੀ ਚਿਰ ਤੋਂ ਬੋਲਣ ਲਈ ਲਲਾਇਤ ਸਨ ਅਤੇ ਵਾਰੀ ਵਾਰੀ ਮੈਨੂੰ ਉਹਨਾਂ ਬਾਰੇ ਸੁਣਾਉਂਦੇ ਰਹੇ.........ਜੋ ਇਸ ਤਰ੍ਹਾਂ ਹੈ—

ਉਦੋਂ ਤੋਂ ਲੱਗਭੱਗ ਇਕ ਸਾਲ ਪਹਿਲਾਂ ਉਸ ਛੋਟੇ ਜਿਹੇ ਦੇਸ਼ ਜਿਸਦਾ ਨਾਂ ਬ੍ਰੀਨੀਅਸ ਸੀ, ਤੇ ਰਾਜਕੁਮਾਰੀ ਅਮਰੀ ਦੇ ਪਿਤਾ ਅੰਮ੍ਰਿਤਾਂਸ਼ ਦਾ ਸ਼ਾਸਨ ਸੀ, ਤੇ ਉਹਨਾਂ ਦਿਨਾਂ ਵਿਚ ਹੀ ਅਮਰੀ ਦੇ ਚਾਚੇ ਓਤੰਕ ਦੀ ਮੌਤ ਹੋ ਗਈ ਸੀ । ਉਸਦਾ ਚਾਚਾ ਪਹਿਲਾਂ ਤੋਂ ਹੀ ਬ੍ਰੀਨੀਅਸ ਤੇ ਸ਼ਾਸਨ ਕਰਨ ਦਾ ਇਛੁੱਕ ਸੀ ਪਰ ਉਹ ਆਪਣੇ ਭਰਾ ਤੋਂ ਡਰਦਾ ਸੀ । ਉਸ ਸਮੇਂ ਉਸਨੇ ਅੰਮ੍ਰਿਤਾਂਸ਼ ਨੂੰ ਮਾਰਨ ਦੀ ਸਾਜ਼ਿਸ਼ ਬਣਾਈ ਹੋਈ ਸੀ, ਪਰ ਮੌਤ ਦੇ ਲੰਬੇ ਹੱਥ ਉਸਨੂੰ ਹੀ ਲੈ ਡੁੱਬੇ । ਪਰ ਉਸਦੇ ਪੁੱਤਰ ਕਣਕ ਨੇ ਆਪਣੇ ਪਿਤਾ ਦਾ ਸੋਚਿਆ ਸੱਚ ਕਰ ਦਿਖਾਇਆ ਅਤੇ ਅੰਮ੍ਰਿਤਾਸ਼ ਨੂੰ ਮੌਤ ਦੀ ਸਿਆਹ ਹਨੇਰੀ 'ਚ ਵਹਾ ਦਿੱਤਾ । ਰਾਜਕੁਮਾਰੀ ਅਮਰੀ ਬੜੀ ਮੁਸ਼ਕਿਲ ਨਾਲ ਕੁੱਝ ਕੁ ਸਾਥੀਆਂ ਨਾਲ ਭੱਜਣ ਵਿਚ ਕਾਮਯਾਬ ਹੋ ਗਈ ।

ਉੱਧਰ ਕਣਕ ਨੇ ਸੱਤਾ ਤੇ ਕਬਜ਼ਾ ਕਰ ਲਿਆ ਸੀ । ਕਣਕ ਇਕ ਜ਼ਾਲਿਮ ਸ਼ਾਸਕ ਚੋਂ ਨਿੱਬੜਿਆ ਸੀ, ਪਰ ਉਥੋਂ ਦੀ ਜਨਤਾ ਉਸਦੀ ਤਾਕਤ ਅੱਗੇ ਕੁਝ ਬੋਲ ਨਹੀਂ ਸਕਦੀ ਸੀ । ਉਂਝ ਉਹ ਦਿਲੋਂ ਅਮਰੀ ਨੂੰ ਆਪਣੀ ਸ਼ਾਸਕ ਵੇਖਣਾ ਚਾਹੁੰਦੇ ਸਨ ।

ਜਿਸ ਦਿਨ ਤੋਂ ਕਣਕ ਨੇ ਬ੍ਰੀਨੀਅਸ ਵਾਸੀਆਂ ਤੇ ਜ਼ੁਲਮ ਢਾਉਣੇ ਸ਼ੁਰੂ ਕੀਤੇ ਸਨ, ਉਸ ਦਿਨ ਤੋਂ ਹੀ ਅਮਰੀ ਨੇ 'ਸੁਤੰਤਰਤਾ ਦੀ ਜੋਤੀ' ਨਾਮਕ ਇਕ ਕ੍ਰਾਂਤੀਕਾਰੀ ਸੰਗਠਨ ਦੀ ਸਥਾਪਨਾ ਕਰ ਲਈ ਅਤੇ ਹੁਣ ਉਹ ਕਣਕ ਨੂੰ ਬ੍ਰੀਨੀਅਸ ਦੇ ਤਖ਼ਤ ਤੋਂ ਲਾਹੁਣ ਬਾਰੇ ਯਤਨਸ਼ੀਲ ਸੀ ਅਤੇ ਇਹ ਯਤਨ ਕਰਦਿਆਂ ਉਸਨੂੰ ਸਾਲ ਗੁਜ਼ਰ ਚੁੱਕਾ ਸੀ । ਇੰਨੇ ਸਮੇਂ ਵਿਚ ਹੀ 'ਸੁਤੰਤਰਤਾ ਦੀ ਜੋਤੀ' ਮੈਂਬਰ ਦਸ ਤੋਂ ਵਧਕੇ ਪੰਜਾਹ ਹੋ ਚੁੱਕੇ ਸਨ ।

ਮੈਂ ਇਹ ਸੁਣਦਾ ਹੋਇਆਂ ਸੋਚ ਰਿਹਾ ਸਾਂ ਕਿ ਭੈੜੀ ਰਾਜਨੀਤੀ ਨੇ ਕਦੇ ਵੀ ਸਮੇਂ ਦੇ ਸ਼ਾਸਕ ਦਾ ਲੜ ਨਾ ਛੱਡਿਆ । ਉਹ ਪੁਰਾਣਾ ਵਕਤ ਸੀ ਜਾਂ ਨਵਾਂ, ਸੱਤਾ ਦੀ ਹਵਸ ਇਨਸਾਨ ਨੂੰ ਹੈਵਾਨ ਬਣਾਉਂਦੀ ਹੀ ਰਹੀ ਹੈ ।

ਤਦੇ ਮੈਨੂੰ ਲੈਣ ਉਹੀ ਵਿਅਕਤੀ ਆ ਗਏ, ਸ਼ਾਇਦ ਡਾਕਟਰ ਅਵੰਤੀ ਆ ਗਿਆ ਸੀ । ਉਹ ਮੈਨੂੰ ਇਕ ਹਨੇਰੇ ਜਿਹੇ ਕਮਰੇ 'ਚ ਲੈ ਗਏ । ਉਥੇ ਦੋ ਸ਼ਖ਼ਸ਼ ਬੈਠੇ ਸਨ—ਇਕ ਕੋਈ ਬੁੱਢਾ ਵਿਅਕਤੀ ਸੀ ਅਤੇ ਦੂਸਰੀ ਅਮਰੀ ਸੀ । ਅਮਰੀ ਨੇ ਚਿੱਟਾ ਲਿਬਾਸ ਪਾਇਆ ਹੋਇਆ ਸੀ, ਜੋ ਕਿ ਉਸ ਘੁਸਮੁਸੇ ਜਿਹੇ ਵਿਚ ਬੜਾ ਹੀ ਪਿਆਰਾ ਲੱਗ ਰਿਹਾ ਸੀ ।

ਉਹਨਾਂ ਨੇ ਮੈਨੂੰ ਇਕ ਕੁਰਸੀ ਤੇ ਬਿਠਾ ਦਿੱਤਾ ਅਤੇ ਫੇਰ ਮੇਰੇ ਮਸਤਕ ਦੇ ਗਿਰਦ ਦੋ ਹੈਡਫੋਨ ਜਿਹੇ ਲਗਾ ਦਿੱਤੇ । ਥੋੜ੍ਹੀ ਦੇਰ ਵਿਚ ਹੀ ਮੇਰੇ ਦਿਮਾਗ 'ਚ ਧੁੰਦ ਜਿਹੀ ਛਾ ਗਈ ਅਤੇ ਮੈਂ ਅਚੇਤ ਹੋ ਗਿਆ । ਫੇਰ ਮੈਨੂੰ ਨਹੀਂ ਪਤਾ ਲੱਗਿਆ ਕਿ ਕੀ ਹੋਇਆ.........।

ਮੈਨੂੰ ਹੋਸ਼ ਆਈ ਤਾਂ ਮੈਂ ਉਸੇ ਕਮਰੇ 'ਚ ਸੀ ਅਤੇ ਓਹੀ ਸ਼ਖ਼ਸ਼ ਕਮਰੇ 'ਚ ਸਨ ।

'ਮੈਨੂੰ ਬਹੁਤ ਅਫਸੋਸ ਹੈ ਮਿਸਟਰ ਪਰਿਜਾਤ ਕਿ ਤੁਹਾਡੇ ਨਾਲ ਬੁਰਾ ਸਲੂਕ ਹੋਇਆ ।

ਪਰ ਇਸ ਵਿਚ ਸਾਡਾ ਵੀ ਕੋਈ ਕਸੂਰ ਨਹੀਂ, ਅਸੀਂ ਅਨਜਾਣ ਸਾਂ। ਮੈਂ ਜਾਣ ਗਈ ਹਾਂ ਕਿ ਤੁਸੀਂ ਅਤੀਤ ਦੇ ਇਕ ਅਨੋਖੇ ਹੀ ਸੰਸਾਰ ਵਿਚੋਂ ਆਏ ਹੋ, ਜਿਥੋਂ ਦਾ ਵਿਗਿਆਨ ਅਜੇ ਸਾਡੇ ਜਿੰਨੀ ਤਰੱਕੀ ਨਹੀਂ ਕਰ ਸਕਿਆ ਖ਼ੈਰ ਮੈਨੂੰ ਆਪਣੇ ਕੀਤੇ ਤੇ ਅਫ਼ਸੋਸ ਹੈ।'

'ਪਰ ਹੁਣ ਮੇਰੇ ਬਾਰੇ ਕੀ ਸੋਚਿਆ ?' ਮੈਂ ਪੁੱਛ ਬੈਠਿਆ।

'ਤੁਹਾਨੂੰ ਅਜੇ ਇਥੇ ਹੀ ਰਹਿਣਾ ਪਵੇਗਾ.........।' ਉਹ ਮੁਸਕਰਾਈ।

ਪਰ ਮੈਂ ਇਕ ਛਿਣ ਕੁਝ ਸੋਚਿਆ ਅਤੇ ਫੇਰ ਅੰਤਾਂ ਦੀ ਫੁਰਤੀ ਨਾਲ ਮੈਂ ਉਥੇ ਖੜੇ ਵਿਅਕਤੀ ਤੋਂ ਗੰਨ ਖੋਹ ਕੇ ਅਮਰੀ ਦੀ ਗਰਦਨ ਤੇ ਰੱਖ ਦਿੱਤੀ। ਇਹ ਸਭ ਕੁਝ ਇੰਨਾ ਜਲਦੀ ਹੋ ਗਿਆ ਕਿ ਉਹ ਕੁਝ ਸੋਚ ਵੀ ਨਾ ਸਕੇ।

ਮੇਰੇ ਕੁੱਝ ਕਹਿਣ ਤੋਂ ਪਹਿਲਾਂ ਹੀ ਬਾਕੀਆਂ ਨੇ ਆਪਣੇ ਹਥਿਆਰ ਨੀਵੇਂ ਕਰ ਲਏ। ਨਿਸ਼ਚੇ ਹੀ ਉਹ ਆਪਣੀ ਰਾਜਕੁਮਾਰੀ ਨੂੰ ਖ਼ਤਰੇ 'ਚ ਨਹੀਂ ਦੇਖਣਾ ਚਾਹੁੰਦੇ ਸਨ।

'ਸਮਝਦਾਰ ਹੋ.........। ਹੁਣ ਅਮਰੀ ਜੀ ਮੈਨੂੰ ਆਪਣੇ ਇਸ ਜਾਦੂ ਮਹਿਲ ਤੋਂ ਬਾਹਰ ਪਹੁੰਚਾ ਕੇ ਆਉਣਗੇ।' ਮੈਂ ਆਖਿਆ।

ਅਮਰੀ ਅੱਗੇ ਅੱਗੇ ਚਲ ਪਈ। ਅਸੀਂ ਅਜੇ ਥੋੜੇ ਹੀ ਕਦਮ ਟੁਰੇ ਸਾਂ ਕਿ ਮੈਨੂੰ ਚਕਿਤ ਰਹਿ ਜਾਣਾ ਪਿਆ।

ਉਹ ਸਭ ਕੁਝ ਐਨੇ ਘੱਟ ਸਮੇਂ ਵਿਚ ਵਾਪਰਿਆ ਸੀ ਕਿ ਮੈਂ ਵੀ ਕੁਝ ਨਹੀਂ ਸੋਚ ਸਕਿਆ ਅਮਰੀ ਦੇ ਹੱਥਾਂ ਵਿਚ ਪਾਏ ਦਸਤਾਨੇ 'ਚ ਇਕ ਬਲ ਖਾਂਦੀ ਕਿਰਨ ਜਿਹੀ ਨਿਕਲੀ ਅਤੇ ਮੇਰੇ ਹੱਥੋਂ ਗੰਨ ਛਿਟਕ ਕੇ ਦੂਰ ਜਾ ਡਿੱਗੀ ਅਤੇ ਮੇਰੇ ਚਾਰੇ ਪਾਸੇ ਚਮਕਦੀਆਂ ਕਿਰਨਾਂ ਦਾ ਇਕ ਘੇਰਾ ਬਣ ਗਿਆ। ਮੈਂ ਉਸ ਕਿਰਨ ਚੱਕਰ ਵਿਚ ਕੈਦ ਹੋ ਕੇ ਰਹਿ ਗਿਆ।

ਅਮਰੀ ਦੇ ਖ਼ੂਬਸੂਰਤ ਮੁੱਖੜੇ ਤੇ ਮੁਸਕਰਾਹਟ ਤੈਰ ਰਹੀ ਸੀ।

'ਨਿਸ਼ਚੇ ਹੀ ਬਹਾਦਰ ਹੋ.........।' ਉਹ ਬੋਲੀ।

ਮੈਂ ਕੁਝ ਵੀ ਨਾ ਬੋਲ ਸਕਿਆ।

'ਬਹਾਦਰ ਲੋਕਾਂ ਦੀ ਮੈਂ ਕਦਰ ਕਰਦੀ ਹਾਂ। ਹੁਣ ਮੈਂ ਤੈਨੂੰ ਕੈਦ ਕਰਕੇ ਨਹੀਂ ਰੱਖਾਂਗੀ, ਪਾਰਿਜਾਤ ! ਬੱਸ ਮੈਂ ਤੈਨੂੰ ਇੰਨੀ ਹੀ ਬੇਨਤੀ ਕਰ ਸਕਦੀ ਹਾਂ ਕਿ ਹੋ ਸਕੇ ਤਾਂ ਤੂੰ ਮੇਰੀ ਸਹਾਇਤਾ ਕਰੀਂ।' ਇਹ ਕਹਿਕੇ ਉਸਨੇ ਆਪਣੇ ਦਸਤਾਨੇ 'ਚ ਛੁੱਪਿਆ ਇਕ ਬਟਨ ਦਬਾਇਆ ਅਤੇ ਮੇਰੇ ਚੌਗਿਰਦ ਫੈਲਿਆ ਕਿਰਨ ਚੱਕਰ ਆਪਣੇ ਆਪ ਹਟ ਗਿਆ।

'ਅਮਰੀ, ਤੂੰ ਮੈਨੂੰ ਕੀ ਕੈਦ ਕਰਨਾ ਹੈ, ਮੈਂ ਤਾਂ ਆਪ ਹੀ ਕੈਦ ਹੋ ਗਿਆ ਹਾਂ......ਤੇਰੇ ਰੂਪ ਦੇ ਜਾਦੂ ਵਿਚ।' ਮੈਂ ਆਪਣੇ ਮਨ ਵਿਚ ਸੋਚਿਆ।

ਫੇਰ ਮੈਂ ਅਮਰੀ ਕੋਲ ਪੁੱਜਿਆ। ਉਸ ਸਮੇਂ ਮੇਰਾ ਚਿਹਰਾ ਬਿਲਕੁਲ ਭਾਵ ਰਹਿਤ ਸੀ। ਮੈਂ ਅਮਰੀ ਦਾ ਸੱਜਾ ਹੱਥ ਪਕੜਿਆ ਅਤੇ ਉਸਦਾ ਇਕ ਚੁੰਬਨ ਲੈ ਕੇ ਆਖਿਆ—

'ਅਮਰੀ ਜੀ, ਮੈਂ ਸੱਚੇ ਦਿਲੋਂ ਆਪ ਦੀ ਮੱਦਦ ਕਰਨ ਲਈ ਤਿਆਰ ਹਾਂ।'

ਅਮਰੀ ਦੇ ਚਿਹਰੇ ਤੇ ਖ਼ੁਸ਼ੀ ਦੇ ਅਸੀਮ ਭਾਵ ਫੈਲ ਗਏ । ਉਸ ਸਮੇਂ ਉਸਦਾ ਮੁੱਖੜਾ ਮੈਨੂੰ ਅਤਿਅੰਤ ਹੀ ਪਿਆਰਾ ਲੱਗਿਆ । ਉਸਦੀ ਪਿਆਰੀ ਸੂਰਤ ਮੇਰੇ ਦਿਲ ਦੇ ਨੁੱਕਰੇ ਇਕ ਮੌਨ ਸੰਗੀਤ ਛੇੜ ਗਈ ।

ਫੇਰ ਉਹ ਮੈਨੂੰ ਡਾਈਨਿੰਗ ਹਾਲ ਵਿਚ ਲੈ ਗਈ । ਮੈਂ ਡਾਕਟਰ ਅਵੰਤੀ ਤੇ ਇਕ ਹੋਰ ਵਿਅਕਤੀ ਨੇ, ਜਿਸਦਾ ਨਾਂ ਧਰੁਵ ਸੀ, ਅਮਰੀ ਨਾਲ ਰਾਤ ਦਾ ਭੋਜਨ ਕੀਤਾ ।

'ਪਾਰਿਜਾਤ, ਕਲ੍ਹ ਨੂੰ ਬ੍ਰੀਨੀਅਸ ਦੀ ਰਾਜ਼ਧਾਨੀ ਕਰੀਨਾ ਵਿਚ ਕਣਕ ਦੇ ਵਿਰੁੱਧ ਇਕ ਵਿਖਾਵਾ ਹੋਣ ਵਾਲਾ ਏ । ਮੈਨੂੰ ਪਤਾ ਹੈ ਕਿ ਕਣਕ ਦੇ ਵਿਅਕਤੀ ਨਿਹੱਥੇ ਵਿਖਾਵਾਕਾਰੀਆਂ ਤੇ ਜ਼ਰੂਰ ਹਮਲਾ ਕਰਨਗੇ । ਮੈਂ ਚਾਹੁੰਦੀ ਹਾਂ ਕਿ ਤੂੰ ਤੇ ਧਰੁਵ ਕਲ੍ਹ ਨੂੰ ਉਥੇ ਜਾਓ ਅਤੇ ਹੋ ਸਕੇ ਤਾਂ ਮਾਸੂਮ ਵਿਖਾਵਾਕਾਰੀਆਂ ਦਾ ਬਚਾਅ ਕਰਨ ਦੀ ਕੋਸ਼ਿਸ਼ ਕਰਿਓ ।'

'ਉਹਨਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ ।'

ਮੈਂ ਉਸਨੂੰ ਯਕੀਨ ਦਵਾਇਆ ।

ਦੂਸਰੇ ਦਿਨ ਸਵੇਰੇ ਹੀ ਮੈਂ ਤੇ ਧਰੁਵ ਇਕ ਇਕ ਲੇਜ਼ਰ-ਰੇਅਜ਼ ਦੀ ਗੰਨ ਲੈ ਕੇ, ਅਮਰੀ ਤੋਂ ਵਿਦਾ ਲੈ ਕੇ ਚੱਲ ਪਏ, ਅਤੇ 'ਬੁੱਲੇਟ ਕਾਰ' ਵਿਚ ਸਵਾਰ ਹੋ ਕੇ ਅਸੀਂ 100 ਸਕਿੰਟਾਂ ਬਾਅਦ ਹੀ ਕਰੀਨਾ ਸ਼ਹਿਰ ਪੁੱਜ ਗਏ । ਮੈਂ ਕਰੀਨਾ ਸ਼ਹਿਰ ਨੂੰ ਅਪਲਕ ਨਿਹਾਰਦਾ ਰਿਹਾ । ਇਸਪਾਤ ਨਾਲ ਬਣੀਆਂ ਗਗਨਚੁੰਬੀ ਇਮਾਰਤਾਂ ਕਿਸੇ ਸੁਪਨ ਲੋਕ ਦਾ ਭੁਲੇਖਾ ਪਾਉਂਦੀਆਂ ਸਨ । ਸੜਕਾਂ ਤੇ ਅਤਿਅੰਤ ਆਧੁਨਿਕ ਵਾਹਨ ਦੌੜ੍ਹ ਰਹੇ ਸਨ ਅਤੇ ਉਹਨਾਂ ਵਾਹਨਾਂ ਵਿਚ ਬ੍ਰੀਨੀਅਸ ਦੇਸ਼ ਦੀ ਫ਼ੌਜ ਦੇ ਵਾਹਨ ਜ਼ਿਆਦਾ ਸਨ । ਉਹ ਵਾਹਨ ਆਧੁਨਿਕ ਸ਼ਸ਼ਤਰਾਂ ਦਾ ਸੰਪੂਰਨ ਭੰਡਾਰ ਪ੍ਰਤੀਤ ਹੁੰਦੇ ਸਨ ।

ਧਰੁਵ ਮੈਨੂੰ ਰਾਜਮਹਿਲ ਦੇ ਕੋਲ ਲੈ ਆਇਆ । ਅਸੀਂ ਰਾਜਮਹਿਲ ਤੋਂ ਥੋੜ੍ਹੀ ਦੂਰ ਇਕ ਮਕਾਨ ਦੀ ਬਾਲਕਾਨੀ ਵਿਚ ਖੜੇ ਹੋ ਗਏ । ਇਹ ਮਕਾਨ ਕਿਸੇ ਦੇਸ਼ ਭਗਤ ਦਾ ਸੀ ।

ਰਾਜਮਹਿਲ ਇਕ ਬਹੁਤ ਹੀ ਸ਼ਾਨਦਾਰ ਇਮਾਰਤ ਸੀ, ਨੀਲੇ ਰੰਗ ਦੀ । ਪਰ ਲਗਦਾ ਸੀ ਹੁਣ ਉਸਤੇ ਕਣਕ ਦੇ ਜ਼ੁਲਮ ਦੀ ਕਾਲੀ ਪਰਤ ਚੜ੍ਹਦੀ ਜਾ ਰਹੀ ਸੀ । ਉਸਦਾ ਨੀਲਾ ਰੰਗ ਕਾਲਾ ਪੈਣਾ ਸ਼ੁਰੂ ਹੋ ਰਿਹਾ ਸੀ ।

ਥੋੜ੍ਹੀ ਦੇਰ ਬਾਅਦ ਹੀ ਵਿਖਾਵਾਕਾਰੀ ਰਾਜਮਹਿਲ ਦੇ ਸਾਹਮਣੇ ਪੁੱਜ ਗਏ। ਵਿਖਾਵਾ-ਕਾਰੀਆਂ ਦੀ ਗਿਣਤੀ ਕੋਈ ਪੰਜ ਕੁ ਸੌ ਦੇ ਕਰੀਬ ਸੀ । ਉਹ ਕਣਕ ਦੇ ਵਿਰੁੱਧ ਨਾਅਰੇ ਲਾ ਰਹੇ ਸਨ ।

ਪਹਿਲਾਂ ਤ' ਕੁਝ ਸਮਾਂ ਰਾਜਮਹਿਲ ਵਲੋਂ ਖ਼ਾਮੋਸ਼ੀ ਛਾਈ ਰਹੀ ਸੀ । ਫੇਰ ਥੋੜ੍ਹੀ ਦੇਰ ਬਾਅਦ ਮਹਿਲ ਦੀ ਬਾਲਕੋਨੀ ਵਿਚ ਕੁਝ ਵਿਅਕਤੀ ਨਜ਼ਰ ਆਏ । ਉਹਨਾਂ ਵਿਚੋਂ ਇਕ ਵਿਅਕਤੀ ਦੇ ਸਰੀਰ ਤੇ ਅਤਿਅੰਤ ਕੀਮਤੀ ਪੁਸ਼ਾਕ ਸੀ, ਸ਼ਾਇਦ ਉਹੀ ਕਣਕ ਸੀ । ਧਰੁਵ ਨੇ ਵੀ ਮੇਰੇ ਸੰਦੇਹ ਦੀ ਪੁਸ਼ਟੀ ਕੀਤੀ ।

ਭੀੜ ਕਣਕ ਨੂੰ ਵੇਖ ਕੇ ਹੋਰ ਉਤੇਜਿਤ ਹੋ ਉੱਠੀ। ਕਣਕ ਦਾ ਮੱਥਾ ਤਿਊੜੀਆਂ ਨਾਲ ਭਰ ਉੱਠਿਆ ਅਤੇ ਉਸਨੇ ਆਪਣੇ ਅੰਗ ਰੱਖਿਅਕਾਂ ਨੂੰ ਕੁੱਝ ਆਖਿਆ।

ਥੋੜ੍ਹੀ ਹੀ ਦੇਰੀ ਵਿਚ ਅਨੇਕ ਸੈਨਿਕ ਆਪਣੇ ਹੱਥਾਂ ਵਿਚ ਲੇਜ਼ਰ ਕਿਰਨਾਂ ਵਾਲੀਆਂ ਗੰਨਾਂ ਲੈਕੇ ਰਾਜਮਹਿਲ 'ਚੋਂ ਨਿਕਲੇ। ਕਣਕ ਨੇ ਵੀ ਆਪਣੇ ਹੱਥ ਵਿਚ ਗੰਨ ਫੜੀ ਅਤੇ ਉਤੇਜਿਤ ਭੀੜ ਤੇ ਹਮਲਾ ਕਰ ਦਿੱਤਾ। ਉਧਰ ਸੈਨਿਕਾਂ ਦੀਆਂ ਗੰਨਾਂ ਵੀ ਲੇਜ਼ਰ ਕਿਰਨਾਂ ਉਗਲਣ ਲੱਗੀਆਂ। ਭੀੜ ਵਿਚ ਭਗਦੜ ਜਿਹੀ ਛਾ ਗਈ। ਮੇਰੀ ਤੇ ਧਰੁਵ ਦੀਆਂ ਗੰਨਾਂ ਵੀ ਚੱਲੀਆਂ ਅਤੇ ਅਨੇਕ ਸੈਨਿਕ ਮੌਤ ਨੂੰ ਗਲਵੱਕੜੀ ਪਾ ਗਏ।

ਫੇਰ ਸਾਡਾ ਦੋਨਾਂ ਦਾ ਨਿਸ਼ਾਨਾ ਕਣਕ ਸੀ। ਅਸੀਂ ਲਗਾਤਾਰ ਦੋ ਅਟੈਕ ਕੀਤੇ, ਪਰ ਉਸਦੇ ਦੁਆਲੇ ਸੁਰੱਖਿਆ ਕਿਰਨਾਂ ਦਾ ਤਕੜਾ ਘੇਰਾ ਸੀ. ਤਦੇ ਇਕ ਸ਼ਕਤੀਸ਼ਾਲੀ ਲੇਜ਼ਰ ਬੀਮ ਉਸ ਮਕਾਨ ਨਾਲ ਆ ਟਕਰਾਈ।

'ਕਦੋਂ ਧਰੁਵ !' ਮੈਂ ਚੀਖਿਆ।

ਅਤੇ ਅਸੀਂ ਬਾਲਕੋਨੀ ਤੋਂ ਕੁੱਦ ਕੇ ਝੱਟ ਜ਼ਮੀਨ ਤੇ ਆ ਗਏ। ਉਹ ਮਕਾਨ ਲੇਜ਼ਰ-ਬੀਮ ਦੀ ਮਾਰ ਨਾ ਸਹਾਰ ਸਕਿਆ ਤੇ ਧਰਤੀ 'ਚ ਧਸ ਗਿਆ।

ਹੁਣ ਸੈਨਿਕਾਂ ਨੇ ਵੀ ਆਪਣੀਆਂ ਪੁਜ਼ੀਸ਼ਨਾਂ ਲੈ ਲਈਆਂ ਸਨ। ਭੀੜ ਖਿੰਡ ਚੁੱਕੀ ਸੀ।

ਅਸੀਂ ਇੱਕਾ ਦੁੱਕਾ ਫ਼ਾਇਰ ਕਰ ਰਹੇ ਸਾਂ।

'ਹੁਣ ਸਾਨੂੰ ਜਲਨਾ ਚਾਹੀਦਾ ਹੈ। ਥੋੜ੍ਹੀ ਦੇਰ ਬਾਅਦ ਹੀ ਇਸ ਸਾਰੇ ਖ਼ੇਤਰ ਨੂੰ ਘੇਰ ਲਿਆ ਜਾਵੇਗਾ।' ਧਰੁਵ ਬੋਲਿਆ।

'ਹਾਂ.........।' ਮੈਂ ਹਾਮੀ ਭਰੀ—'ਪਰ, ਜਾਂਦਿਆਂ ਅਸਾਨੂੰ ਕਣਕ ਨੂੰ ਇਕ ਮਾਰੂ ਸੱਟ ਪਹੁੰਚਾਣੀ ਚਾਹੀਦੀ ਹੈ। ਇੰਨਾ ਕਹਿਕੇ ਮੈਂ ਉਸ ਬਾਲਕਨੀ ਦੀ ਛੱਤ ਤੇ ਫਾਇਰ ਕੀਤਾ, ਜਿਸ ਵਿਚ ਕਣਕ ਖੜਾ ਸੀ।

ਧਮਾਕਾ ਜਿਹਾ ਹੋਇਆ, ਅਤੇ ਬਾਲਕਨੀ ਦੀ ਛੱਤ ਢਹਿ ਗਈ। ਬਾਲਕਨੀ 'ਚ ਭਗਦੜ ਮੱਚ ਗਈ, ਜਿਵੇਂ ਤੂਫਾਨ ਆ ਗਿਆ ਹੋਵੇ।

ਇਸ ਤੋਂ ਬਾਅਦ ਮੈਂ ਤੇ ਧਰੁਵ ਫੇਰ ਇਕ ਸਕਿੰਟ ਵੀ ਉਥੇ ਨਾ ਰੁਕੇ।

ਅਤੇ ਅਸੀਂ ਅਮਰੀ ਦੇ ਪਰੀਮਹਿਲ ਵਿਚ ਆ ਕੇ ਹੀ ਸਾਹ ਲਿਆ। ਜਦੋਂ ਮੈਂ ਤੇ ਧਰੁਵ ਅਮਰੀ ਦੇ ਕਮਰੇ ਵਿਚ ਪੁੱਜੇ ਤਾਂ ਅਮਰੀ ਟਰਾਂਸਮੀਟਰ ਤੇ ਕਿਸੇ ਨਾਲ ਗੱਲਬਾਤ ਕਰ ਰਹੀ ਸੀ—

'ਕੀ ਕਿਹਾ.........? ਕਣਕ ਜ਼ਖਮੀ ਹੋ ਗਿਆ। ਕਾਫੀ ਸੱਟਾਂ ਵੱਜੀਆਂ। ਮਰਿਆ ਨਹੀਂ ......ਚਲੋ ਚੰਗਾ ਹੋਇਆ। ਉਸਨੂੰ ਤਾਂ ਮੇਰੇ ਹੱਥੋਂ ਮਰਨਾ ਏ.........ਓ. ਕੇ........ਆਵਰ ਐਂਡ ਆਲ।'

ਤਦੇ ਅਮਰੀ ਸਾਡੇ ਵੱਲ ਵੇਖ ਕੇ ਮੁਸਕਰਾਈ।

'ਉਹ ਪਾਰਿਜਾਤ, ਅੱਜ ਮੈਂ ਬਹੁਤ ਖ਼ੁਸ਼ ਹਾਂ । ਤੂੰ ਉਹ ਕਰ ਦਿਖਾਇਆ ਜੋ ਅਸੀਂ ਇਕ ਸਾਲ ਤੋਂ ਮਿਲ ਕੇ ਨਹੀਂ ਕਰ ਸਕੇ ।'

ਮੇਰੀਆਂ ਬਾਹਵਾਂ ਨੂੰ ਆਪਣੀਆਂ ਬਾਹਵਾਂ 'ਚ ਫੜ ਕੇ, ਮੇਰੇ ਗਿਰਦ ਕਿਸੇ ਬੱਚੇ ਵਾਂਗ ਝੂਲ ਗਈ ।

ਅਤੇ ਫੇਰ ਅਸੀਂ ਕੁਰਸੀਆਂ ਤੇ ਬੈਠ ਗਏ । ਉਸ ਦੇ ਬੋਲਾਂ ਵਿਚ ਸ਼ੁਕਰਾਨੇ ਦੇ ਭਾਵ ਸਨ ।

ਫੇਰ ਅਸੀਂ ਲੰਚ ਕੀਤਾ ਅਤੇ ਇਸਤੋਂ ਬਾਅਦ ਅਮਰੀ ਧਰੁਵ ਨੂੰ ਮੁਖਾਤਿਬ ਹੁੰਦੀ ਬੋਲੀ—

'ਧਰੁਵ ਤੂੰ ਜਾ, ਹੁਣ ਅਸੀਂ ਬਾਗ਼ ਵਿਚ ਸੈਰ ਕਰਨ ਜਾਣਾ ਏ ।'

ਧਰੁਵ ਆਪਣੀਆਂ ਬੁੱਲ੍ਹੀਆਂ ਵਿਚ ਮੁਸਕਰਾਹਟ ਸਮੇਟੀ ਬਾਹਰ ਚਲਿਆ ਗਿਆ ।

ਅਮਰੀ ਨੇ ਆਪਣੇ ਦਸਤਾਨੇ ਵਿਚ ਛੁੱਪਿਆ ਇਕ ਬਟਨ ਦਬਾਇਆ ਅਤੇ ਉਸ ਦੇ ਕਮਰੇ ਦੀ ਦੀਵਾਰ ਵਿਚ ਇਕ ਦਰਵਾਜ਼ਾ ਉਤਪੰਨ ਹੋ ਗਿਆ । ਅਸੀਂ ਦਰਵਾਜ਼ੇ ਰਾਹੀਂ ਬਾਹਰ ਆ ਗਏ । ਇਸ ਤੋਂ ਬਾਅਦ ਦਰਵਾਜ਼ਾ ਬੰਦ ਹੋ ਗਿਆ ! ਹੁਣ ਅਸੀਂ ਇਕ ਵਿਸ਼ਾਲ ਹਰੇ ਭਰੇ ਬਾਗ਼ ਵਿਚ ਸਾਂ । ਮਹੌਲ ਬੜਾ ਹੀ ਲੁਭਾਵਣਾ ਸੀ ।

ਅਸੀਂ ਹੌਲੀ ਹੌਲੀ ਕਦਮ ਪੁੱਟ ਰਹੇ ਸਾਂ ।

'ਮੈਂ ਕਿਨਾਂ ਬੋਲਾਂ ਨਾਲ ਤੇਰਾ ਸ਼ੁਕਰੀਆ ਕਰਾਂ, ਪਾਰਿਜਾਤ ।

ਕਿ ਤੂੰ ਮੇਰੀ ਮਦਦ ਦਾ ਵਚਨ ਲਿਆ ।'

'ਆਪਣੇ 'ਪਿਆਰ' ਦਾ ਸ਼ੁਕਰੀਆ ਨਹੀਂ ਕੀਤਾ ਜਾਂਦਾ ।

ਸੁਭਾਵਿਕ ਹੀ ਮੇਰੇ ਮੂੰਹੋਂ ਨਿਕਲ ਗਿਆ ।

ਅਮਰੀ ਅਪਲਕ ਮੇਰੇ ਵਲ ਨੂੰ ਵੇਖਦੀ ਰਹੀ । ਸ਼ਾਇਦ ਉਸਦੇ ਦਿਲ ਵਿਚ ਕਿਧਰੇ ਘੰਟੀਆਂ ਦਾ ਛਣਕਾਟਾ ਗੂੰਜਿਆ ਹੋਵੇ ।

'ਹਾਂ ਅਮਰੀ, ਮੈਂ ਤੈਨੂੰ ਜਦ ਤੋਂ ਵੇਖਿਆ ਏ, ਪਿਆਰ ਕਰਨ ਲੱਗ ਪਿਆ ਹਾਂ । ਕੀ ਤੂੰ ਮੇਰੇ ਪਿਆਰ ਨੂੰ ਹੁੰਗਾਰਾ ਦੇਵੇਂਗੀ ?"

'ਹਾਂ, ਹਾਂ ਕਿਉਂ ਨਹੀਂ । ਉਹ ਮੇਰੇ ਮੋਢਿਆਂ ਤੇ ਸਿਰ ਰੱਖਦੀ ਬੋਲੀ "ਮੇਰੇ ਲਈ ਇਸ ਤੋਂ ਜ਼ਿਆਦਾ ਹੋਰ ਖ਼ੁਸ਼ੀ ਦੀ ਗੱਲ ਕੀ ਹੋ ਸਕਦੀ ਹੈ, ਨਾਲੇ ਮੈਂ ਵੀ ਤੈਨੂੰ ਪਿਆਰ ਕਰਨ ਲੱਗੀ ਹਾਂ ।"

ਉਸ ਦੀਆਂ ਅੱਖਾਂ ਨਮ ਹੋ ਗਈਆਂ । ਮੈਂ ਉਸਦਾ ਹੁਸੀਨ ਮੁੱਖ ਆਪਣੇ ਹੱਥਾਂ ਦੀ ਆਗੋਸ਼ ਵਿਚ ਲੈ ਲਿਆ । ਮੇਰੇ ਸਰੀਰ ਵਿਚ ਪਿਆਰ ਦਾ ਮਿੱਠਾ ਕੰਪਨ ਉਤਪੰਨ ਹੋ ਗਿਆ । ਇਹੋ ਜਿਹਾ ਮੈਨੂੰ ਆਪਣੇ ਜੀਵਨ ਅੰਤਰਾਲ ਵਿਚ ਕਦੇ ਵੀ ਮਹਿਸੂਸ ਨਹੀਂ ਹੋਇਆ ਸੀ ।

ਮੈਂ ਅਮਰੀ ਨੂੰ ਦਿਲ ਦੀਆਂ ਡੂੰਘਾਈਆਂ 'ਚੋਂ ਪਿਆਰ ਕਰਨ ਲੱਗ ਪਿਆ ਸਾਂ ਅਤੇ ਉਸ ਵੇਲੇ ਮੈਨੂੰ ਇਹ ਖਿਆਲ ਨਹੀਂ ਰਿਹਾ ਸੀ ਕਿ ਮੈਂ ਸਮਾਯਾਤਰਾ ਕਰਨ ਵਾਲਾ ਇਕ ਖਾਨਾਬਦੋਸ਼ ਹਾਂ । ਮੈਂ ਇਹ ਭੁੱਲ ਗਿਆ ਸਾਂ ਕਿ ਮੈਨੂੰ ਇਕ ਦਿਨ ਉਸ ਪਿਆਰ ਦੀ ਦੇਵੀ ਤੋਂ ਅੱਡ ਹੋਣਾ ਪੈਣਾ ਹੈ ।

ਅਸੀਂ ਚਲਦੇ ਚਲਦੇ ਕਾਫ਼ੀ ਦੂਰ ਨਿਕਲ ਆਏ ਸੀ। ਸਾਡੇ ਕੋਲ ਦੀ ਇਕ ਮਿੱਠੇ ਪਾਣੀ ਦਾ ਝਰਨਾ ਵਹਿ ਰਿਹਾ ਸੀ ਜਿਹੜਾ ਕਿ ਇਕ ਛੋਟੀ ਪਹਾੜੀ ਦੇ ਆਂਚਲ ਵਿਚੋਂ ਨਿਕਲ ਰਿਹਾ ਸੀ।

'ਕਿੰਨਾ ਖ਼ੂਬਸੂਰਤ ਏ, ਇਹ ਝਰਨਾ ! ਮੈਂ ਅਕਸਰ ਇਥੇ ਆਉਂਦੀ ਹਾਂ, ਪਾਰਿਜਾਤ......।'

'ਹਾਂ, ਬਹੁਤ ਖ਼ੂਬਸੂਰਤ ਤੇਰੇ ਵਰਗਾ।'

'ਅਸੀਂ ਕਾਫ਼ੀ ਦੂਰ ਨਿਕਲ ਆਏ।'

'ਹਾਂ, ਹੁਣ ਸਾਨੂੰ ਵਾਪਸ ਚੱਲਣਾ ਪੈਣਾ ਏ, ਅਜੇ ਤਾਂ ਇਕ ਲੰਬਾ ਸੰਘਰਸ਼ ਕਰਨਾ ਏ।'

'ਹਾਂ ਅਜੇ ਤਾਂ ਮੈਂ ਆਪਣੇ ਦੇਸ਼ ਨੂੰ ਸੁਤੰਤਰਤਾ ਦਵਾਉਣੀ ਏ।' ਅਚਾਨਕ ਉਸਦਾ ਹੁਸੀਨ ਮੁਖੜਾ ਆਵੇਸ਼ ਨਾਲ ਸੂਹਾ ਹੋ ਗਿਆ।

ਥੋੜ੍ਹੀ ਦੇਰ ਬਾਦ ਅਸੀਂ ਵਾਪਿਸ ਅਮਰੀ ਦੇ ਕਮਰੇ ਵਿਚ ਸੀ। ਉੱਥੇ ਹੀ ਡਾਕਟਰ ਅਵੰਤੀ, ਧਰੁਵ ਅਤੇ 'ਸੁਤੰਤਰਤਾ ਦੀ ਜੋਤੀ' ਸੰਗਠਨ ਦੇ ਦਸ ਹੋਰ ਮੈਂਬਰ ਇਕੱਤਰ ਹੋਏ ਸੀ।

ਅਮਰੀ ਨੇ ਪਹਿਲਾਂ ਤਾਂ ਸਾਰਿਆਂ ਨੂੰ ਕਣਕ ਦੇ ਜ਼ਖ਼ਮੀ ਹੋਣ ਬਾਰੇ ਦਸਿਆ ਅਤੇ ਫੇਰ ਸਾਰਿਆਂ ਤੋ ਅਗਲੇਰੇ ਕਦਮ ਬਾਰੇ ਸੁਝਾਅ ਮੰਗੇ।

ਉਹਨਾਂ ਵਿਚੋਂ ਬਹੁਤਿਆਂ ਦਾ ਵਿਚਾਰ ਤਾਂ ਇਹੀ ਸੀ ਕਿ ਪਹਿਲਾਂ ਕਣਕ ਨੂੰ ਠੀਕ ਹੋ ਲੈਣ ਦਿਤਾ ਜਾਵੇ।

ਫੇਰ ਅਮਰੀ ਨੇ ਮੈਨੂੰ ਕੁਝ ਆਖਣ ਲਈ ਕਿਹਾ। ਮੈਂ ਆਖਿਆ—'ਸੁਤੰਤਰਤਾ ਦੀ ਜੋਤੀ ਦੇ ਦੀਪਕਾਂ ਨੂੰ ਮੈਂ ਇਹੀ ਆਖਣਾ ਚਾਹੁੰਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਿਸ ਦਿਨ ਤੁਹਾਡਾ ਖ਼ੂਬਸੂਰਤ ਬ੍ਰੀਨੀਅਸ ਦੇਸ਼ ਆਜ਼ਾਦ ਹੋ ਜਾਵੇਗਾ। ਬੱਸ ਜਿਸ ਦਿਨ ਤੋਂ ਕਣਕ ਠੀਕ ਹੋ ਕੇ "ਐਕਸ਼ਨ" ਵਿਚ ਆਵੇਗਾ। ਉਹ ਦਿਨ ਉਸ ਦੀ ਜ਼ਿੰਦਗੀ ਦਾ ਆਖ਼ਰੀ ਦਿਨ ਹੋਵੇਗਾ। ਇਹ ਮੇਰਾ ਵਚਨ ਸਮਝ ਲਉ।'

'ਸਾਨੂੰ ਮਿਸਟਰ ਪਾਰਿਜਾਤ ਤੇ ਪੂਰਾ ਯਕੀਨ ਹੈ।'

ਉਹ ਸਹਿਮਤੀ ਨਾਲ ਬੋਲੇ।

ਇਸ ਤੋਂ ਬਾਅਦ ਮੀਟਿੰਗ ਸਮਾਪਤ ਹੋ ਗਈ।

ਕਮਰੇ ਵਿਚ ਮੈਂ ਤੇ ਅਮਰੀ ਇਕੱਲੇ ਰਹਿ ਗਏ। ਅਮਰੀ ਥੋੜ੍ਹੀ ਦੇਰ ਤਾਂ ਮੇਰੇ ਵੱਲ ਨੂੰ ਵੇਖਦੀ ਰਹੀ, ਫੇਰ ਅਚਾਨਕ ਉਸ ਨੇ ਮੈਨੂੰ ਗੱਲਵਕੜੀ ਪਾ ਲਈ......

ਇਸ ਤਰ੍ਹਾਂ ਦਿਨ ਬੀਤ ਰਹੇ ਸਨ......ਅਮਰੀ ਅਤੇ ਮੇਰੇ ਵਿਚਕਾਰ ਪਿਆਰ ਪਾਗਲਪਨ ਦੀ ਹੱਦ ਤੱਕ ਵੱਧ ਚੁੱਕਾ ਸੀ। ਉਹ ਦੀਵਾਨੀ ਸੱਚਮੁੱਚ ਮੈਨੂੰ ਬਹੁਤ ਚਾਹੁਣ ਲੱਗ ਪਈ ਸੀ ਅਤੇ ਮੈਨੂੰ ਇਕ ਦਿਨ ਇਸ ਪਿਆਰ ਦੇ ਸਾਗਰ ਨੂੰ ਛੱਡ ਕੇ ਜਾਣਾ ਪੈਣਾ ਏ। ਇਹ ਸੋਚ ਮੇਰਾ ਮਨ ਉਦਾਸ ਹੋ ਜਾਂਦਾ। ਅਜਿਹੀ ਉਦਾਸੀ ਵਿਚ ਅਮਰੀ ਮੇਰੀ ਮਦਦ ਕਰਦੀ। ਉਸਦੇ ਹੁਸੀਨ ਮੁੱਖੜੇ ਨੂੰ ਵੇਖ ਕੇ ਮੇਰੀ ਉਦਾਸੀ ਪਲ ਭਰ ਵਿਚ ਹੀ ਦੂਰ ਹੋ ਜਾਂਦੀ।

'ਪਾਰਿਜਾਤ, ਕਣਕ ਨੂੰ ਮੈਂ ਆਪਣੇ ਹੱਥਾਂ ਨਾਲ ਮਾਰਨਾ ਏ।' ਅਕਸਰ ਅਮਰੀ ਆਖਦੀ।

'ਹਾਂ ਹਾਂ......ਕਿਉਂ ਨਹੀਂ ?' ਮੈਂ ਉਸ ਨੂੰ ਭਰੋਸਾ ਦਿਵਾਉਂਦਾ। ਉਸ ਦੇ ਦਿਲ ਵਿਚ ਜਲ ਰਹੀ ਅੱਗ ਤੋਂ ਮੈਂ ਭਲੀ ਭਾਂਤ ਜਾਣੂੰ ਸਾਂ ਅਤੇ ਉਸ ਦੀਆਂ ਭਾਵਨਾਵਾਂ ਸਮਝਦਾ ਸਾਂ। ਮੈਨੂੰ ਇਹ ਵੀ ਪਤਾ ਸੀ ਕਿ ਉਹ ਇਕ ਬਹਾਦਰ ਲੜਕੀ ਹੈ ਅਤੇ ਉਸ ਦਾ ਦਿਲ ਕਾਫ਼ੀ ਮਜ਼ਬੂਤ ਹੈ। ਜਿੱਧਰ ਇਕ ਪਾਸੇ ਉਸ ਦੇ ਦਿਲ ਵਿਚ ਪਿਆਰ ਦੀਆਂ ਭਾਵਨਾਵਾਂ ਸਨ, ਉਧਰ ਦੂਸਰੇ ਹੀ ਪਾਸੇ ਉਸ ਦੇ ਦਿਲ ਵਿਚ ਬਦਲੇ ਦੀ ਜਵਾਲਾ ਬਲਦੀ ਹੋਈ ਪਲ ਪਲ ਉੱਚੀ ਉੱਠਦੀ ਜਾ ਰਹੀ ਸੀ।

ਫੇਰ ਵਕਤ ਨੇ ਕਰਵਟ ਬਦਲੀ ਅਤੇ ਉਹ ਦਿਨ ਵੀ ਆ ਗਿਆ, ਮੇਰੇ ਇਮਤਿਹਾਨ ਦਾ ਦਿਨ......

ਕਣਕ ਠੀਕ ਹੋ ਚੁੱਕਾ ਸੀ ਤੇ ਆਪਣੇ ਵਹਿਸ਼ੀਪੁਣੇ ਵਿਚ ਮੁੜਕੇ ਆ ਚੁੱਕਾ ਸੀ। ਉਸ ਦਿਨ, ਮੈਂ ਗੁਪਤ ਰੂਪ ਵਿਚ ਕਰੀਨਾ ਸ਼ਹਿਰ ਵਿਚ ਘੁੰਮ ਰਿਹਾ ਸੀ, ਤਾਂ ਅਚਾਨਕ ਇਕ ਉਜਾੜ ਜਿਹੀ ਜਗ੍ਹਾ 'ਚੋਂ ਮੈਨੂੰ ਘੁਟਵੀਂ ਜਿਹੀ ਚੀਖ਼ ਸੁਣਾਈ ਦਿੱਤੀ। ਇਹ ਉਜਾੜ ਜਗ੍ਹਾ ਕਿਸੇ ਮਹਿਲ ਦੇ ਖੰਡਰ ਸਨ। ਮੈਂ ਉੱਧਰ ਗਿਆ ਤਾਂ ਇਕ ਯੁਵਤੀ ਅਤਿਅੰਤ ਜ਼ਖ਼ਮੀ ਹਾਲਤ ਵਿਚ ਦਮ ਤੋੜ ਰਹੀ ਸੀ। ਉਸਦੇ ਜਿਸਮ ਦੇ ਕਪੜੇ ਚੀਥੜੇ-ਚੀਥੜੇ ਹੋ ਚੁੱਕੇ ਸਨ, ਅਤੇ ਉਸਦੇ ਨਾਜ਼ੁਕ ਸਰੀਰ ਤੇ ਬਹੁਤ ਝਰੀਟਾਂ ਪਈਆਂ ਹੋਈਆਂ ਸਨ। ਉਸ ਨੂੰ ਬੁਰੀ ਤਰ੍ਹਾਂ ਮਸਲਿਆ ਗਿਆ ਸੀ।

ਮੈਂ ਦੌੜ ਕੇ ਉਸ ਕੋਲ ਪੁੱਜਿਆ।

'ਪਾ......ਣੀ......।' ਆਖਦੀ ਹੋਈ ਉਹ ਮੌਤ ਦੇ ਰਹੱਸਮਈ ਰਾਹਾਂ ਦੀ ਰਾਹੀ ਬਣ ਗਈ। ਮੇਰੀਆਂ ਅੱਖਾਂ ਵਿਚ ਖ਼ੂਨ ਉੱਤਰ ਆਇਆ। ਤਦੇ ਮੇਰੀ ਨਜ਼ਰ ਪੈਰਾਂ ਦੇ ਚਾਰ ਜੋੜੀ ਨਿਸ਼ਾਨਾ ਤੇ ਪਈ। ਉਹ ਨਿਸ਼ਾਨ ਖੰਡਰ ਦੀ ਦੀਵਾਰ ਦੇ ਪਿਛੇ ਜਾ ਕੇ ਖ਼ਤਮ ਹੁੰਦੇ ਸਨ।

ਮੈਨੂੰ ਕੁੱਝ ਕੁ ਵਿਅਕਤੀਆਂ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ, ਤਾਂ ਮੈਂ ਇਕ ਪਾਸਿਉਂ ਵੇਖਿਆ ਕਿ ਉਹ ਕਣਕ ਦੇ ਸੈਨਿਕ ਸਨ। ਗਿਣਤੀ ਸੀ ਚਾਰ......। ਅਤੇ ਇਥੇ ਬੈਠੇ ਸ਼ਰਾਬ ਦਾ ਸੇਵਨ ਕਰ ਰਹੇ ਸਨ।

ਉਹਨਾਂ ਵਿਚੋਂ ਇਕ ਕਹਿ ਰਿਹ ਸੀ......।

'ਯਾਰ ਉਹ ਯੁਵਤੀ ਤਾਂ......!

ਮੇਰੀਆਂ ਅੱਖਾਂ ਸਾਹਮਣੇ ਇਕ ਹਸੀਨ ਯੁਵਤੀ ਦੀ ਰਕਤ ਰੰਜਿਤ ਲਾਸ਼ ਤੈਰ ਗਈ। ਮੈਂ ਆਪਣੀ ਜੇਬ 'ਚੋਂ ਲੇਜ਼ਰ ਕਿਰਨਾਂ ਉਗਲਣ ਵਾਲਾ ਪਿਸਤੌਲ ਕੱਢ ਲਿਆ ਅਤੇ ਉਹਨਾਂ ਦੇ ਸਾਹਮਣੇ ਜਾ ਖੜੋਤਾ। ਇਸ ਤੋਂ ਪਹਿਲਾਂ ਕਿ ਉਹ ਕੁੱਝ ਸੋਚ ਸਕਦੇ—ਮੇਰੇ ਪਿਸਤੌਲ 'ਚੋਂ ਲੇਜ਼ਰ ਕਿਰਨਾਂ ਨਿਕਲ, ਵਾਰੀ ਵਾਰੀ ਉਹਨਾਂ ਚਾਰਾਂ ਨੂੰ ਮੌਤ ਦੀਆਂ ਡੂੰਘੀਆਂ ਗੁਫਾਵਾਂ ਵੱਲ ਖਿੱਚ ਕੇ ਲੈ ਗਈਆਂ।

ਮੈਂ ਭਰੇ ਮਨ ਨਾਲ ਅਮਰੀ ਕੋਲ ਵਾਪਸ ਪਰਤ ਆਇਆ।

'ਕੀ ਗੱਲ ਉਦਾਸ ਏਂ.........?

'ਅਮਰੀ, ਆਪਣੇ ਆਪ ਨੂੰ ਅਗਲੇਰੀਆਂ ਪ੍ਰਸਥਿੱਤੀਆਂ ਵਾਸਤੇ ਤਿਆਰ ਕਰ ਲੈ। ਕਲ੍ਹ ਕਣਕ ਦੀ ਜ਼ਿੰਦਗੀ ਦਾ ਆਖਰੀ ਦਿਨ ਹੋਵੇਗਾ। ਤੂੰ ਆਪਣੇ ਦਿਲ ਨੂੰ ਮਜ਼ਬੂਤ ਕਰ ਲੈ...।'

'ਇਹ ਦਿਲ ਲਹੂ ਵੇਖਣ ਦਾ ਤਾਂ ਉਸ ਦਿਨ ਹੀ ਆਦੀ ਹੋ ਗਿਆ ਸੀ, ਜਿਸ ਦਿਨ ਲਹੂ 'ਚ ਸਨੀ, ਮੈਂ ਆਪਣੇ ਪਿਤਾ ਦੀ ਲਾਸ਼ ਵੇਖੀ ਸੀ।' ਅਮਰੀ ਆਪਣੀ ਅਵਾਜ਼ ਨੂੰ ਸੰਯਤ ਕਰਦਿਆਂ ਬੋਲੀ।

ਉਸ ਦਿਨ ਰਾਤ ਨੂੰ 'ਸੁਤੰਤਰਤਾ ਦੀ ਜੋਤੀ' ਦੇ ਸਾਰੇ ਮੈਂਬਰਾਂ ਦੀ ਮੀਟਿੰਗ ਹੋਈ।

'ਸੁਤੰਤਰਤਾ ਦੇ ਪੁਜਾਰੀਓ, ਕਲ੍ਹ ਆ ਦਿਨ ਤੁਹਾਡੇ ਵਾਸਤੇ ਆਜ਼ਾਦੀ ਦੇ ਨਵੇਂ ਤਰਾਨੇ ਸਿਰਜੇਗਾ।' ਅਤੇ ਇੰਨਾ ਕਹਿ ਕੇ ਮੈਂ ਉਹਨਾਂ ਨੂੰ ਦੱਸ ਦਿੱਤਾ ਕਿ ਕਲ੍ਹ ਨੂੰ ਰਾਜ ਮਹਿਲ ਤੇ ਧਾਵਾ ਬੋਲ ਦੇਣਾ ਹੈ।

'ਅਸੀਂ ਇਸ ਕੰਮ ਵਿਚ ਕਿੰਨਾ ਕੁ ਹਿੱਸਾ ਪਾ ਸਕਦੇ ਹਾਂ ?'

'ਬੱਸ ਇੰਨਾ ਹੀ ਕਿ ਤੁਸੀਂ ਦੁਆ ਕਰੋ ਕਿ ਸਾਡੀ ਜਿੱਤ ਹੋਵੇ। ਹਾਂ ਆਪਣੇ 'ਚੋਂ ਪੰਜ ਨਿਪੁੰਨ ਸੈਨਿਕ ਤਿਆਰ ਕਰ ਦਿਓ।'

'ਠੀਕ ਹੈ !' ਇਕ ਸਾਥ ਅਵਾਜ਼ਾਂ ਉੱਭਰੀਆਂ।

ਰਾਤ, ਗੁਜ਼ਰ ਗਈ ਤੇ ਨਵਾਂ ਦਿਨ ਚੜ੍ਹ ਗਿਆ, ਜਿਸ ਨੂੰ ਅਮਰੀ ਡੇਢ੍ਹ ਸਾਲ ਤੋਂ ਉਡੀਕ ਰਹੀ ਸੀ। ਉਹ ਸਵੇਰੇ ਜਲਦੀ ਹੀ ਮੈਨੂੰ ਉਠਾਉਣ ਆ ਗਈ। ਮੈਂ ਛੇਤੀਂ ਹੀ ਤਿਆਰ ਹੋ ਗਿਆ। ਇੰਨੇ ਨੂੰ ਧਰੁਵ ਤੇ ਪੰਜ ਹੋਰ ਸੈਨਿਕ ਆ ਗਏ, ਜਿਨ੍ਹਾਂ ਨੇ ਇਸ ਮਿਸ਼ਨ ਵਿਚ ਸਾਡਾ ਸਾਥ ਦੇਣਾ ਸੀ।

ਅਮਰੀ ਨੇ ਇਕ ਵਾਰ ਆਪਣੇ ਪਿਤਾ ਜੀ ਦੀ ਤਸਵੀਰ ਨੂੰ ਪ੍ਰਣਾਮ ਕੀਤਾ ਅਤੇ ਆਖਿਆ—

'ਚਲੋ ਪਾਰਿਜਾਤ, ਮੈਂ ਤਿਆਰ ਹਾਂ।'

ਅਸੀਂ ਗੁਫ਼ਾ 'ਚੋਂ ਬਾਹਰ ਆ ਕੇ ਬੁਲੇਟ ਕਾਰ ਵਿਚ ਸਵਾਰ ਹੋ ਗਏ।

ਪਲ ਭਰ ਵਿਚ ਹੀ ਸਾਡੀ ਕਾਰ ਰਾਜ ਮਹਿਲ ਦੇ ਸਾਹਮਣੇ ਜਾ ਰੁਕੀ। ਅਸੀਂ ਅੱਠ ਬੰਦੇ ਜਲਦੀ ਬਾਹਰ ਨਿਕਲੇ ਅਤੇ ਰਾਜ ਮਹਿਲ ਦੇ ਪ੍ਰਵੇਸ਼ ਦੁਆਰ ਤੇ ਜਾ ਪੁੱਜੇ।

ਦਸ ਪੰਦਰਾਂ ਸੈਨਿਕ ਦੌੜ ਕੇ ਸਾਡੇ ਵੱਲ ਆਏ। ਉਹਨਾਂ ਸਾਡੇ ਵਲ, ਨੂੰ ਗੰਨਜ਼ ਤਾਣ, ਦਿੱਤੀਆਂ।

'ਹੇ......ਕਿਹਨੂੰ ਮਿਲਣੈ ?"

ਸਾਡੇ ਮੂੰਹਾਂ ਨੇ ਕੋਈ ਉੱਤਰ ਨਾ ਦਿੱਤਾ। ਸਾਡੀਆਂ ਗੰਨਜ਼ ਹੀ ਚੱਲੀਆਂ, ਅਤੇ ਵਾਤਾਵਰਣ ਵਿਚ ਕਈ ਮਾਨਵੀ ਚੀਖ਼ਾਂ ਫੈਲ ਗਈਆਂ। ਅਸੀਂ ਪ੍ਰਵੇਸ਼ ਦੁਆਰ ਖੋਲ੍ਹਿਆ ਤੇ ਰਾਜ ਮਹਿਲ ਦੇ ਅੰਦਰ ਵਲ ਨੂੰ ਦੌੜ ਪਏ। ਮਹਿਲ ਦੇ ਅੰਦਰ ਖ਼ਤਰੇ ਦਾ ਸਾਇਰਨ ਵੱਜ ਚੁੱਕਾ ਸੀ। ਮਹਿਲ ਵਿਚ ਫੈਲਿਆ ਸੈਨਿਕ ਅਮਲਾ ਬਾਹਰ ਵਲ ਨੂੰ ਆ ਰਿਹਾ ਸੀ।

ਮਹਿਲ ਅੰਦਰੋਂ ਕਾਫ਼ੀ ਵਿਸ਼ਾਲ ਸੀ। ਅਸੀਂ ਮਹਿਲ ਦੀ ਰਾਹਦਾਰੀ ਵਿਚ ਦੌੜ ਰਹੇ ਸਾਂ। ਸਾਡੇ ਸਾਹਮਣੇ ਪੰਜਾਹ ਸੱਠ ਸੈਨਿਕ ਖੜੇ ਸਨ। ਅਸੀਂ ਰਾਹਦਾਰੀ 'ਚ ਬਣੇ ਸਤੰਭਾਂ ਦੇ ਪਿੱਛੇ

ਪੁਜ਼ੀਸ਼ਨਾਂ ਲਈਆਂ ਅਤੇ ਆਪਣੇ ਵੱਲ ਵੱਧ ਰਹੇ ਸੈਨਿਕਾਂ ਤੇ ਧੜਾ ਧੜ ਲੇਜ਼ਰ ਕਿਰਨਾਂ ਦੀ ਬਰਸਾਤ ਕਰ ਦਿੱਤੀ। ਥੋੜ੍ਹੀ ਦੇਰ ਧੂਆਂ ਜਿਹਾ ਉੱਠਿਆ ਤੇ ਚੀਖ਼ਾਂ ਜਿਹੀਆਂ ਫੈਲੀਆਂ.......।

ਅਸੀਂ ਮੌਤ ਦੇ ਧੂਏਂ ਅਤੇ ਚੀਖ਼ਾਂ ਨੂੰ ਚੀਰਦੇ ਅੱਗੇ ਵਧੀ ਜਾ ਰਹੇ ਸਾਂ। ਅਮਰੀ ਨੂੰ ਕਣਕ ਦੇ ਕਮਰੇ ਦਾ ਪਤਾ ਸੀ। ਉਹ ਉਧਰ ਨੂੰ ਵਧਣ ਲੱਗੀ।

ਰਸਤੇ ਵਿਚ ਫਿਰ ਸਾਡਾ ਮੌਤ ਨਾਲ ਆਹਮਣਾ ਸਾਹਮਣਾ ਹੋ ਗਿਆ ਤੇ ਇਸ ਵਾਰ ਭਾਵੇਂ ਦੁਸ਼ਮਣ ਦੇ ਸੈਨਿਕ ਮਾਰੇ ਗਏ ਪਰ ਸਾਡੇ ਵੀ ਚਾਰ ਬੰਦੇ ਮੌਤ ਨੂੰ ਗੱਲਵੱਕੜੀ ਪਾ ਗਏ।

ਹੁਣ ਅਸੀਂ ਚਾਰ ਹੀ ਬਚੇ ਸੀ।

ਅਸੀਂ ਕਣਕ ਦੇ ਕੇਮਰੇ ਸਾਹਮਣੇ ਪੁੱਜ ਗਏ। ਉਸਦੇ ਕਮਰੇ ਮੂਹਰੇ ਚਾਰ ਸੈਨਿਕ ਹੀ ਸਨ, ਜਿਹੜੇ ਝੱਟ ਮੌਤ ਦੀ ਧੁੰਦ 'ਚ ਰਲ ਗਏ।

ਕਣਕ ਪਿਛਲੇ ਪਾਸਿਉਂ ਨੱਠਣ ਦੀਆਂ ਤਿਆਰੀਆਂ ਕਰ ਰਿਹਾ ਸੀ, ਅਚਾਨਕ ਅਸੀਂ ਜਾ ਕੇ ਉਸ ਦਾ ਰਸਤਾ ਰੋਕ ਲਿਆ। ਉਸ ਨੇ ਆਪਣੀ ਗੰਨ ਕੱਢੀ ਤੇ ਲੇਜ਼ਰ ਕਿਰਨਾਂ ਅਮਰੀ ਵੱਲ ਨੂੰ ਛੱਡ ਦਿੱਤੀਆਂ। ਮੈਂ ਅਮਰੀ ਨੂੰ ਲੈ ਕੇ ਇਕ ਪਾਸੇ ਨੂੰ ਕੁੱਦ ਗਿਆ। ਲੇਜ਼ਰ ਕਿਰਨਾਂ ਮੇਰੀ ਬਾਂਹ ਦੇ ਕੋਲ ਦੀ ਲੰਘ ਗਈਆਂ, ਫੇਰ ਮੈਂ ਕਮਰੇ ਦੇ ਦਰਵਾਜ਼ੇ ਵੱਲ ਨੂੰ ਛਲਾਂਗ ਲਗਾ ਦਿੱਤੀ। ਕਣਕ ਨੇ ਮੇਰੇ ਤੇ ਲੇਜ਼ਰ ਕਿਰਨ ਛੱਡੀ ਅਤੇ ਉਸੇ ਵੇਲੇ ਅਮਰੀ ਨੇ ਉਸ ਨੂੰ ਆਪਣੀ ਗੰਨ ਦਾ ਨਿਸ਼ਾਨਾ ਬਣਾ ਦਿੱਤਾ...

ਅਤੇ ਮੇਰੇ ਵੱਲ ਆਉਂਦੀ ਲੇਜ਼ਰ ਕਿਰਨ ਦਾ ਰਸਤਾ ਧਰੁਵ ਤੇ ਉਸ ਦੇ ਸਾਥੀ ਨੇ ਆਪਣੀਆਂ ਗੰਨਜ਼ ਨਾਲ ਬਦਲ ਦਿੱਤਾ।

ਕਣਕ ਦਾ ਅੰਤ ਹੋ ਚੁੱਕਾ ਸੀ...

ਅਮਰੀ ਦੀ ਜਿੱਤ ਹੋਈ ਸੀ ਅਤੇ ਉਸ ਦੇ ਪਿਤਾ ਤੋਂ ਖੋਹਿਆ ਗਿਆ ਰਾਜ ਅੱਜ ਉਸ ਨੂੰ ਵਾਪਸ ਮਿਲ ਗਿਆ ਸੀ।

ਸਾਰੇ ਬ੍ਰੀਨੀਅਸ ਰਾਜ ਵਿਚ ਖ਼ੁਸ਼ੀ ਦੀ ਲਹਿਰ ਦੌੜ ਗਈ ਸੀ। ਉਹ ਆਪਣੀ ਨਵੀਂ ਸ਼ਾਸਕ ਨੂੰ ਪਾ ਕੇ ਬਹੁਤ ਖ਼ੁਸ਼ ਸਨ।

ਉਹ ਦਿਨ ਅਤੇ ਉਹ ਰਾਤ ਖ਼ੁਸ਼ੀਆਂ ਵਿਚ ਹੀ ਬੀਤ ਗਈ।

'ਮੈਂ ਤੇਰਾ ਕਿਵੇਂ ਧੰਨਵਾਦ ਕਰ ਸਕਦੀ ਹਾਂ?' ਅਮਰੀ ਮੇਰੇ ਨਾਲ ਲਿਪਟਦੀ ਬੋਲੀ।

'ਫੇਰ ਉਹੀ ਗੱਲ ਆਪਣੇ ਪਿਆਰ ਦਾ ਵੀ ਕੋਈ ਸ਼ੁਕਰੀਆ ਕਰਦੈ?'

'ਪਾਰਿਜਾਤ ਇਹ ਰਾਜ ਤੇਰਾ ਜਿੱਤਿਆ ਹੋਇਆ ਏ। ਤੂੰ ਹੀ ਬ੍ਰੀਨੀਅਸ ਦਾ ਅਮਲੀ ਸ਼ਾਸਕ ਹੈਂ।'

'ਨਹੀਂ', ਅਮਰੀ ਇਹ ਰਾਜ ਸਿਰਫ਼ ਤੇਰਾ ਏ!'

'ਪਾਰਿਜਾਤ, ਠੀਕ ਹੈ! ਪਰ ਤੂੰ ਮੇਰੇ ਤੋਂ ਕਦੇ ਅੱਡ ਤਾਂ ਨਹੀਂ ਹੋਵੇਗਾ?' ਉਸ ਦੀਆਂ ਅੱਖਾਂ ਵਿਚ ਅਚਾਨਕ ਨਮੀ ਤੈਰ ਆਈ।

'ਨਹੀਂ ਅਮਰੀ, ਮੈਂ ਸਦਾ ਤੇਰੇ ਕੋਲ ਰਹਾਂਗਾ।' ਮੈਂ ਹੁਣ ਅਮਰੀ ਕੋਲ ਹੀ ਹਮੇਸ਼ਾ ਵਾਸਤੇ ਰਹਿਣ ਬਾਰੇ ਸੋਚ ਲਿਆ ਸੀ। ਉਸ ਵੇਲੇ ਮੈਂ ਭੁੱਲ ਗਿਆ ਸਾਂ ਕਿ ਇਹ ਸੰਭਵ ਨਹੀਂ ਹੋ ਸਕਦਾ। ਪਰ ਪਿਆਰ 'ਚ ਪਾਗਲ ਵਿਅਕਤੀ ਸਭ ਕੁਝ ਭੁਲ ਜਾਂਦਾ ਏ।

ਉਸੇ ਵਕਤ ਮੇਰੇ ਦਿਮਾਗ ਵਿਚ ਪਿਆ ਮਾਈਕਰੋ ਕੈਪਸੂਲ ਆਵਾਜ਼ ਕਰਨ ਲੱਗ ਪਿਆ। ਪ੍ਰਿਥਵੀ ਤੋਂ ਮਾਸਟਰ ਕੰਪਿਊਟਰ ਦੀ ਆਵਾਜ਼ ਆਈ—

'ਪਾਰਿਜਾਤ, ਤੂੰ ਭੁੱਲ ਰਿਹਾ ਏਂ ਆਪਣਾ ਮਿਸ਼ਨ, ਜੋ ਤੇਰੇ ਮਨ 'ਚ ਏ। ਇਹ ਚੀਜ਼ ਸੰਭਵ ਨਹੀਂ ਹੋ ਸਕਦੀ, ਤੂੰ ਭਵਿੱਖ ਦੀ ਦੁਨੀਆਂ ਵਿਚ ਨਹੀਂ ਰਹਿ ਸਕਦਾ। ਤੇਰੇ ਅਸਲ ਵਰਤਮਾਨ ਵਿਚ ਅਸੀਂ ਤੈਨੂੰ ਵਾਪਸ ਬੁਲਾ ਰਹੇ ਹਾਂ।'

'ਨਹੀਂ...!' ਮੈਂ ਜ਼ੋਰ ਦੇਣੀਂ ਚੀਖਿਆ।

ਅਚਾਨਕ ਮੇਰੇ ਸਰੀਰ ਵਿਚ ਕਮਜ਼ੋਰੀ ਛਾ ਗਈ ਅਤੇ ਮੈਂ ਜ਼ਮੀਨ ਤੇ ਡਿੱਗ ਪਿਆ। ਅਮਰੀ ਨੇ ਦੌੜ ਕੇ ਮੈਨੂੰ ਆਪਣੀ ਆਗੋਸ਼ 'ਚ ਲੈ ਲਿਆ।

'ਪਾਰਿਜਾਤ...ਪਾਰਿਜਾਤ।'

'ਅਮਰੀ...ਸਾਡੇ ਵਿਛੜਨ ਦਾ ਵਕਤ ਆ ਗਿਆ ਏ।'

'ਨਹੀਂ ਇਹ ਨਹੀਂ ਹੋ ਸਕਦਾ।' ਅਮਰੀ ਲਗਭਗ ਰੋਣ ਹੀ ਲੱਗ ਪਈ।

'ਹਾਂ, ਅਮਰੀ ਇਹ ਇਕ ਕਠੋਰ ਸੱਚ ਏ। ਮੈਂ ਭੁੱਲ ਗਿਆ ਸਾਂ ਕਿ ਮੈਂ ਮਾਨਵ ਰੂਪੀ ਇਕ ਮਸ਼ੀਨ ਹੀ ਤਾਂ ਹਾਂ ਅਤੇ ਮਰ ਚੁਕਿਆ ਅਤੀਤ ਕਦੇ ਵਾਪਿਸ ਨਹੀਂ ਆਉਂਦਾ। ਹਾਂ...ਅਮਰੀ ਮੈਂ ਉਹੀ ਮਰ ਚੁਕਿਆ ਅਤੀਤ ਹਾਂ।'

'ਉਹ ਨਹੀਂ...ਪਾਰਿਜਾਤ! ਤੂੰ ਮੈਥੋਂ ਵੱਖ ਨਹੀਂ ਹੋ ਸਕਦੋਂ!'

'ਅਮਰੀ, ਯਥਾਰਥ ਦੀ ਧਰਾਤਲ ਤੇ ਉੱਤਰ ਕੇ ਸਮਝਣ ਦੀ ਕੋਸ਼ਿਸ਼ ਕਰੋ।'

'ਨਹੀਂ...ਮੈਂ ਕੁਝ ਸਮਝਣਾ ਨਹੀਂ ਚਾਹੁੰਦੀ।'

'ਅਮਰੀ ਮੈਨੂੰ ਆਪਣੀ ਇਕ ਫੋਟੋ ਦੇਵੀਂ।'

ਇਕ ਸੈਨਿਕ ਦੌੜ ਕੇ ਅਮਰੀ ਦਾ ਇਕ ਲੇਜ਼ਰ ਹੋਲੋਗਰਾਫ (Three dimensional Photograph) ਲੈ ਆਇਆ ਤੇ ਉਸ ਨੇ ਮੈਨੂੰ ਦੇ ਦਿੱਤਾ।

'ਦੇਖੀਂ...ਅਮਰੀ ਮੈਨੂੰ ਸਦਾ ਚੇਤੇ ਰੱਖੀਂ...।'

ਇਹ ਮੇਰੇ ਅੰਤਿਮ ਸ਼ਬਦ ਸ਼ਨ। ਅਮਰੀ ਉਸ ਵਕਤ ਫੁੱਟ ਫੁੱਟ ਕੇ ਰੋ ਰਹੀ ਸੀ।

ਮਾਸਟਰ ਕੰਪਿਊਟਰ ਨੇ ਮੈਨੂੰ ਪ੍ਰਿਥਵੀ ਤੇ ਵਾਪਿਸ ਬੁਲਾ ਲਿਆ ਸੀ।

ਮੈਨੂੰ ਕੰਟਰੋਲ ਰੂਮ ਦੇ ਇਕ ਬੈੱਡ ਤੇ ਹੋਸ਼ ਆਇਆ। ਮੇਰੇ ਗਿਰਦ ਮੇਰੇ ਮਾਲਿਕ ਡਾਕਟਰ ਸਾਈਕੀ ਅਤੇ ਫਿਰੋਜ਼ ਖੜ੍ਹੇ ਸਨ। ਉਹ ਹਮੇਸ਼ਾ ਦੀ ਤਰ੍ਹਾਂ ਮੁਸਕਰਾ ਰਹੇ ਸਨ।

'ਪਾਰਿਜਾਤ! ਠੀਕ ਤਾਂ ਏ?'

'ਹਾਂ !' ਮੈਂ ਹੌਲੀ ਦੇਣੀ ਆਖਿਆ ।

'ਇਸ ਵਾਰ ਜਿਹੜਾ ਤੂੰ ਲੇਜ਼ਰ ਹੋਲੋਗਰਾਫ਼ ਲੈ ਕੇ ਆਇਆ ਏਂ, ਉਹ ਮਾਰਕੀਟ ਵਿਚ ਬਹੁਤ ਮਹਿੰਗਾ ਵਿਕੇਗਾ ।

'ਬਹੁਤ ਖ਼ੂਬਸੂਰਤ ਹੈ ਨਾ' ਸਾਇਨੀ ਬੋਲਿਆ ।

'ਨਹੀਂ...ਮੈਂ ਉਹ ਵੇਚਣ ਨਹੀਂ ਦੇਵਾਂਗਾ ।'

ਤਦੇ ਦਰਵਾਜ਼ੇ ਤੇ ਕਿਰਨ ਦੀ ਆਕ੍ਰਿਤੀ ਨਜ਼ਰ ਆਈ । ਕਿਰਨ ਮੇਰੀ ਜੀਵਨ ਸੰਗਿਨੀ । ਉਸ ਨੇ ਲੇਜ਼ਰ ਹੋਲੋਗਰਾਫ਼ ਵੇਖਿਆ ਤਾਂ ਉਹ ਜ਼ੋਰ ਨਾਲ ਚੀਖ਼ੀ—

'ਪਾਰਿਜਾਤ, ਇਹ ਮੇਰੀ ਫੋਟੋ ਕਿਵੇਂ ਆ ਗਈ ਇਥੇ ?'

ਮੈਂ ਬੈੱਡ ਤੋਂ ਉਠਿਆ ਅਤੇ ਉਸ ਤੋਂ ਲੇਜ਼ਰ ਹੋਲੋਗਰਾਫ਼ ਲੈ ਕੇ ਵੇਖਿਆ । ਉਹ ਬਿਲਕੁਲ ਕਿਰਨ ਨਾਲ ਮਿਲਦਾ ਜੁਲਦਾ ਸੀ । ਮੇਰੀਆਂ ਅੱਖਾਂ ਸਾਹਮਣੇ ਸਾਰੇ ਦ੍ਰਿਸ਼ ਸਾਫ਼ ਹੋ ਗਏ ।

'ਹੇ ਅਮਰੀ, ਮੈਂ ਵਾਪਸ ਤੇਰੇ ਕੋਲ ਆ ਗਿਆ ਹਾਂ ।' ਇੰਨਾ ਕਹਿ ਕੇ ਮੈਂ ਕਿਰਨ ਦੀ ਗੋਦ ਵਿਚ ਆਪਣਾ ਸਿਰ ਟਿਕਾ ਦਿੱਤਾ । ਉਸੇ ਵੇਲੇ ਮੇਰੇ ਦਿਲ ਤੇ ਅਮਰੀ ਦੀ ਯਾਦ ਦੇ ਬੱਦਲ ਛਾ ਗਏ ਸਨ ।

ਕਿਰਨ ਆਪਣੀਆਂ ਅੱਖਾਂ ਵਿਚ ਡੂੰਘੀ ਹੈਰਾਨੀ ਦੇ ਭਾਵ ਸਮੇਟੀ, ਮੇਰੇ ਵੱਲ ਨੂੰ ਅਪਲਕ ਵੇਖ ਰਹੀ ਸੀ...

# ਮਰਜੀਵੜੇ

(ਉਹਨਾਂ ਪਰਵਾਨਿਆਂ ਦੇ ਨਾਂ ਜਿਹੜੇ ਸ਼ਮਾ 'ਚ ਜਲਣ ਲਈ ਬੇਧੜਕ ਕੁੱਦ ਪੈਂਦੇ ਹਨ !)

ਘਟਨਾ-ਕ੍ਰਮ

(12 ਅਕਤੂਬਰ, 2202)

**ਫੇਕਟਰੀ** ਤੋਂ ਹੁਣੇ ਹੀ ਘਰ ਪਰਤਿਆ ਹਾਂ **ਮੈਂ** । ਰਾਤ ਕਾਫ਼ੀ ਹੋ ਚੁੱਕੀ ਹੈ, ਪਰ ਅਮਰ (ਮੇਰਾ ਲੜਕਾ) ਅਜੇ ਵੀ ਘਰ ਨਹੀਂ ਪਰਤਿਆ। ਪਤਾ ਨਹੀਂ ਇਹ ਮੁੰਡਾ ਸਾਰਾ ਸਾਰਾ ਦਿਨ ਕਿਥੇ ਭਟਕਦਾ ਰਹਿੰਦਾ ਹੈ ? ਮੈਨੂੰ ਤਾਂ ਕੁਝ ਸਮਝ ਨਹੀਂ ਆਉਂਦੀ। ਕਿਧਰੇ ਗ਼ਲਤ ਲੋਕਾਂ ਦੇ ਹੱਥੇ ਨਾ ਚੜ੍ਹ ਜਾਵੇ। ਦਰਅਸਲ ਬਿਨ ਮਾਂ ਦੇ ਬੱਚਿਆਂ ਦਾ ਇਹੀ ਹਾਲ ਹੁੰਦਾ ਹੈ। ਕੋਈ ਪਿਤਾ ਮਾਂ ਦਾ ਫਰਜ਼ ਕਿਵੇਂ ਨਿਭਾ, ਸਕਦਾ ਹੈ ? ਮੈਂ ਉਸ ਨੂੰ ਪੂਰਾ ਪਿਆਰ ਨਹੀਂ ਦੇ ਸਕਿਆ। ਇਸ ਗੱਲ ਦਾ ਹੁਣ ਮੈਨੂੰ ਅਫ਼ਸੋਸ ਹੁੰਦਾ ਹੈ ! ਜੇ ਉਹ ਗ਼ਲਤ ਸੰਗਤ 'ਚ ਫਸ ਗਿਆ ਹੈ ਤਾਂ ਇਸ ਵਿਚ ਮੇਰਾ ਵੀ ਕਸੂਰ ਹੈ ।

ਰਿੱਕੀ (ਰੋਬਟ) ਖਾਣਾ ਗਰਮ ਰੱਖਣ ਲੱਗਦਾ ਹੈ ਤਾਂ ਮੈਂ ਉਸ ਨੂੰ ਅਮਰ ਬਾਰੇ ਪੁੱਛਦਾ ਹਾਂ।

'ਸਰ ! ਉਹ ਦੱਸ ਕੇ ਨਹੀਂ ਗਿਆ । ਆਪਣਾ ਏਅਰ ਕਰਾਫਟ ਲੈ ਕੇ ਪਤਾ ਨਹੀਂ ਕਿਧਰ ਚਲਿਆ ਗਿਆ ਹੈ ? ਮੈਂ ਪੁੱਛਣ ਦੀ ਕੋਸ਼ਿਸ਼ ਕੀਤੀ ਸੀ ਪਰ ਉਸ ਨੇ ਮੈਨੂੰ ਦਸਿਆ ਨਹੀਂ।'

'ਉਹ...!' ਮੈਂ ਠੰਡਾ ਸਾਹ ਭਰਦਾ ਹਾਂ।

ਮੈਨੂੰ ਚਿੰਤਾ ਹੋਣ ਲਗਦੀ ਹੈ। ਅਕਾਸ਼ ਵਿਚ ਉੜਨਕਾਰਾਂ ਅਤੇ ਏਅਰ ਕਰਾਫ਼ਟਸ ਦੀ ਭੀੜ ਬਹੁਤ ਵੱਧ ਚੁੱਕੀ ਹੈ। ਆਏ ਦਿਨ ਅਨੇਕਾਂ ਦੁਰਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਰੱਬ, ਸੁੱਖ ਰੱਖੇ।

ਮੈਂ ਡਿਨਰ ਕਰਕੇ, ਆਪਣੇ ਬੈੱਡਰੂਮ ਵਿਚ ਆ ਜਾਂਦਾ ਹਾਂ। ਰਾਤ ਦੇ ਗਿਆਰਾਂ ਵੱਜ ਚੁੱਕੇ ਹਨ। ਮੈਂ ਸੌਣ ਦੀ ਕੋਸ਼ਿਸ਼ ਕਰਦਾ ਹਾਂ ਪਰ ਨੀਂਦ ਮੇਰੀਆਂ ਅੱਖਾਂ ਤੋਂ ਕੋਹਾਂ ਦੂਰ ਹੈ। ਅਮਰ ਦਾ ਫ਼ਿਕਰ ਬਹੁਤ ਸਤਾਈ ਜਾਂਦਾ ਹੈ। ਪਤਾ ਨਹੀਂ ਕਿਥੇ ਹੋਵੇਗਾ ?

ਪਰ ਫੇਰ ਮੈਂ ਸੋਚਦਾ ਹਾਂ ਕਿ ਮੈਂ ਬੇਕਾਰ ਹੀ ਬਹੁਤਾ ਫ਼ਿਕਰ ਕਰ ਰਿਹਾ ਹਾਂ। ਅਮਰ ਹੁਣ ਜਵਾਨ ਹੋ ਚੁਕਿਆ ਹੈ। ਇਹੀ ਤਾਂ ਦਿਨ ਨੇ, ਉਸ ਦੇ ਘੁੰਮਣ ਫਿਰਨ ਦੇ।

ਕਾਫ਼ੀ ਦੇਰ ਇੰਝ ਹੀ ਮੈਂ ਖ਼ਿਆਲਾਂ ਦੇ ਸਾਹਿਰਾ ਵਿਚ ਭਟਕਦਾ ਰਹਿੰਦਾ ਹਾਂ। ਉਧੇੜ ਉਮਰ 'ਚ ਆ ਕੇ ਆਦਮੀ ਸੱਚਮੁੱਚ ਸਠਿਆ ਜਾਂਦਾ ਹੈ। ਐਵੇਂ ਹੀ ਮੈਂ ਬਹੁਤਾ ਸੋਚਦਾ ਰਹਿੰਦਾ ਹਾਂ।

ਘਰ ਦੇ ਪਿਛਵਾੜੇ, ਲਗਦਾ ਏ, ਏਅਰ ਕਰਾਫ਼ਟ ਦੇ ਉਤਰਨ ਦੀ ਅਵਾਜ਼ ਆ ਰਹੀ ਹੈ। ਮੈਂ ਖਿੜਕੀ ਰਾਹੀਂ ਵੇਖਦਾ ਹਾਂ। ਵਿੱਕੀ ਹੀ ਹੈ। ਬੜੀ ਮਸਤ ਚਾਲ ਵਿਚ ਤੁਰਿਆ ਆ ਰਿਹਾ ਹੈ। ਕਮੀਜ਼ ਦੇ ਬਟਨ ਖੁੱਲ੍ਹੇ ਹੋਏ ਹਨ ਅਤੇ ਛਾਤੀ ਤੇ ਉਗੀਆਂ ਵਾਲਾਂ ਦੀਆਂ ਹਲਕੀਆਂ ਹਲਕੀਆਂ ਕਰੂੰਬਲਾਂ ਬੜੀਆਂ ਹੀ ਲੁਭਾਵਣੀਆਂ ਲੱਗ ਰਹੀਆਂ। ਜਵਾਨੀ ਦੀ ਮਗਰੂਰੀ ਵਿਚ ਤੁਰਿਆ ਆ ਰਿਹਾ, ਅਮਰ ਸੱਚ ਮੁੱਚ ਹੀ ਬਹੁਤ ਖ਼ੂਬਸੂਰਤ ਲੱਗ ਰਿਹਾ ਹੈ। ਮੈਨੂੰ ਆਪਣੇ ਬੇਟੇ ਤੇ ਰਸ਼ਕ ਹੁੰਦਾ ਹੈ।

ਡਿਨਰ ਕਰਨ ਤੋਂ ਬਾਅਦ, ਅਮਰ ਨੂੰ ਮੈਂ ਆਪਣੇ ਕੋਲ ਬੁਲਾ ਲੈਂਦਾ ਹਾਂ। ਉਹ ਚੁੱਪ ਚਾਪ ਮੇਰੇ ਕੋਲ ਆ ਕੇ ਬੈਠ ਜਾਂਦਾ ਹੈ। ਉਸ ਦੀਆਂ ਅੱਖਾਂ ਵਿਚ ਗੁਲਾਬੀ ਡੋਰੇ ਤੈਰ ਰਹੇ ਹਨ। ਪਰ ਲੱਗਦਾ ਹੈ ਉਸ ਨੇ ਸ਼ਰਾਬ ਨਹੀਂ ਪੀਤੀ। ਅੱਖਾਂ ਦੀ ਲਾਲੀ ਦਾ ਕਾਰਣ ਸ਼ਾਇਦ ਥਕਾਵਟ ਹੈ।

ਉਹ ਖ਼ਾਮੋਸ਼ ਹੈ।

'ਬੇਟੇ, ਕਿਥੇ ਸੀ ਹੁਣ ਤੱਕ ?' ਮੈਂ ਪਿਆਰ ਨਾਲ ਉਸ ਦੇ ਮੋਢੇ ਤੇ ਹੱਥ ਰਖਦਿਆਂ ਆਖਦਾ ਹਾਂ।

'ਡੈਡੀ...ਮੈਂ ਰੀਨਾ ਨਾਲ ਸੀ। ਅਸੀਂ ਅਕਾਸ਼ 'ਚ ਘੁੰਮ ਰਹੇ ਸੀ...।'

'ਓਹ...ਪਰ ਇੰਨੀ ਦੇਰ ਅਕਾਸ਼ 'ਚ ਘੁੰਮਣਾ ਠੀਕ ਨਹੀਂ। ਅੱਜ ਕਲ੍ਹ ਦੁਰਘਟਨਾਵਾਂ ਬਹੁਤ ਵੱਧ ਗਈਆਂ ਹਨ।'

'ਡੈਡੀ...ਤੁਸੀਂ ਘਬਰਾਓ ਨਾ। ਮੈਨੂੰ ਕੁਝ ਨਹੀਂ ਹੁੰਦਾ।'

'ਅਮਰ...ਤੈਨੂੰ ਮੇਰੇ ਪਿਆਰ 'ਚ ਕੋਈ ਕਮੀ ਤਾਂ ਮਹਿਸੂਸ ਨਹੀਂ ਹੋ ਰਹੀ ?'

'ਓਹ...ਹੋ...ਤੁਸੀਂ ਇਹ ਗੱਲ ਕਿਵੇਂ ਸੋਚ ਲਈ ?' ਉਹ ਮੇਰੇ ਨਾਲ ਲਿਪਟਦਿਆਂ ਆਖਦਾ ਹੈ।

'ਤੁਸੀਂ ਤਾਂ ਮੈਨੂੰ ਮੰਮੀ ਦੀ ਯਾਦ ਵੀ ਨਹੀਂ ਆਣ ਦਿੱਤੀ...।' ਇੰਨਾ ਕਹਿੰਦਿਆਂ ਉਸ ਦੀ ਅਵਾਜ਼ ਲੜਖੜਾ ਜਾਂਦੀ ਹੈ।

ਮੈਂ ਉਸ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾ ਲੈਂਦਾ ਹਾਂ। ਸੱਚ ਮੁੱਚ ਮਾਂ-ਮਾਂ ਹੀ ਹੁੰਦੀ ਹੈ ਅਤੇ ਮਾਂ ਦੀ ਯਾਦ ਬੱਚੇ ਨੂੰ ਦੀਵਾਨਾ ਬਣਾ ਦਿੰਦੀ ਹੈ। ਮਾਂ ਹੀ ਤਾਂ ਬੱਚੇ ਨੂੰ ਪਿਆਰ ਦਾ ਪਹਿਲਾ ਹਰਫ਼ ਪੜ੍ਹਾਉਂਦੀ ਹੈ।

ਮੈਂ ਅਮਰ ਨੂੰ ਸੌਣ ਲਈ ਆਖਦਾ ਹਾਂ। ਉਹ ਮੈਨੂੰ ਗੁੱਡ ਨਾਈਟ ਆਖ ਕੇ ਚਲਾ ਜਾਂਦਾ ਹੈ। ਮੈਂ ਜਾ ਰਹੇ ਆਪਣੇ ਬੇਟੇ ਨੂੰ ਅਪਲਕ ਨਿਹਾਰਦਾ ਰਹਿ ਜਾਂਦਾ ਹਾਂ।

13 ਅਕਤੂਬਰ, 2202

ਰਾਤੀਂ ਦੇਰ ਨਾਲ ਸੁੱਤਾ ਹੋਣ ਕਰਕੇ ਮੈਂ ਸਵੇਰੇ ਦੇਰ ਨਾਲ ਉੱਠਿਆ ਹਾਂ। ਰਿੱਕੀ, ਕੁਝ ਦੇਰ ਪਹਿਲਾਂ, ਚਾਹ ਅਤੇ ਅਖ਼ਬਾਰ ਰੱਖ ਗਿਆ ਸੀ। ਮੈਂ ਅਮਰ ਬਾਰੇ ਪੁੱਛਿਆ ਤਾਂ ਉਸ ਨੇ ਦਸਿਆ ਕਿ ਉਹ ਸਵੇਰੇ ਛੇ ਵਜੇ ਦਾ ਹੀ ਏਅਰਕਰਾਫ਼ਟ ਸਮੇਤ ਗ਼ਾਇਬ ਹੈ।

ਅਮਰ ਦਾ ਏਅਰਅਰਾਫ਼ਟ ਕਿੱਧਰੇ ਵੀ ਨਜ਼ਰ ਨਹੀਂ ਆਉਂਦਾ ਹੈ । ਮੈਂ ਟਰਾਂਸਮੀਟਰ ਦੀ ਮਦਦ ਨਾਲ ਅਮਰ ਨਾਲ ਸੰਬੰਧ ਸਥਾਪਿਤ ਕਰਨ ਦੀ ਵੀ ਕੋਸ਼ਿਸ਼ ਕਰਦਾ ਹਾਂ ਪਰ ਅਸਫਲ ਰਹਿੰਦਾ ਹਾਂ ।

ਅੰਤ ਥੱਕ-ਹਾਰ ਕੇ ਮੈਂ 'ਅਕਾਸ਼ੀ ਯਾਤਾਯਾਤ ਨਿਰੀਖਣ ਕੇਂਦਰ' ਪੁੱਜਦਾ ਹਾਂ ਅਤੇ ਉੱਥੋਂ ਦੇ ਸੰਚਾਲਕ ਨੂੰ ਅਮਰ ਬਾਰੇ ਦੱਸਦਾ ਹਾਂ ।

ਉਹ ਮੈਨੂੰ ਲੈ ਕੇ ਕੰਟਰੋਲਰੂਮ ਵਿਚ ਆ ਜਾਂਦਾ ਹੈ ਅਤੇ ਇਕ ਟੀ. ਵੀ. ਸਕਰੀਨ ਸਾਹਮਣੇ ਬੈਠੇ ਅਪਰੇਟਰ ਨੂੰ ਸ਼ਹਿਰ ਦੇ ਉੱਪਰ ਫੈਲਿਆ ਅਕਾਸ਼ ਵੇਖਣ ਲਈ ਆਖਦਾ ਹੈ । ਅਪਰੇਟਰ ਆਸਪਾਸ ਦਾ ਸਾਰਾ ਅਕਾਸ਼ ਛਾਣ ਮਾਰਦਾ ਹੈ । ਪਰ ਅਮਰ ਦਾ ਏਅਰਕਰਾਫ਼ਟ ਵਿਖਾਈ ਨਹੀਂ ਦਿੰਦਾ ।

'ਬੱਸ ਹੁਣ ਤਾਂ ਇਸ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ, ਮਿਸਟਰ ਅਜੀਤ, ਕਿ ਖ਼ਤਰਨਾਕ ਖੇਤਰ ਦੇ ਗਿਰਦ ਤਲਾਸ਼ ਕੀਤੀ ਜਾਵੇ ।'

ਮੈਨੂੰ ਆਪਨਾ ਦਿਲ ਕਿਸੇ ਡੂੰਘੀ ਖਾਈ 'ਚ ਡੁੱਬਦਾ ਪ੍ਰਤੀਤ ਹੁੰਦਾ ਹੈ । ਉਦਾਸ ਮਨ ਨਾਲ ਮੈਂ ਹਾਮੀ ਭਰ ਦਿੰਦਾ ਹਾਂ ।

ਸੰਚਾਲਕ, ਅਪਰੇਟਰ ਨੂੰ ਟੀ. ਵੀ. ਸਕਰੀਨ ਤੇ 'ਖ਼ਤਰਨਾਕ ਖ਼ੇਤਰ' ਦਾ ਦ੍ਰਿਸ਼ ਲਿਆਉਣ ਲਈ ਆਖਦਾ ਹੈ । 'ਖ਼ਤਰਨਾਕ ਖ਼ੇਤਰ' ਦਾ ਦ੍ਰਿਸ਼ ਉੱਭਰਦਾ ਹੈ, ਟੀ. ਵੀ. ਸਕਰੀਨ ਤੇ । ਅਪਰੇਟਰ 'ਖ਼ਤਰਨਾਕ ਖ਼ੇਤਰ' ਦਾ ਆਸਪਾਸ ਛਾਣਬੀਣ ਕਰਦਾ ਹੈ । ਸਿਰਫ਼ ਨੀਲਾ ਅਕਾਸ਼ ਹੀ ਵਿਖਾਈ ਦਿੰਦਾ ਹੈ ।

ਪਰ ਅਚਾਨਕ, ਇਕ ਛੋਟੀ ਜਿਹੀ ਅਕ੍ਰਿਤੀ ਟੀ. ਵੀ. ਸਕਰੀਨ ਤੇ ਸਪੱਸ਼ਟ ਹੁੰਦੀ ਹੈ '

'ਅਪਰੇਟਰ ਉਸ ਅਕ੍ਰਿਤੀ ਤੇ ਕੈਮਰਾ ਫ਼ੋਕਸ ਕਰੋ ।' ਸੰਚਾਲਕ ਆਖਦਾ ਹੈ ।

ਟੀ. ਵੀ, ਸਕਰੀਨ ਤੇ ਅਮਰ ਦੇ ਏਅਰਕਰਾਫ਼ਟ ਦਾ ਚਿੱਤਰ ਉੱਭਰਦਾ ਹੈ । ਲਗਦਾ ਹੈ ਉਹ ਖ਼ਤਰਨਾਕ ਖ਼ੇਤੱਰ ਦੇ ਅੰਦਰ ਘੁੰਮਣ ਦੀ ਕੋਸ਼ਿਸ਼ ਵਿਚ ਹੈ ।

ਮੈਂ ਚਿੱਲਾਉਂਦਾ ਹੋਇਆ ਆਖਦਾ ਹਾਂ—'ਅਮਰ ਦਾ ਏਅਰਕਰਾਫ਼ਟ......ਇਹੀ ਹੈ ।'

ਥੋੜ੍ਹੀ ਦੇਰ ਕੋਸ਼ਿਸ਼ ਕਰਨ ਤੋਂ ਬਾਅਦ ਅਮਰ ਨਾਲ ਸੰਬੰਧ ਸਥਾਪਿਤ ਹੋ ਜਾਂਦਾ ਹੈ ।

'ਹੈਲੋ......ਏਅਰਕਰਾਫ਼ਟ 0250, ਕੀ ਤੂੰ ਸੁਣ ਰਿਹਾ ਏਂ ?'

'ਹਾਂ......ਮੈਂ ਸੁਣ ਰਿਹਾ ਹਾਂ । ਦੱਸੋ......?' ਅਮਰ ਬੋਲਦਾ ਹੈ ।

'ਤੁਸੀਂ ਦੋਵੇਂ ਖ਼ਤਰਨਾਕ ਖ਼ੇਤਰ ਦੇ ਕੋਲ ਹੋ......ਜਲਦੀ ਵਾਪਸ ਆ ਜਾਵੋ !'

'......!'

'ਹੈਲੋ......ਵਾਪਸ ਆ ਜਾਵੋ !'

'ਨਹੀਂ, ਅਸੀਂ ਅਜੇ ਵਾਪਸ਼ ਨਹੀਂ ਆ ਸਕਦੇ । ਅਸੀਂ ਇਸ 'ਅਕਾਸ਼ੀ ਭੰਵਰ' ਦਾ ਰਹੱਸ ਜਾਨਣ ਦੀ ਕੋਸ਼ਿਸ਼ ਕਰ ਰਹੇ ਹਾਂ ।'

'ਹੈਲੋ......0250......ਤੁਹਾਨੂੰ ਆਪਣੀ ਜ਼ਿੰਦਗੀ ਮੌਤ ਦੇ ਦਾਅ 'ਤੇ ਲਗਾਉਣ ਦਾ ਅਧਿਕਾਰ ਨਹੀਂ ਏ।'

'......!'

'ਦੂਸਰੇ ਪਾਸਿਓਂ ਸੰਬੰਧ ਟੁੱਟ ਚੁੱਕਿਆ ਹੈ, ਸਰ!' ਅਪਰੇਟਰ ਆਖਦਾ ਹੈ।

'ਕੋਸ਼ਿਸ਼ ਕਰੋ......ਪਲੀਜ਼!' ਮੈਂ ਅਪਰੇਟਰ ਨੂੰ ਆਖਦਾ ਹਾਂ। ਮੈਨੂੰ ਆਪਣਾ ਆਪ ਕਿਸੇ ਡੂੰਘੇ ਸਾਗਰ 'ਚ ਡੁੱਬਦਾ ਮਹਿਸੂਸ ਹੋ ਰਿਹਾ ਹੈ।

'ਕੋਈ ਫ਼ਾਇਦਾ ਨਹੀਂ ਸ਼੍ਰੀਮਾਨ! ਤੁਹਾਡਾ ਲੜਕਾ ਗੱਲ ਨਹੀਂ ਕਰਨੀ ਚਾਹੁੰਦਾ।'

'ਪਲੀਜ਼ ਇਕ ਵੇਰਾਂ ਕੋਸ਼ਿਸ਼ ਕਰੋ!'

ਅਪਰੇਟਰ ਦੇ ਹੱਥ ਥੋੜ੍ਹੀ ਦੇਰ ਨਾਬਾਂ (Knobs) ਨਾਲ ਖਿਲਵਾੜ ਕਰਦੇ ਹਨ।

'ਨੈਗਟਿਵ ਸਰ!'

'ਮੈਂ ਦੋ ਏਅਰਕਰਾਫ਼ਟ ਰਵਾਨਾ ਕਰਦਾ ਹਾਂ। ਉਹ ਤੁਹਾਡੇ ਲੜਕੇ ਅਤੇ ਉਸ ਲੜਕੀ ਨੂੰ ਰੋਕਣ ਦੀ ਕੋਸ਼ਿਸ਼ ਕਰਨਗੇ।

ਥੋੜ੍ਹੀ ਦੇਰ ਬਾਅਦ—'ਅਕਾਸ਼ੀ ਯਾਤਾਯਾਤ ਨਿਰੀਖਣ ਕੇਂਦਰ' ਤੋਂ ਦੋ ਸਕਿਊਰਿਟੀ ਏਅਰਕਰਾਫ਼ਟਸ 'ਖ਼ਤਰਨਾਕ ਖ਼ੇਤਰ' ਵੱਲ ਨੂੰ ਉਡ ਜਾਂਦੇ ਹਨ।

'ਥੈਂਕਸ!' ਮੈਂ ਸੰਚਾਲਕ ਦਾ ਧੰਨਵਾਦ ਕਰਦਾ ਹਾਂ।

ਕੁਝ ਦੇਰ ਮੈਂ ਅਮਰ ਦੀਆਂ ਸੋਚਾਂ ਵਿਚ ਗੁੰਮ ਹੋ ਜਾਂਦਾ ਹਾਂ।

ਅਚਾਨਕ!

ਅਪਰੇਟਰ ਚੀਖ਼ਦਾ ਹੈ—'ਸਰ! ਔਹ ਵੇਖੋ!......ਏਅਰਕਰਾਫ਼ਟ ਖ਼ਤਰਨਾਕ ਖ਼ੇਤਰ 'ਚ ਘੁੰਮਦਾ ਜਾ ਰਿਹਾ ਹੈ। ਓਹ ਗਾਡ!......।'

ਮੈਂ ਟੀ. ਵੀ. ਸਕਰੀਨ ਵੱਲ ਵੇਖਦਾ ਹਾਂ। ਅਮਰ ਅਤੇ ਰੀਨਾ ਦੇ ਏਅਰਕਰਾਫ਼ਟ ਖ਼ਤਰਨਾਕ ਖ਼ੇਤਰ ਵਿਚ ਜਾ ਕੇ ਗ਼ਾਇਬ ਹੋ ਜਾਂਦਾ ਹੈ। ਇਕ ਪਲ ਲਈ ਤਾਂ ਮੈਂ ਠੰਡਾ ਯਖ਼ ਹੋ ਜਾਂਦਾ ਹਾਂ।

'ਓਹ ਨੋ!......!' ਸੰਚਾਲਕ ਆਖਦਾ ਹੈ—'ਮਿਸਟਰ ਅਜੀਤ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ......।'

ਸੰਚਾਲਕ ਦੇ ਮੂੰਹੋਂ ਨਿਕਲਣ ਵਾਲੇ ਸ਼ਬਦ ਮੈਨੂੰ ਪੂਰੇ ਸੁਣਾਈ ਨਹੀਂ ਦਿੰਦੇ। ਮੇਰੀਆਂ ਅੱਖਾਂ ਮੂਹਰੇ ਹਨੇਰਾ ਜਿਹਾ ਛਾ ਜਾਂਦਾ ਹਾ। ਮੈਂ ਜ਼ਮੀਨ ਤੇ ਡਿਗਣ ਲਗਦਾ ਹਾਂ ਪਰ ਸੰਚਾਲਕ ਮੈਨੂੰ ਡਿਗਣ ਤੋਂ ਬਚਾਅ ਲੈਂਦਾ ਹੈ।

ਉਸ ਦੇ ਚਿਹਰੇ ਤੋਂ ਅਫ਼ਸੋਸ ਝਲਕ ਰਿਹਾ ਹੈ।

ਉਦਾਸੀ ਦੇ ਸਮੁੰਦਰ 'ਚ ਡੁੱਬਿਆ ਮੈਂ ਘਰ ਪਰਤ ਆਉਂਦਾ ਹਾਂ। ਸਾਹਮਣੇ ਰੀਨਾ ਦੀ ਮਾਂ, ਮਿਸਿਜ਼ ਰੇਣੁਕਾ ਬੈਠੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਉਸ ਨੂੰ ਕੀ ਆਖਾਂ?

ਮੈਂ ਬੱਚਿਆਂ ਵਾਂਗ ਫੁੱਟ ਫੁੱਟ ਰੋਣ ਲਗਦਾ ਹਾਂ। ਮਿਸਿਜ਼ ਰੇਣੁਕਾ ਮੇਰੇ ਵੱਲ ਨੂੰ ਇੰਝ ਵੇਖਦੀ ਹੈ ਜਿਵੇਂ ਮੈਂ ਕੋਈ ਅਜੂਬਾ ਹੋਵਾਂ। ਪਰ ਫੇਰ ਜਿਵੇਂ ਉਹ ਸਭ ਕੁਝ ਸਮਝ ਜਾਂਦੀ ਹੈ। ਉਸ ਦੇ ਚਿਹਰੇ ਦਾ ਰੰਗ ਉਡ਼ ਜਾਂਦਾ ਹੈ ਅਤੇ ਅੱਖੀਆਂ ਬਰਫ਼-ਚਿੱਟੀਆਂ ਹੋ ਜਾਂਦੀਆਂ ਹਨ। ਉਸ ਨੂੰ ਇਸ ਵੇਲੇ ਰੋਣਾ ਨਹੀਂ ਸੁੱਝਦਾ......

ਮੈਂ ਆਪਣੀਆਂ ਭਾਵਨਾਵਾਂ ਤੇ ਕਾਬੂ ਪਾ ਕੇ ਮਿਸਿਜ਼ ਰੇਣੁਕਾ ਦੇ ਮੋਢੇ ਤੇ ਹੱਥ ਰੱਖ ਦਿੰਦਾ ਹਾਂ। ਹੁਣ ਤੱਕ ਰੁਕਿਆ ਉਸ ਦੇ ਹੰਝੂਆਂ ਦਾ ਸੈਲਾਬ ਪਲਕਾਂ ਦੇ ਬੰਨ੍ਹ ਤੋੜ ਕੇ ਵਹਿ ਟੁਰਦਾ ਹੈ।

ਸਾਨੂੰ ਪੰਦਰਾ ਘੰਟੇ ਹੋ ਗਏ ਨੇ ਇੰਝ ਹੀ ਬੈਠਿਆਂ। ਰਿੱਕੀ ਹੈਰਾਨ ਪਰੇਸ਼ਾਨ ਘੁੰਮ ਰਿਹਾ ਹੈ। ਉਸ ਨੂੰ ਸਮਝ ਨਹੀਂ ਆ ਰਹੀ ਕਿ ਕੀ ਹੋ ਚੁੱਕਾ ਹੈ ? ਮਿਸਿਜ਼ ਰੇਣੁਕਾ ਵੀ ਚੁੱਪ ਬੈਠੀ, ਛੱਤ ਨੂੰ ਨਿਹਾਰ ਰਹੀ ਹੈ। ਸਾਡੀਆਂ ਪਲਕਾਂ ਵਿਚਲੇ ਅੱਥਰੂ ਸੁੱਕ ਗਏ ਨੇ। ਪਰ ਦਿਲਾਂ ਦੇ ਵਿਚ ਅਜੇ ਐਨਾ ਦਰਦ ਬਾਕੀ ਹੈ ਕਿ ਅਸੀਂ ਕਿਆਮਤ ਤੱਕ ਰੋ ਸਕਦੇ ਹਾਂ !

ਤਿੰਨ ਘੰਟੇ ਹੋਰ ਬੀਤ ਜਾਂਦੇ ਹਨ। ਕਮਰੇ 'ਚ ਖ਼ਾਮੋਸ਼ੀ ਦੀ ਕਫ਼ਨ ਜਿਹੀ ਸਫ਼ੈਦ ਚਾਦਰ ਵਿਛੀ ਹੋਈ ਹੈ। ਅਚਾਨਕ ਬਾਹਰਲਾ ਦਰਵਾਜ਼ਾ ਕਿਰਕਿਰਾਉਂਦਾ ਹੋਇਆ ਖੁਲ੍ਹਦਾ ਹੈ। ਉਸ ਦੀ ਅਵਾਜ਼ ਹੁਣ ਤੱਕ ਪਸਰੇ ਸੰਨਾਟੇ ਨੂੰ ਚੀਰਣ-ਚੀਰਣ ਕਰ ਦਿੰਦੀ ਹੈ। ਮੈਂ ਦਰਵਾਜ਼ੇ ਵੱਲ ਨੂੰ ਵੇਖਦਾ ਹਾਂ। ਦਰਵਾਜ਼ਾ ਹੌਲੀ ਹੌਲੀ ਖੁੱਲ੍ਹ ਰਿਹਾ ਹੈ।

ਫੇਰ ਹਵਾ ਦੇ ਵੇਗ ਨਾਲ ਦਰਵਾਜ਼ਾ ਆਪਣੀ ਸਾਰੀ ਅਵਾਜ਼ ਨਾਲ ਚੀਖ਼ਦਾ ਹੋਇਆ ਖੁੱਲ੍ਹ ਜਾਂਦਾ ਹੈ।

ਸਾਹਮਣੇ ਅਮਰ ਤੇ ਰੀਨਾ ਇਕ ਦੂਸਰੇ ਦੇ ਗਲ 'ਚ ਬਾਹਵਾਂ ਪਾਈ ਖੜ੍ਹੇ ਹਨ। ਉਹਨਾਂ ਦੇ ਕੱਪੜੇ ਖ਼ੂਨ ਅਤੇ ਪਾਣੀ ਨਾਲ ਲੱਥਪੱਥ ਨੇ। ਉਹਨਾਂ ਦੇ ਕਦਮ ਲੜਖੜਾ ਰਹੇ ਹਨ।

ਕੁਝ ਪਲ ਮੈਨੂੰ ਕੁਝ ਵੀ ਨਹੀਂ ਸੁੱਝਦਾ। ਮਿਸਿਜ਼ ਰੇਣੁਕਾ ਵੀ ਬਾਹਰ ਵੱਲ ਨੂੰ ਦੇਖ ਰਹੀ ਹੈ। ਮੇਰੇ ਤੋਂ ਉੱਠ ਕੇ ਉਹਨਾਂ ਦੋਵਾਂ ਕੋਲ ਨਹੀਂ ਜਾ ਹੁੰਦਾ। ਸਰੀਰ 'ਚ ਕਮਜ਼ੋਰੀ ਛਾਈ ਹੋਈ ਹੈ। ਪਰ ਫੇਰ ਮੇਰੇ 'ਚ ਪਤਾ ਨਹੀਂ ਐਨੀ ਤਾਕਤ ਕਿੱਥੋਂ ਆ ਜਾਂਦੀ ਹੈ। ਮੈਂ ਇਕ ਮਿੰਟ ਦੇ ਹਜ਼ਾਰਵੇਂ ਭਾਗ ਵਿਚ ਦਰਵਾਜ਼ੇ ਕੋਲ ਪੁਜ ਕੇ ਉਹਨਾਂ ਦੋਵਾਂ ਨੂੰ ਆਪਣੀ ਬਾਹਵਾਂ 'ਚ ਸਾਂਭ ਲੈਂਦਾ ਹਾਂ।

ਮੈਂ ਉਹਨਾਂ ਨੂੰ ਸਹਾਰਾ ਦੇ ਕੇ ਕਮਰੇ 'ਚ ਲੈ ਆਉਂਦਾ ਹਾਂ। ਮਿਸਿਜ਼ ਰੇਣੁਕਾ ਹੁਣ ਤੱਕ ਸਥਿਤੀ ਨੂੰ ਸਮਝ ਚੁੱਕੀ ਸੀ। ਉਹ ਦੋਵਾਂ ਨਾਲ ਲਿਪਟ ਕੇ ਫੁੱਟ ਫੁੱਟ ਰੋਣ ਲਗਦੀ ਹੈ।

ਮੈਂ ਰਿੱਕੀ ਨੂੰ ਵਾਜ ਮਾਰ ਕੇ ਡਰੈਸਿੰਗ ਦਾ ਸਮਾਨ ਲਿਆਉਣ ਲਈ ਆਖਦਾ ਹਾਂ। ਫੇਰ ਮੈਂ ਤੇ ਰਿੱਕੀ ਉਹਨਾਂ ਦੋਵਾਂ ਦੇ ਜ਼ਖਮਾਂ ਤੇ ਐਂਟੀਸੈਪਟਿਕ (Anticeptics) ਲਗਾ ਦਿੰਦੇ ਹਾਂ।

ਅਮਰ ਦੱਸਦਾ ਹੈ ਕਿ ਜਦ ਉਹਨਾਂ ਦਾ ਏਅਰ ਕਰਾਫ਼ਟ ਖ਼ਤਰਨਾਕ ਖ਼ੇਤਰ ਵਿਚ ਫ਼ਸ ਗਿਆ ਸੀ ਤਾਂ ਉਸੇ ਵੇਲੇ ਉਹਨਾਂ ਨੇ ਤੁਰੰਤ ਪੈਰਾਸ਼ੂਟ ਖੋਲ੍ਹਕੇ ਧਰਤੀ ਵੱਲ ਨੂੰ ਛਲਾਂਗਾਂ ਮਾਰ ਦਿੱਤੀਆਂ ਸਨ ਕਿਉਂਕਿ ਉਹ ਦੋਵੇਂ ਹੀ ਇਕ ਪੈਰਾਸ਼ੂਟ ਦੀ ਮਦਦ ਨਾਲ ਉਤਰੇ ਸਨ ਅਤੇ ਜਦ ਉਹਨਾਂ ਦੇ ਸਰੀਰਾਂ ਨੇ ਜ਼ਮੀਨ ਨਾਲ ਤੇਜ਼ੀ ਨਾਲ ਸਪੱਰਸ਼ ਕੀਤਾ ਤਾਂ ਉਹਨਾਂ ਦਾ ਸੰਤੁਲਨ ਵਿਗੜ ਗਿਆ ਅਤੇ ਦਰਿਆ ਦੇ ਕਿਨਾਰੇ ਦੀ ਰੇਤ ਤੇ ਪਏ ਨੁਕੀਲੇ ਪੱਥਰਾਂ ਨਾਲ ਉਹਨਾਂ ਦੇ ਬਦਨ ਜ਼ਖਮੀ ਹੋ ਗਏ ਸਨ।

'ਬੇਟੇ...ਮੈਂ ਹੁਣ ਤੁਹਾਨੂੰ ਖ਼ਤਰਨਾਕ ਖ਼ੇਤਰ ਵੱਲ ਨਹੀਂ ਜਾਣ ਦੇਵਾਂਗਾ।'

'ਓਹ...ਹੋ...ਡੈਡੀ! ਤੁਸੀਂ ਐਵੇਂ ਹੀ ਫ਼ਿਕਰ ਨਾ ਕਰੋ। ਅਸੀਂ ਤਾਂ ਅੱਠ ਦਿਨਾਂ ਤੋਂ ਰੋਜ਼ਾਨਾਂ ਉੱਧਰ ਜਾ ਰਹੇ ਹਾਂ। ਅੱਜ ਅਚਾਨਕ ਹੀ ਮਾੜੀ ਜਿਹੀ ਮੁਸੀਬਤ 'ਚ ਫਸ ਗਏ। ਨਹੀਂ ਤਾਂ ਅੱਜ ਅਸੀਂ ਉਸ 'ਅਕਾਸ਼ੀ ਭੰਵਰ' ਬਾਰੇ ਕਾਫ਼ੀ ਕੁਝ ਜਾਣ ਲੈਣਾ ਸੀ। ਅੱਠ ਦਿਨ ਪਹਿਲਾਂ ਜਦ ਇਕ ਏਅਰ ਕਰਾਫ਼ਟ ਉਸ ਖੇਤਰ ਵਿਚ ਲਾਪਤਾ ਹੋਇਆ ਸੀ ਉਸ ਦਿਨ ਹੀ ਅਸੀਂ ਉਸ 'ਅਕਾਸ਼ੀ ਭੰਵਰ' ਦਾ ਰਹੱਸ ਜਾਨਣ ਦੀ ਮਿੱਥ ਲਈ ਸੀ।'

'ਹਾਂ ਅੰਕਲ! ਅਸੀਂ ਕਾਫ਼ੀ ਹੱਦ ਤੱਕ ਕਾਮਯਾਬ ਹੀ ਹੋ ਚੁੱਕੇ ਹਾਂ।' ਰੀਨਾ ਮੁਸਕਾਉਂਦੀ ਹੋਈ ਆਖਦੀ ਹੈ।

'ਪਰ ਬੇਟੇ, ਮੈਂ ਹੁਣ ਤੁਹਾਨੂੰ ਉੱਧਰ ਨਹੀਂ ਜਾਣ ਦਿਆਂਗਾ।' ਮੈਂ ਬਚਿਆਂ ਵਾਂਗ ਜ਼ਿੱਦ ਕਰਦਾ ਹਾਂ।'

'ਹਾਂ, ਮਿਸਟਰ ਅਜੀਤ ਠੀਕ ਆਖਦੇ ਨੇ।' ਮਿਸਿਜ਼ ਰੇਣੁਕਾ ਵੀ ਆਖਦੀ ਹੈ।

'ਅੱਛਾ...ਨਹੀਂ ਜਾਂਦੇ।' ਅਮਰ ਅਤੇ ਰੀਨਾ, ਇਕ ਦੂਸਰੇ ਵੱਲ ਵੇਖਕੇ ਮੁਸਕਰਾਉਂਦਿਆਂ ਹੋਇਆਂ ਆਖਦੇ ਹਨ।

ਮੈਂ ਤੇ ਮਿਸਿਜ਼ ਰੇਣੁਕਾ ਨਿਸ਼ਚਿੰਤ ਹੋ ਜਾਂਦੇ ਹਨ। ਬੱਚੇ ਇਸੇ ਕਮਰੇ 'ਚ ਹੀ ਸੋਫ਼ੇ ਤੇ ਸੌਂ ਗਏ ਹਨ।

ਜੁਦਾਈ ਦੇ ਅੰਧਕਾਰ ਦੇ ਬੋਝਿਲ 18 ਘੰਟੇ ਬਿਤਾਉਣ ਤੋਂ ਬਾਅਦ ਮੈਨੂੰ ਅਤੇ ਮਿਸਿਜ਼ ਰੇਣੁਕਾ ਨੂੰ ਵੀ ਝਪਕੀ ਜਿਹੀ ਆ ਜਾਂਦੀ ਹੈ।

**14 ਅਕਤੂਬਰ, 2202**

ਮੇਰੀ ਨੀਂਦ ਹੁਣੇ ਹੀ ਟੁੱਟੀ ਹੈ। ਅਮਰ ਅਤੇ ਰੀਨਾ ਕਮਰੇ 'ਚ ਨਹੀਂ ਹਨ। ਮੈਂ ਇਕਦਮ ਤ੍ਰਭਕ ਕੇ ਉੱਠ ਖੜਦਾ ਹਾਂ ਅਤੇ ਪਾਗਲਾਂ ਵਾਂਗ ਸਾਰਾ ਘਰ ਛਾਣ ਮਾਰਦਾ ਹਾਂ। ਪਰ ਉਹ ਕਿਧਰੇ ਵੀ ਵਿਖਾਈ ਨਹੀਂ ਦਿੰਦੇ। ਮੈਂ ਪਿਛਵਾੜੇ ਗੈਰਾਜ ਵਿਚ ਵੇਖਦਾ ਹਾ ਕਿ ਮੇਰਾ ਏਅਰ ਕਰਾਫ਼ਟ ਗ਼ਾਇਬ ਹੈ। ਮੇਰੇ ਪੈਰਾਂ ਥਲਿਓਂ ਜ਼ਮੀਨ ਨਿਕਲ ਜਾਂਦੀ ਹੈ।

ਮੈਂ ਵਾਪਸ ਕਮਰੇ 'ਚ ਆ ਜਾਂਦਾ ਹਾਂ। ਮਿਸਿਜ਼ ਰੇਣੁਕਾ ਅਜੇ ਸੁੱਤੀ ਹੀ ਪਈ ਹੈ। ਮੈਂ ਉਸਨੂੰ ਜਗਾਉਣਾ ਉਚਿਤ ਨਹੀਂ ਸਮਝ ਰਿਹਾਂ।

ਫੇਰ ਮੈਂ ਅੰਨੇਵਾਹ ਗੁਆਂਢੀਆਂ ਦੇ ਘਰ ਵੱਲ ਨੂੰ ਦੌੜਦਾ ਹਾਂ ਅਤੇ ਸਾਹੋ ਸਾਹ ਹੋਇਆ ਆਪਣੀ ਪਰੇਸ਼ਾਨੀ ਦੱਸ ਕੇ ਉਹਨਾਂ ਦਾ ਏਅਰ ਕਰਾਫਟ ਮੰਗਦਾ ਹਾਂ। ਉਹ ਖ਼ੁਸ਼ੀ ਨਾਲ ਮੰਨ ਜਾਂਦੇ ਹਨ।

ਪਲ ਦੀ ਵੀ ਦੇਰ ਨਾ ਕੀਤਿਆਂ, ਮੈਂ ਏਅਰ ਕਰਾਫ਼ਟ ਹਵਾ 'ਚ ਉੜਾ ਦਿੰਦਾ ਹਾਂ। ਮੇਰੀ ਮੰਜ਼ਿਲ 'ਖ਼ਤਰਨਾਕ ਖੇਤਰ' ਹੀ ਹੈ। ਮੇਰਾ ਏਅਰ ਕਰਾਫ਼ਟ 1000 ਮੀਟਰ ਪ੍ਰਤੀ ਸਕਿੰਟ ਦੀ ਸਪੀਡ ਨਾਲ ਉੜ ਰਿਹਾ ਹੈ।

ਤਿੰਨ ਸਕਿੰਟਾਂ ਬਾਅਦ ਮੇਰਾ ਏਅਰ ਕਰਾਫ਼ਟ 'ਖ਼ਤਰਨਾਕ ਖੇਤਰ' ਕੋਲ ਪੁੱਜ ਜਾਂਦਾ ਹੈ। ਥੋੜ੍ਹੀ ਦੂਰ ਹੀ ਮੈਨੂੰ ਅਮਰ ਅਤੇ ਰੀਨਾ ਦਾ ਏਅਰ ਕਰਾਫ਼ਟ ਦਿਖਾਈ ਦਿੰਦਾ ਹੈ।

ਅਜੇ ਮੈਂ ਉਹਨਾਂ ਨਾਲ ਸੰਬੰਧ ਸਥਾਪਿਤ ਕਰਨ ਹੀ ਲੱਗਦਾ ਹਾਂ; ਉਨੀ ਦੇਰ ਵਿਚ 'ਉਹਨਾਂ' ਦਾ ਏਅਰ ਕਰਾਫ਼ਟ 'ਅਕਾਸ਼ੀ ਭੰਵਰ' ਨੂੰ ਚੀਰਦਾ ਹੋਇਆ। ਗਾੜ੍ਹੇ ਚਿੱਟੇ ਬੱਦਲਾਂ ਵਿਚ ਪ੍ਰੈਵਸਤ ਹੋ ਜਾਂਦਾ ਹੈ।

ਵਾਤਾਵਰਣ ਵਿਚ ਇਕ ਜ਼ੋਰਦਾਰ ਧਮਾਕਾ ਹੁੰਦਾ ਹੈ। ਅਮਰ ਅਤੇ ਰੀਨਾ ਦਾ ਏਅਰ ਕਰਾਫ਼ਟ ਤਬਾਹ ਹੋ ਜਾਂਦਾ ਹੈ।

ਮੈਥੋਂ ਇਹ ਦ੍ਰਿਸ਼ ਵੇਖ ਨਹੀਂ ਹੁੰਦਾ। ਮੈਂ ਆਪਣੀਆਂ ਅੱਖਾਂ ਮੂਹਰੇ ਰੱਖ ਧਰ ਲੈਂਦਾ ਹਾਂ।

ਉਸੇ ਵੇਲੇ ਮੇਰੀ ਚੀਖ਼ ਨਿਕਲ ਜਾਂਦੀ ਹੈ।

ਪਰ ਉਹ ਮਰਜੀਵੜੇ ਆਪਣੇ ਪਿਛੇ ਉਸ 'ਅਕਾਸ਼ੀ ਭੰਵਰ' ਰਹਿਸਮਈ ਦਲਦਲ ਦੀ ਖਿੱਚੀ ਹੋਈ ਫਿਲਮ ਛੱਡ ਜਾਂਦੇ ਹਨ।

# ਟੁੱਟਦੇ ਤਾਰਿਆਂ ਦੀ ਦਾਸਤਾਨ

ਉਸਨੇ ਆਪਣੀਆਂ ਅੱਖਾਂ ਵਿਚ ਅੰਤਾਂ ਦੇ ਵਾਦੇ, ਆਸਾਂ ਅਤੇ ਹੰਝੂਆਂ ਦਾ ਸੈਲਾਬ ਭਰਦਿਆਂ ਮੇਰੇ ਵੱਲ ਨੂੰ ਵੇਖਿਆ। ਮੈਂ ਉਸ ਨਾਲ ਨਜ਼ਰਾਂ ਨਾ ਮਿਲਾ ਸਕਿਆ। ਉਸ ਦੀਆਂ ਗੂੜ੍ਹੀਆਂ ਨੀਲੀਆਂ ਅੱਖਾਂ ਵਿਚੋਂ ਨਿਕਲਣ ਵਾਲੀਆਂ ਪ੍ਰਕਾਸ਼ਮਈ ਕਿਰਣਾਂ ਦੀ ਮੈਂ ਤਾਬ ਨਾ ਝੱਲ ਸਕਿਆ। ਮੇਰੇ ਜਿਸਮ ਵਿਚ ਕੰਬਣੀ ਦੀ ਇਕ ਲੀਹ ਜਿਹੀ ਉੱਠਦੀ ਚਲੀ ਗਈ। ਕਿੰਨੀ ਹੀ ਦੇਰ ਮੇਰੇ ਮੂੰਹੋਂ ਧੁਨੀ ਤਰੰਗਾਂ ਪ੍ਰਸਫੁਟਿਤ ਨਾ ਹੋ ਸਕੀਆਂ। ਬੱਸ ਮੇਰੇ ਬੁੱਲ੍ਹ ਹਿੱਲ ਕੇ ਰਹਿ ਗਏ। ਮੈਂ ਆਪਣੀ ਕਮੀਜ਼ ਦੇ ਕਾਲਰਾਂ ਨੂੰ ਠੀਕ ਕਰਦਿਆਂ ਅਤੇ ਗਲੇ ਨੂੰ ਖਰਖਰਾਂਦਿਆਂ, ਆਪਣੇ ਦਿਲ ਦੀਆਂ ਡੂੰਘਾਈਆਂ ਵਿਚੋਂ ਨਿਕਲਣ ਵਾਲੀ ਅਵਾਜ਼ ਨੂੰ ਉਸ ਤੱਕ ਪਹੁੰਚਾਣਾ ਚਾਹਿਆ। ਪਰ ਕਾਮਯਾਬ ਨਾ ਹੋਇਆ।

ਮੇਰੇ ਸਾਹਮਣੇ ਮੇਰੇ ਸੁਪਨਿਆਂ ਦੀ ਸ਼ਹਿਜ਼ਾਦੀ ਸੈਂਡਰਾ ਖੜ੍ਹੀ ਸੀ। ਉਸਦੇ ਜਿਸਮ ਤੇ ਲਿਪਟਿਆ ਹਲਕਾ ਪੀਲਾ ਲਬਾਦਾ ਪੱਛਮੀ ਹਵਾ ਨਾਲ ਲਹਿਰਾ ਰਿਹਾ ਸੀ ਅਤੇ ਉਸਦੇ ਖੁੱਲ੍ਹੇ, ਭੂਰੇ ਵਾਲ ਕੁਝ ਸਮੇਂ ਲਈ ਉਸਦੇ ਹੁਸੀਨ ਮੁੱਖੜੇ ਨੂੰ ਆਪਣੀ ਗਲਵੱਕੜੀ ਵਿਚ ਲਪੇਟ ਲੈਂਦੇ ਸਨ ਪਰ ਥੋੜ੍ਹੇ ਚਿਰ ਬਾਅਦ ਆਪਣੇ ਆਪ ਹੀ ਹੱਟ ਜਾਂਦੇ ਸਨ। ਮੈਂ ਤਾਂ ਬੱਸ ਇਕ ਕਾਗਜ਼ ਦਾ ਬੁੱਤ ਬਣਿਆ ਹੋਇਆ ਉਸਦੇ ਸਾਹਮਣੇ ਖੜ੍ਹਾ ਸੀ।

ਮੇਰੇ ਮੂੰਹੋਂ ਅਜੇ ਵੀ ਅਵਾਜ਼ ਨਹੀਂ ਨਿਕਲ ਰਹੀ ਸੀ। ਮੇਰਾ ਕਾਗਜ਼ ਦਾ ਜਿਸਮ ਹੌਲੀ ਹੌਲੀ ਫੜਫੜਾਇਆ ਅਤੇ ਮੇਰੇ ਹੱਥਾਂ ਨੇ ਆਪ ਮੁਹਾਰੇ ਹੀ ਉਸਦੇ ਨਿਸ਼ਚਲ, ਹੁਸੀਨ ਮੁਖੜੇ ਨੂੰ ਆਪਣੀ ਆਗ਼ੋਸ਼ ਵਿਚ ਲੈ ਲਿਆ।

'ਸੁਖਾਂਤ, ਕੁਝ ਤਾਂ ਬੋਲੋ।' ਉਸਦੇ ਸੰਗਤਰੀ ਬੁੱਲ੍ਹਾਂ ਨੇ ਹਰਕਤ ਕੀਤੀ ਅਤੇ ਸ਼ਬਦਾਂ ਦਾ ਇਕ ਸੈਲਾਬ ਮੇਰੇ ਜਿਸਮ ਵਿਚ ਵਹਿ ਗਿਆ।

ਸੈਂਡਰਾ, ਜਿਸਨੂੰ ਮੈਂ ਕਦੇ ਅੰਤਾਂ ਦਾ ਚਾਹਿਆ ਸੀ, ਹੁਣ ਵੀ ਚਾਹੁੰਦਾ ਹਾਂ ਅਤੇ ਜੁਗੜਿਆਂ ਤੱਕ ਚਾਹੁੰਦਾ ਰਹਾਂਗਾ, ਇਸ ਵੇਲੇ ਮੇਰੇ ਸਾਹਮਣੇ ਖੜ੍ਹੀ ਸੀ। ਨਿਰਜਨ ਅਤੇ ਅਬਾਦੀ ਦੇ ਨਾਂ ਤੇ ਕੁਝ ਕੁ ਵਿਗਿਆਨਕਾਂ ਦੀ ਧਰਤੀ—ਗ੍ਰਹਿ ਸਮਾਰੋ ਤੇ, ਅਧਿਕਾਰ ਕੀਤੇ ਹਰੇ ਸਮੁੰਦਰ ਦੀਆਂ ਲਹਿਰਾਂ, ਸਾਡੇ ਦੋਵਾਂ ਦੇ ਪੈਰਾਂ ਵਿਚ ਆ ਕੇ ਦਮ ਤੋੜ ਰਹੀਆਂ ਸਨ। ਛੁਪ ਰਿਹਾ ਸੂਰਜ ਜਿਵੇਂ ਸਾਡੀ ਮੁਹੱਬਤ ਦਾ ਗਵਾਹ ਬਣੀ ਅਜੇ ਤੱਕ ਖਿਤਿਜ ਤੇ ਹੀ ਚਮਕ ਰਿਹਾ ਸੀ। ਸਮਾਰੋ ਗ੍ਰਹਿ ਆਪਣੀ ਧੁਰੀ ਦੁਆਲੇ, ਤਿੰਨ ਬਟਾ ਚਾਰ (ਲਗਭਗ) ਹਿੱਸਾ ਘੁੰਮ ਚੁੱਕਿਆ ਸੀ। ਸੂਰਜ ਦੀ ਤਪਸ਼ ਕੁਝ ਕੁਝ ਘਟਣ ਕਰਕੇ ਵਾਤਾਵਰਣ ਵਿਚ ਠੰਡਕ ਫੈਲ ਗਈ ਸੀ।

'ਕੀ ਸੋਚ ਰਿਹੈਂ, ਸੁਖਾਂਤ ?'

'ਓਹ...ਸੈਂਡਰਾ...ਮੈਂ ਤੈਨੂੰ ਕੀ ਕਹਾਂ ਤੇ ਕੀ ਨਾ ਕਹਾਂ ?'

'ਸਭ ਕੁਝ ਕਹਿ ਦੇ, ਏਸ ਵੇਲੇ, ਮੈਂ ਸਿਰਫ ਤੇਰੇ ਸ਼ਬਦਾਂ ਦਾ ਸੰਗੀਤ ਸੁਣਨਾ ਚਾਹੁੰਦੀ ਹਾਂ।'

'ਸੈਂਡਰਾ ਮੈਂ ਤੇਰੇ ਨਾਲ ਵਿਆਹ ਨਹੀਂ ਕਰਾ ਸਕਦਾ...।' ਮੈਂ ਆਪਣੀ ਅਵਾਜ਼ ਨੂੰ ਸੰਜਿਤ ਕਰਦਿਆਂ ਆਖਿਆ ਪਰ ਫੇਰ ਵੀ ਮੇਰੀ ਅਵਾਜ਼ ਥੋੜ੍ਹੀ ਜਿਹੀ ਡਗਮਗਾ ਹੀ ਗਈ। ਇੰਨੀ ਗੱਲ ਕਹਿੰਦਿਆਂ ਮੇਰੀਆਂ ਅੱਖਾਂ ਵਿਚ ਤਰਲਤਾ ਫੈਲ ਗਈ ਅਤੇ ਮੇਰੇ ਦਿਲ ਦੀ ਧੜਕਣ ਮੈਨੂੰ ਰੁਕਦੀ ਹੋਈ ਪ੍ਰਤੀਤ ਹੋਈ। ਹਾਲਾਂਕਿ ਮੈਂ ਜਾਣਦਾ ਸਾਂ ਕਿ ਸੈਂਡਰਾ ਨੂੰ ਮੇਰੇ ਇਨਕਾਰ ਨਾਲ ਕੋਈ ਹੈਰਾਨੀ ਨਹੀਂ ਹੋਵੇਗੀ। ਪਰ ਫੇਰ ਵੀ ਮੈਂ ਇੰਨੀ ਗੱਲ ਕਹਿੰਦਿਆਂ ਭਾਵਨਾਵਾਂ ਦੇ ਪਾਗਲ ਵਹਿਣਾਂ ਵਿਚ ਵਹਿ ਗਿਆ ਸੀ। ਉਂਝ ਦਿਲੋਂ ਮੈਂ ਉਸ ਨਾਲ ਵਿਆਹ ਕਰਨਾ ਚਾਹੁੰਦਾ ਸਾਂ। ਪਰ ਸਾਡੇ ਵਿਆਹ ਸਾਹਮਣੇ ਅਜਿਹੀ ਮਜਬੂਰੀ ਸੀ ਕਿ ਮੈਂ ਸੈਂਡਰਾਂ ਦੀ ਜ਼ਿੰਦਗੀ ਕੰਡਿਆਂ ਨਾਲ ਨਹੀਂ ਭਰਨੀ ਚਾਹੁੰਦਾ ਸਾਂ। ਇਹ ਮਜਬੂਰੀ—ਮੇਰਾ ਸਮਾਯਾਤਰੀ ਤੇ ਗ੍ਰਹਿ ਅੰਤਰਿਖ਼ਸ਼ ਵਿਚ ਘੁੰਮਣ ਵਾਲਾ ਖ਼ਾਨਾਬਦੋਸ਼ ਹੋਣਾ ਸੀ। ਮੈਂ ਆਪਣੀ ਗੱਲ ਨੂੰ ਅਗਾਂਹ ਤੋਰਦਿਆਂ ਆਖਿਆ—

'ਭਲਾ...ਵੱਖ ਵੱਖ ਗ੍ਰਹਿਆਂ ਤੇ ਘੁੰਮਣ ਵਾਲਾ ਇਕ ਖ਼ਾਨਾਬਦੋਸ਼ ਇਕ ਜਗ੍ਹਾ ਕਿਵੇਂ ਰਹਿ ਸਕਦਾ ਹੈ। ਸੈਂਡਰਾ, ਅੰਤਰਿਖ਼ਸ਼ ਵਿਚ ਜਿੱਥੇ ਕਦਮ ਕਦਮ ਤੇ ਖ਼ਤਰੇ ਨੇ, ਇਕ ਘੁਮੱਕੜ ਕਿਵੇਂ ਤੇਰੀ ਜ਼ਿੰਦਗੀ ਖਤਰੇ ਵਿਚ ਪਾ ਸਕਦਾ ਹੈ। ਮੇਰੀ ਜ਼ਿੰਦਗੀ ਦਾ ਕੀ ਭਰੋਸਾ ਕਿ ਕਦੋਂ ਖ਼ਤਮ ਹੋ ਜਾਵੇ ਅਤੇ ਬਾਅਦ ਵਿਚ ਤੂੰ ਇਕੱਲੀ ਰਹਿ ਜਾਵੇਂ। ਮੈਂ ਇਹ ਕਦੇ ਵੀ ਨਹੀਂ ਚਾਹ ਸਕਦਾ। ਮੇਰਾ ਜੀਵਨ ਖਤਰਿਆਂ ਤੋਂ ਸਿਵਾ ਕੁਝ ਨਹੀਂ। ਨਾਲੇ ਕੌਣ ਚਾਹ ਸਕਦਾ ਹੈ ਤੇਰੇ ਜਿਹੀ ਖ਼ੂਬਸੂਰਤ ਅਤੇ ਜ਼ਹੀਨ ਯੁਵਤੀ ਨੂੰ ਆਪਣੀ ਜ਼ਿੰਦਗੀ ਤੋਂ ਦੂਰ ਘੱਲਣਾ। ਮੈਂ ਵੀ ਕਿੰਨਾ ਬਦਨਸੀਬ ਹਾਂ ਜਿਹੜਾ ਤੇਰਾ ਪਿਆਰ ਠੁਕਰਾ ਰਿਹਾ ਹਾਂ। ਪਰ ਇਸਦੇ ਸਿਵਾ ਹੋਰ ਕੋਈ ਚਾਰਾ ਵੀ ਨਹੀਂ। ਸਾਨੂੰ ਆਪਣੇ ਆਪਣੇ ਮਿਸ਼ਨ ਪੂਰੇ ਕਰਕੇ ਲਿਵ ਵਿਚ ਵਿਲੀਨ ਹੋਣਾ ਹੈ। ਜ਼ਿੰਦਗੀ ਦੇ ਅਨੰਦਾਂ ਦੀਆਂ ਠੰਡੀਆਂ ਛਾਵਾਂ ਮਾਨਣਾ ਸਾਡੀ ਕਿਸਮਤ ਵਿਚ ਨਹੀਂ।'

ਸੂਰਜ ਦੀ ਅੰਤਿਮ ਗੁਲਾਬੀ ਰੌਸ਼ਨੀ ਸੈਂਡਰਾ ਦੇ ਗੋਰੇ ਮੁੱਖੜੇ ਨੂੰ ਸਪੱਰਸ਼ ਕਰ ਰਹੀ ਸੀ। ਉਸਨੇ ਆਪਣੇ ਕੋਮਲ ਹੱਥਾਂ ਨਾਲ ਮੇਰਾ ਹੱਥ ਫੜਿਆ ਅਤੇ ਫੇਰ ਆਪਣੇ ਕੰਠ ਵਿਚੋਂ ਅਥਾਹ ਦਰਦੀਲੀ ਅਵਾਜ਼ ਕੱਢੀ—'ਸੁਖਾਂਤ ! ਸੱਚਮੁੱਚ ਤੇਰੇ ਇਨਕਾਰ ਦਾ ਮੈਨੂੰ ਕੋਈ ਦੁੱਖ ਨਹੀਂ ਹੋਇਆ।

ਸੱਚਾ ਪਿਆਰ ਕਰਨ ਵਾਲੇ, ਮਿਲਾਪ ਦੀ ਖ਼ਾਹਿਸ਼ ਨਹੀਂ ਰੱਖਦੇ। ਪਿਆਰ ਵਿਚ ਖੀਵੀ ਆਤਮਾਵਾਂ ਤਾਂ ਆਪਣੇ ਪਿਆਰ ਨੂੰ ਹਰ ਵੇਲੇ, ਆਪਣੇ ਦਿਲ ਵਿਚ ਮਘੁਦਾ ਰੱਖਦੀਆਂ ਹਨ। ਅਤੇ ਉਸ ਪਿਆਰ ਦੀ ਜੋਤ ਕਦੇ ਵੀ ਨਹੀਂ ਬੁਝਦੀ। ਠੀਕ ਹੈ, ਸਾਡਾ ਮਿਲਾਪ ਨਹੀਂ ਹੋ ਸਕਦਾ ਪਰ ਹੁਣ ਹੋਰ ਕੋਈ ਵੀ ਵਿਅਕਤੀ ਮੇਰੀ ਜ਼ਿੰਦਗੀ 'ਚ ਨਹੀਂ ਆ ਸਕਦਾ, ਜਿਸਦੀ ਅਕ੍ਰਿਤੀ ਮੈਂ ਆਪਣੇ ਮਨ 'ਚ ਵਸਾ ਲਵਾਂਗੀ। ਮੈਂ ਪਹਿਲੀ ਤੇ ਅੰਤਿਮ ਵਾਰ ਸਿਰਫ਼ ਤੈਨੂੰ ਹੀ ਪਿਆਰ ਕੀਤਾ ਹੈ ਅਤੇ ਹਮੇਸ਼ਾ ਕਰਦੀ ਰਹਾਂਗੀ।' ਉਸਨੇ ਫੇਰ ਆਪਣੀਆਂ ਬੁੱਲ੍ਹੀਆਂ ਵਿਚ ਮੁਸਕਰਾਹਟ ਭਰਦਿਆਂ ਕਿਹਾ—'ਮੈਂ ਹੁਣ ਇਹ ਤਾਂ ਕਹਿ ਨਹੀਂ ਸਕਦੀ ਕਿ ਅਸੀਂ ਸਵਰਗ (ਜਾਂ ਨਰਕ) ਵਿਚ ਮਿਲਾਂਗੇ। ਕਿਉਂਕਿ ਮੈਂ ਇਹਨਾਂ ਕਾਲਪਨਿਕ ਚੀਜ਼ਾਂ ਵਿਚ ਯਕੀਨ ਨਹੀਂ ਕਰਦੀ।......'

ਸੂਰਜ ਹੁਣ ਸਾਗਰ ਨੂੰ ਆਪਣਾ ਅੰਤਿਮ ਚੁੰਬਨ ਦੇ ਰਿਹਾ ਸੀ। ਸ਼ਾਮ ਦਾ ਹਨੇਰਾ ਜਿਹੜਾ ਸੂਰਜ ਦੀ ਜਗ੍ਹਾਂ ਲੈਣ ਆਇਆ ਸੀ, ਹੌਲੀ ਹੌਲੀ ਆਪਣੇ ਖੰਭ ਪਸਾਰ ਰਿਹਾ ਸੀ। ਸੂਰਜ ਦੀ ਰੌਸ਼ਨੀ ਇਸ ਆਸ ਨਾਲ ਵਿਛੜ ਰਹੀ ਸੀ ਕਿ ਨਵੀਂ ਸਵੇਰ ਜ਼ਰੂਰ ਆਵੇਗੀ ਜਦੋਂ ਸੂਰਜ ਇਕ ਵੇਰਾਂ ਫੇਰ ਆਪਣੇ ਚਮਕਦੇ ਮੁੱਖ ਨਾਲ ਖਿਤਿਜ ਤੇ ਉਭਰੇਗਾ। ਵਿਛੜਨ ਵੇਲੇ ਵੀ ਸੂਰਜ (ਜਿਵੇਂ) ਮੁਸਕਾ ਰਿਹਾ ਸੀ।

ਸੈਂਡਰਾ ਅਤੇ ਮੇਰੀਆਂ ਤਰਲਤਾ ਵਿਚ ਡੁੱਬੀਆਂ ਅੱਖਾਂ ਆਪਸ ਵਿਚ ਮਿਲੀਆਂ ਅਤੇ ਅਸੀਂ ਇਹ ਜਾਣ ਲਿਆ ਕਿ ਵਸਲ ਵਾਂਗ ਵਿਛੋੜਾ ਵੀ ਅਸਥਾਈ ਹੀ ਹੁੰਦਾ ਹੈ। ਇਨਸਾਨ ਸਦਾ ਜ਼ਿੰਦਗੀ ਦੀ ਸੱਚੀ ਖੋਜ ਦੀ ਸੁਪਨਈ ਯਾਤਰਾ ਕਰਦਾ ਰਹਿੰਦਾ ਹੈ। ਮਿਲਾਪ ਦੇ ਸੁੱਖ ਨਾਲੋਂ ਵਿਛੋੜੇ ਦਾ ਦਰਦ ਜ਼ਿਆਦਾ ਸੁਖਾਵਾਂ ਹੁੰਦਾ ਹੈ। ਅਤੇ ਦਿਲਾਂ ਤੇ ਪਏ ਵਿਛੋੜੇ ਦੇ ਨਿਸ਼ਾਨ ਇਕ ਨਵੀਂ ਤਵਾਰੀਖ ਦੀ ਸਿਰਜਣਾ ਕਰ ਦਿੰਦੇ ਹਨ......

ਅਸੀਂ ਟੁਰਦੇ ਟੁਰਦੇ ਉੱਥੇ ਆ ਗਏ, ਜਿਥੇ ਮੇਰਾ ਸਪੇਸਸ਼ਿੱਪ ਖੜਾ ਸੀ। ਮੈਂ ਅੰਤਿਮ ਵਾਰ ਸੈਂਡਰਾ ਦੇ ਮੁੱਖੜੇ ਦਾ ਚੁੰਬਨ ਲੈ ਕੇ ਪਲਾਂ ਵਿਚ ਹੀ ਸਪੇਸਸ਼ਿੱਪ ਵਿਚ ਜਾ ਬੈਠਾ। ਮੈਥੋਂ ਹੁਣ ਸੈਂਡਰਾ ਅਤੇ ਉਸਦੇ ਉਦਾਸ ਨੇਤਰਾਂ ਵੱਲ ਹੋਰ ਨਹੀਂ ਵੇਖਿਆ ਜਾਂਦਾ ਸੀ। ਇੰਝ ਲੱਗ ਰਿਹਾ ਸੀ ਕਿ ਮੇਰੇ ਜਿਹੇ ਪੱਥਰ ਦਿਲ ਦਾ ਵੀ ਰੋਣ ਨਿਕਲ ਜਾਵੇਗਾ। ਸੈਂਡਰਾ ਨੂੰ ਅੰਤਿਮ ਵਿਦਾ ਕਹਿਕੇ ਮੈਂ ਆਪਣੇ ਸਪੇਸਸ਼ਿੱਪ ਨੂੰ ਅਣਜਾਣੀ ਮੰਜ਼ਿਲ ਵੱਲ੍ਹ ਉੜਾ ਦਿੱਤਾ। ਮੈਨੂੰ ਨਹੀਂ ਪਤਾ ਸੀ ਕਿ ਮੈਂ ਕਿੱਥੇ ਜਾਣਾ ਏ ? ਮੇਰਾ ਕੰਮ ਬੱਸ ਇੰਝ ਹੀ ਸਪੇਸ ਵਿਚ ਗਸ਼ਤ ਲਗਾਉਣਾ ਸੀ ਅਤੇ ਜੇ ਕਿਸੇ ਜਗ੍ਹਾ 'ਅਣਹੋਣੀ' ਹੋ ਰਹੀ ਹੋਵੇ ਤਾਂ ਉਸ ਦੇ ਬਾਰੇ ਪੂਰੇ ਤੱਥ ਪ੍ਰਿਥਵੀ ਤੇ ਸਥਿਤ ਆਪਣੇ ਹੈੱਡਕਵਾਟਰ ਨੂੰ ਭੇਜਣੇ ਸਨ ਅਤੇ ਮੈਂ ਇੰਝ ਸਪੇਸ ਅਤੇ ਟਾਈਮ ਦੀ ਯਾਤਰਾ ਕਰਦਾ ਰਹਿੰਦਾ ਸਾਂ। ਇਸ ਕੰਮ ਵਿਚ ਮੈਨੂੰ ਕਈ ਵਾਰ ਖ਼ਤਰਿਆਂ ਦਾ ਸਾਹਮਣਾ ਵੀ ਕਰਨਾ ਪਿਆ ਸੀ ਅਤੇ ਅਨੇਕਾਂ ਵਾਰ ਮੈਂ ਮੌਤ ਦੇ ਮੂੰਹੋਂ ਵੀ ਬਚ ਕੇ ਨਿਕਲਿਆ ਸੀ।

ਇਹੋ ਜਿਹੀਆਂ ਪ੍ਰਸਥਿਤੀਆਂ ਵਿਚ ਗੁਜ਼ਰਦਿਆਂ ਅੱਜ ਤੋਂ ਪੰਜ ਵਰ੍ਹੇ ਪਹਿਲਾਂ ਇਕ ਗੁਲਾਬੀ ਅਤੇ ਸੰਗਤਰੀ ਸਵੇਰ ਨੂੰ ਸ਼ੇਰੀ ਸੈਂਡਰਾਂ ਨਾਲ ਮੁਲਾਕਾਤ ਗ੍ਰਹਿ ਸਮਾਰੋ ਤੇ ਹੀ ਹੋਈ ਸੀ। ਮੈਂ ਅਤਿਅੰਤ ਜ਼ਖ਼ਮੀ ਹਾਲਤ ਵਿਚ ਸਾਂ। ਮੇਰੇ ਤੇ ਖਤਰਨਾਕ ਕਾਸਮਿਕ ਕਿਰਣਾਂ ਦਾ ਪ੍ਰਭਾਵ ਸੀ। ਉਦੋਂ ਸੈਂਡਰਾਂ ਨੇ ਹੀ ਮੇਰਾ ਇਲਾਜ ਕੀਤਾ ਸੀ।

ਸੈਂਡਰਾਂ ਗ੍ਰਹਿ ਸਮਾਰੋ ਤੋਂ ਪੰਜ ਮਿਲੀਅਨ ਪ੍ਰਕਾਸ਼ ਵਰ੍ਹੇ ਦੂਰ ਗ੍ਰਹਿ ਬਰਿਹੋਜ ਦੀ ਰਹਿਣ ਵਾਲੀ ਸੀ। ਦਰਅਸਲ ਕੁਝ ਸਾਲ ਹੋਏ ਐਂਡਰੋਮੈਡਾ ਗਲੈਕਸੀ ਵਿਚ ਸਥਿਤ ਤਿੰਨ ਗ੍ਰਹਿਆਂ ਬਰਿਹੋਜ, ਵਿਵਾਂਸ ਅਤੇ ਗੌਂਟਰੇ ਦੇ ਪ੍ਰਤੀਨਿਧੀਆਂ ਨੇ ਆਪਣੇ ਸੌਰ ਮੰਡਲ ਵਿਚ ਸਥਿਤ ਗ੍ਰਹਿ ਸਮਾਰੋ ਤੇ ਜੀਵਨ ਦੀ ਚਿਣਗ ਵਸਾਉਣ ਦੀ ਸਮੂਹਿਕ ਕੋਸ਼ਿਸ਼ ਅਰੰਭੀ ਸੀ। ਇਸ ਸਿਲਸਿਲੇ ਵਿਚ ਇਹਨਾਂ ਤਿੰਨਾਂ ਗ੍ਰਹਿਆਂ ਤੋਂ ਉੱਚ ਕੋਟੀ ਦੇ ਵਿਗਿਆਨਕਾਂ ਦੀ ਇਕ ਟੀਮ ਗ੍ਰਹਿ ਸਮਾਰੋ ਤੇ ਭੇਜੀ ਗਈ ਸੀ। ਸੈਂਡਰਾ ਉਸ ਟੀਮ ਦੀ ਪ੍ਰਮੁੱਖ ਸੀ।

## ਛੇ ਮਹੀਨਿਆਂ ਬਾਅਦ

ਅੱਜ ਮੇਰਾ ਮਨ ਬਹੁਤ ਉਦਾਸ ਹੈ। ਸੈਂਡਰਾ ਦੀ ਯਾਦ ਰਹਿ ਰਹਿ ਕੇ ਆ ਰਹੀ ਹੈ। ਮੈਂ ਕੀ ਕਰਾਂ ਤੇ ਕੀ ਨਾ ਕਰਾਂ ? ਮਨ ਪਾਗਲ ਕੁਝ ਵੀ ਸਮਝ ਨਹੀਂ ਸੀ ਰਿਹਾ।

ਪਿਛਲੇ ਛੇ ਮਹੀਨੇ ਮੈਂ ਕਿੰਝ ਬਿਤਾਏ ਹਨ। ਇਹ ਸਿਰਫ਼ ਮੈਂ ਹੀ ਜਾਣਦਾ ਹਾਂ। ਇਹਨਾਂ ਛੇ ਮਹੀਨਿਆਂ ਵਿਚ ਮੈਂ ਐਨੀ ਪੀੜ ਹੰਢਾਈ ਜਿੰਨੀ ਮੈਨੂੰ ਹੁਣ ਤੱਕ ਲੱਗੇ ਸਰੀਰਕ ਜ਼ਖ਼ਮਾਂ ਤੋਂ ਵੀ ਕਦੇ ਨਹੀਂ ਮਹਿਸੂਸ ਹੋਈ। ਹਰ ਵੇਲੇ ਮੇਰੇ ਦਿਲੋ ਦਿਮਾਗ਼ ਤੇ ਸੈਂਡਰਾ ਦਾ ਹੁਸੀਨ ਮੁਖੜਾ ਹੀ ਛਾਇਆ ਰਹਿੰਦਾ ਸੀ। ਮੈਂ ਉਸ ਦੀ ਯਾਦ ਨਾ ਭੁਲਾ ਸਕਿਆ, ਭਾਵੇਂ ਮੈਂ ਬ੍ਰਹਿਮੰਡ ਵਿਚ ਭਿੰਨ-ਭਿੰਨ ਮਾਮਲਿਆਂ 'ਚ ਸਰਗਰਮ ਰਿਹਾ ਸੀ।

ਪਰ ਅੱਜ ਦਾ ਦਿਨ ਬਹੁਤ ਔਖਾ ਹੈ। ਹੁਣ ਮੈਂ ਨਿਸ਼ਚਾ ਕਰ ਲਿਆ ਹੈ ਕਿ ਮੈਂ ਸਮਾਰੋ ਗ੍ਰਹਿ ਤੇ ਸੈਂਡਰਾ ਕੋਲ ਜਾਵਾਂਗਾ। ਮੈਂ ਉਸ ਨੂੰ ਆਪਣਾ ਬਣਾਉਣ ਦਾ ਫ਼ੈਸਲਾ ਕਰ ਲਿਆ ਹੈ।

1000 ਘੰਟੇ ਬਾਅਦ—ਮੈਂ ਸਮਾਰੋ ਗ੍ਰਹਿ ਪੁੱਜ ਚੁੱਕਾ ਹਾਂ। ਗ੍ਰਹਿ ਸਮਾਰੋ ਦਾ ਹੁਣ ਕਾਫ਼ੀ ਵਿਕਾਸ ਹੋ ਚੁੱਕਾ ਹੈ। ਉਥੇ ਕੁਝ ਕੁ ਇਸਪਾਤ ਦੀਆਂ ਇਮਾਰਤਾਂ ਉਸਰ ਚੁੱਕੀਆਂ ਹਨ ਅਤੇ ਰਹਿ ਰਹੇ ਪਰਿਵਾਰਾਂ ਦੀ ਗਿਣਤੀ ਵੀ ਪਹਿਲਾਂ ਨਾਲੋਂ ਜ਼ਿਆਦਾ ਹੋ ਗਈ ਹੈ। ਉਥੋਂ ਦੇ ਵਾਤਾਵਰਣ ਵਿਚ ਵਹਿ ਰਹੀ ਹਵਾ ਵਿਚ ਜੀਵਨ ਦੇਣ ਵਾਲੀ ਆਕਸੀਜਨ ਦੀ ਪ੍ਰਤੀਸ਼ਤ ਮਾਤਰਾ ਵੀ ਵਧ ਗਈ ਹੈ। ਪਰ ਪਤਾ ਨਹੀਂ ਕਿਉਂ ਮੈਨੂੰ ਇਹ ਹਵਾ ਪਰਾਈ ਲੱਗ ਰਹੀ ਹੈ ?

ਐਸ ਵੇਲੇ ਮੈਂ ਸੰਸਾਰ ਭਰ ਦੀ ਵਿਰਾਨਗੀ ਅਤੇ ਉਦਾਸੀ ਵਿਚ ਡੁਬਿਆ ਸੈਂਡਰਾ ਦੀ ਕਬਰ ਕੋਲ ਖੜਾ ਹਾਂ। ਲਾਗੇ ਹੀ ਸੈਂਡਰਾ ਦਾ ਮੋਮ ਦਾ ਬੁੱਤ ਲੱਗਾ ਹੋਇਆ ਹੈ। ਪਰ ਉਹ ਮੇਰੀ ਸੈਂਡਰਾ ਨਹੀਂ। ਮੇਰੀ ਸੈਂਡਰਾ ਤਾਂ ਮੌਤ ਦੇ ਅਥਾਹ ਆਨੰਦ ਵਿਚ ਡੁੱਬ ਚੁੱਕੀ ਹੈ। ਸਮਾਰੋ ਗ੍ਰਹਿ ਦੇ ਪਰਬਤਾਂ ਦੇ ਆਂਚਲ ਵਿਚੋਂ ਨਿਕਲਣ ਵਾਲੀਆਂ ਰੇਡੀਓ ਐਕਟਿਵ ਤਰੰਗਾਂ ਨੇ ਉਸ ਦੇ ਜਿਸਮ ਤੇ ਵਿਨਾਸ਼ਕਾਰੀ ਪ੍ਰਭਾਵ ਨੂੰ ਨਾ ਝਲਦਿਆਂ ਹੋਇਆਂ, ਉਹ ਮੌਤ ਦੇ ਰਹੱਸਮਈ ਰਾਹਾਂ ਦੀ ਰਾਹੀ ਬਣ ਗਈ ਸੀ।

ਮੇਰੀਆਂ ਪਲਕਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਡਿੱਗ ਰਹੇ ਹਨ। ਮੇਰੀਆਂ ਅੱਖਾਂ ਮੂਹਰਿਓਂ ਸੈਂਡਰਾ ਦਾ ਹੁਸੀਨ ਮੁਖੜਾ ਨਹੀਂ ਹਟ ਰਿਹਾ। ਸੈਂਡਰਾ ਦਾ ਉਹ ਹੁਸੀਨ ਮੁਖੜਾ ਮੇਰੇ ਜਿਸਮ ਦੇ ਰੋਮ-ਰੋਮ ਵਿਚ ਘਰ ਕਰ ਜਾਂਦਾ ਹੈ।

ਮੈਂ ਫੇਰ ਉਥੇ ਇਕ ਪਲ ਵੀ ਨਹੀਂ ਰੁਕਦਾ ਹਾਂ। ਮੈਂ ਆਪਣੇ ਸਪੇਸਸ਼ਿੱਪ ਨੂੰ ਛਿਣਾਂ ਵਿਚ ਹੀ ਸਮਾਰੋ ਗ੍ਰਹਿ ਤੋਂ ਦੂਰ ਲੈ ਆਉਂਦਾ ਹਾਂ ਅਤੇ ਫੇਰ ਮੇਰਾ ਸਫ਼ਰ ਇਕ ਅਣਦੇਖੀ ਮੰਜ਼ਿਲ ਵੱਲ ਨੂੰ ਸ਼ੁਰੂ ਹੋ ਜਾਂਦਾ ਹੈ। ਸ਼ਾਇਦ...ਮੌਤ ਵੱਲ ਨੂੰ !